
www.sikhbookclub.com



# ਗੁਰਮੁਖਿ ਖੋਜਤ ਭਏ ਉਦਾਸੀ

## (ਸਿੱਧ ਗੋਸ਼ਟਿ)

ਡਾ. ਅਜੀਤ ਸਿੰਘ

www.sikhbookclub.com

# ਗੁਰਮੁਖਿ ਖੋਜਤ ਭਏ ਉਦਾਸੀ

## ਸਿੱਧ ਗੋਸ਼ਟਿ

www.sikhbookclub.com

**ਇਸੇ ਕਲਮ ਤੋਂ**

1. ਪੰਛੀ ਝਾਤ (ਲੇਖ ਸੰਗ੍ਰਹਿ )
2. Begumpura City (A City Without Pains)
3. ਗੁਰੂ ਨਾਨਕ ਸਾਹਿਬ, ਜੀਵਨ ਕਾਲ ਤੇ ਫਿਲਾਸਫੀ (ਸ਼ਾਹ ਮੁਖੀ)
4. ਸਮੇਂ ਦੀ ਮਲ੍ਹਮ (ਕਹਾਣੀ ਸੰਗ੍ਰਹਿ)
5. ਕੰਡਿਆਲੀ ਤਾਰ (ਕਹਾਣੀ ਸੰਗ੍ਰਹਿ) (ਸ਼ਾਹਮੁਖੀ)

www.sikhbookclub.com

# ਗੁਰਮੁਖਿ ਖੋਜਤ ਭਏ ਉਦਾਸੀ

## ਸਿੱਧ ਗੋਸ਼ਟਿ

ਡਾਕਟਰ ਅਜੀਤ ਸਿੰਘ

ਆਜ਼ਾਦ ਬੁੱਕ ਡੀਪੂ

ਅੰਮ੍ਰਿਤਸਰ

www.sikhbookclub.com

# GURMUKH KHOJAT BHAE UDASI

## (SIDH GOSHT)

by

Dr. Ajit Singh
Street Number 4 (Left), Hira Singh Nagar ,
Kot Kapura (Faridkot)-- 151204
Presently living at
38 Mc Coord Woods Drive
Rochester NY 14450 USA
Phone 001 585 305 0443
Email dr.singhajit@gmail.com

**© Dr. Ajit Singh**

All rights reserved.

No part of this publication may be reproduced or transmitted in any form or by any means, electronic or mechanical, including photocopying, recording or any information storage and retrieval system, without permission in writing from the owner and the publishers.

ISBN : 978-93-95476-80-5

**Edition : 2024**

**Rs. 250**

**Rs.** - $ 10

***Published by :***

**Azad Book Depot**

**Building No. 100, Hall Bazar, Amritsar.**

**0183-2292513, 94631-70369, 93562-92513**

**E-mail : KD_Singh180@hotmail.com**

**Printed in India by : Azad Printers**

www.sikhbookclub.com

## ਸਮਰਪਣ

ਸ੍ਰੀ ਗੁਰੂ ਨਾਨਕ ਦੇਵ ਜੀ
ਦੇ ਸ਼ਰਧਾਲੂਆਂ
ਨੂੰ

www.sikhbookclub.com

# ਤਤਕਰਾ


1. ਦੋ ਸ਼ਬਦ 7
2. ਪ੍ਰਸਤਾਵਨਾ 9
3. ਗੁਰਬਾਣੀ ਇਸੁ ਜਗ ਮਹਿ ਚਾਨਣੁ 15
   (ਗੁਰੂ ਗ੍ਰੰਥ ਸਾਹਿਬ ਇਕ ਅਨਮੋਲ ਗ੍ਰੰਥ)
4. ਨਾਮਿ ਰਤੇ ਸਿਧ ਗੋਸਟਿ ਹੋਇ
   (ਜੋਗ ਮੱਤ) 26
5. ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ਰਚਨਾ ਸਥਾਨ 40
   (ਰਚਨਾ ਸਥਾਨ)
6. ਜੈਸੇ ਜਲ ਮਹਿ ਕਮਲੁ ਨਿਰਾਲਮੁ 50
   (ਕਾਵਿਕ ਕਲਾ)
7. ਭਵਜਲੁ ਸਬਦਿ ਲੰਘਾਵਣਹਾਰੁ 70
   (ਮੂਲ ਪਾਠ)
8. ਸਹਾਇਕ ਪੁਸਤਕਾਂ ਦੀ ਸੂਚੀ 116

www.sikhbookclub.com

# ਦੋ ਸ਼ਬਦ

ਡਾ. ਅਜੀਤ ਸਿੰਘ ਇੱਕ ਜਾਣਿਆ ਪਛਾਣਿਆ ਨਾਂ ਹੈ। ਇਹ ਉਨ੍ਹਾਂ ਦੀ ਛੇਵੀਂ ਪੁਸਤਕ ਹੈ। ਉਹ ਪੰਜਾਬੀ ਸਾਹਿਤ ਦੀ ਝੋਲੀ ਵਿੱਚ ਦੋ ਕਹਾਣੀ ਸੰਗ੍ਰਹਿ, ਇਕ ਗੁਰਮੁਖੀ ਵਿਚ ਤੇ ਇਕ ਸ਼ਾਹਮੁਖੀ ਵਿਚ, ਇੱਕ ਲੇਖ ਸੰਗ੍ਰਹਿ ਤੇ ਇੱਕ ਜੀਵਨੀ ਸਾਹਿਤ ਸ਼ਾਹਮੁਖੀ ਵਿੱਚ ਤੇ ਇੱਕ ਜੀਵਨੀ ਭਗਤ ਰਵਿਦਾਸ ਜੀ ਦੀ ਅੰਗਰੇਜ਼ੀ ਵਿੱਚ ਪਾ ਚੁੱਕੇ ਹਨ।

ਹੱਥਲੀ ਪੁਸਤਕ ਵਿੱਚ ਪ੍ਰਸਤਾਵਨਾ ਤੋਂ ਇਲਾਵਾ 5 ਹੋਰ ਅਧਿਆਇ ਹਨ। ਪਹਿਲਾ ਅਧਿਆਇ 'ਗੁਰਬਾਣੀ ਇਸ ਜਗ ਮਹਿ ਚਾਨਣ, ਗੁਰੂ ਗ੍ਰੰਥ ਸਾਹਿਬ ਇੱਕ ਅਨਮੋਲ ਗ੍ਰੰਥ' ਵਿੱਚ ਲੇਖਕ ਨੇ ਗੁਰੂ ਗ੍ਰੰਥ ਸਾਹਿਬ ਬਾਰੇ ਵੱਡਮੁੱਲੀ ਜਾਣਕਾਰੀ ਦਿੱਤੀ ਹੈ। ਇਸ ਵਿੱਚ ਸ਼ਾਮਿਲ 31 ਰਾਗਾਂ ਦੇ ਨਾਂ ਦਿੱਤੇ ਗਏ ਹਨ। ਵੱਖ-ਵੱਖ ਸ਼ਬਦਾਂ ਦੇ ਕੀਰਤਨ ਕਰਨ ਦਾ ਸਮਾਂ ਵੀ ਦੱਸਿਆ ਗਿਆ ਹੈ। ਬਾਣੀਕਾਰਾਂ ਬਾਰੇ ਬੜੇ ਸੰਖੇਪ ਵਿੱਚ ਜਾਣਕਾਰੀ ਦਿੱਤੀ ਗਈ ਹੈ।

ਦੂਜਾ ਅਧਿਆਇ 'ਨਾਮ ਰਤੇ ਸਿਧ ਗੋਸਟਿ ਹੋਇ; ਜੋਗ ਮੱਤ' ਵਿੱਚ ਜੋਗ ਮੱਤ ਵਿੱਚ ਉਸ ਸਮੇਂ ਪ੍ਰਚਲਿਤ ਮਤਾਂ-ਮਤਾਂਤਰ ਜਿਵੇਂ ਸ਼ੈਵ ਮੱਤ, ਵੈਸ਼ਨਵ ਮੱਤ, ਤਾਂਤਰਿਕ ਮੱਤ, ਵਾਮ ਮੱਤ, ਵਾਮ ਮਾਰਗ ਅਤੇ ਸ਼ਾਕਤ ਮੱਤ, ਉਦਾਸੀ ਮੱਤ, ਵੈਰਾਗੀ ਮੱਤ, ਭਗਵਤੀ ਮੱਤ, ਤਪੱਸਵੀ ਅਤੇ ਸੰਨਿਆਸੀ, ਜੋਗਮੱਤ ਬਾਰੇ ਵੱਡਮੁੱਲੀ ਜਾਣਕਾਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਵਾਲਿਆਂ ਨਾਲ ਦਿੱਤੀ ਗਈ ਹੈ। ਕਿਉਂਕਿ ਇਹ ਪੁਸਤਕ ਸ੍ਰੀ ਗੁਰੂ ਨਾਨਕ ਜੀ ਨਾਲ ਸਿੱਧਾਂ ਨਾਲ ਹੋਈ ਗੋਸ਼ਟਿ ਭਾਵ ਕਿ ਵਿਚਾਰ ਵਟਾਂਦਰਾ ਨਾਲ ਸੰਬੰਧਿਤ ਹੈ। ਇਸ ਵਿਚ ਲੇਖਕ ਨੇ ਜੋਗ ਸ਼ਬਦ ਦੀ ਉਤਪਤੀ ਬਾਰੇ ਜਾਣਕਾਰੀ ਦਿੱਤੀ ਤੇ ਬਾਅਦ ਵਿੱਚ ਜੋਗ ਮੱਤ ਤੇ ਯੋਗੀਆਂ ਦੀਆਂ ਸੰਪਰਦਾਵਾਂ ਬਾਰੇ ਲਿਖਿਆ ਗਿਆ ਹੈ।

ਤੀਜਾ ਅਧਿਆਇ 'ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ' ਵਿੱਚ ਰਚਨਾ ਸਥਾਨ ਦੀ ਚਰਚਾ ਕੀਤੀ ਗਈ ਹੈ। ਇਸ ਵਿੱਚ ਜਾਣਕਾਰੀ ਦਿੱਤੀ ਗਈ ਹੈ ਕਿ ਪੁਰਾਤਨ ਜਨਮ ਸਾਖੀ ਅਨੁਸਾਰ ਪਹਿਲੀ ਉਦਾਸੀ ਸਮੇਂ ਨਾਨਕ ਮਤੇ ਵਿਖੇ ਸਿਧਾਂ ਨਾਲ ਗੋਸ਼ਟਿ ਹੋਈ। ਸਿਧਾਂ ਨਾਲ ਅਗਲਾ ਮੇਲ ਬਟਾਲੇ ਕੋਲ ਅਚਲ ਵਿਖੇ ਹੋਇਆ, ਜੋ ਕਿ ਜੋਗੀਆਂ ਦਾ ਟਿਕਾਣਾ ਸੀ। ਲੇਖਕ ਨੇ ਪੰਜਵੀਂ ਉਦਾਸੀ ਬਾਰੇ ਵਾਦ ਵਿਵਾਦ ਦੀ ਚਰਚਾ ਵੀ

www.sikhbookclub.com

ਕੀਤੀ ਹੈ। ਪੰਜਵੀਂ ਉਦਾਸੀ ਜਨਮ ਸਾਖੀ ਵਾਲਾ ਗੁਰੂ ਜੀ ਦਾ ਗੋਰਖ ਹਟੜੀ ਜਾਣਾ ਲਿਖਦਾ ਹੈ ਅਤੇ ਉੱਥੇ ਸਿਧਾਂ ਨਾਲ ਗੋਸ਼ਟਿ ਹੋਈ ਮੰਨਦਾ ਹੈ। ਭਾਈ ਵੀਰ ਸਿੰਘ ਜੀ ਅਨੁਸਾਰ ਇਹ ਲਿਖਾਰੀ ਦੀ ਭੁੱਲ ਹੈ। ਗੋਰਖ ਹਟੜੀ ਪਿਸ਼ੌਰ ਦੇ ਨੇੜੇ ਜੋਗੀਆਂ ਦਾ ਸਥਾਨ ਜ਼ਰੂਰ ਹੈ ਅਤੇ ਬਾਬਾ ਜੀ ਦੀ ਯਾਦਗਾਰ ਵੀ ਹੈ ਪਰ ਇਹ ਸਥਾਨ ਅਚਲ ਬਟਾਲਾ ਜਿੰਨਾ ਮਹੱਤਵਪੂਰਨ ਨਹੀਂ। ਲੇਖਕ ਨੇ ਭਾਈ ਮੇਹਰਬਾਨ ਵਾਲੀ ਜਨਮ ਸਾਖੀ ਵਿੱਚ ਇੱਕ ਸਾਖੀ ਗੋਰਖ ਹਟੜੀ ਬਾਰੇ, ਉਸ ਦੀ ਵੀ ਚਰਚਾ ਕੀਤੀ ਹੈ। ਅਖ਼ੀਰ ਵਿੱਚ ਲੇਖਕ ਨੇ ਭਾਈ ਮਨੀ ਸਿੰਘ ਵਾਲੀ ਜਨਮ ਸਾਖੀ ਦਾ ਹਵਾਲਾ ਦਿੱਤਾ ਹੈ, ਜਿਸ ਵਿੱਚ ਭਾਈ ਮਨੀ ਸਿੰਘ ਜੀ ਨੇ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਦੀ 39ਵੀਂ ਪੌੜੀ ਤੋਂ ਸਪੱਸ਼ਟ ਹੁੰਦਾ ਹੈ ਕਿ ਇਹ ਗੋਸ਼ਟਿ ਅਚਲ ਬਟਾਲਾ ਵਿਖੇ ਹੀ ਹੋਈ। ਲੇਖਕ ਨੇ ਇਤਿਹਾਸਕਾਰ ਸਰੂਪ ਦਾਸ ਭੱਲਾ ਰਚਿਤ ਮਹਿਮਾ ਪ੍ਰਕਾਸ਼, ਭਾਈ ਸੰਤੋਖ ਸਿੰਘ ਰਚਿਤ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਦੂਜੇ ਭਾਗ, ਸੁਖਬਾਸੀ ਰਾਏ ਕ੍ਰਿਤ ਗੁਰੂ ਨਾਨਕ ਬੰਸ ਪ੍ਰਕਾਸ਼ ਦੇ ਹਵਾਲੇ ਨਾਲ ਇਹੋ ਨਿਰਣਾ ਕੀਤਾ ਹੈ ਕਿ ਇਹ ਗੋਸ਼ਟਿ ਅਚਲ ਬਟਾਲੇ ਹੋਈ। ਇਸ ਅਧਿਆਇ ਵਿੱਚ ਬਟਾਲਾ ਬਾਰੇ ਜਾਣਕਾਰੀ ਦੇਣ ਤੋਂ ਇਲਾਵਾ ਸਿੱਧਾਂ ਨਾਲ ਹੋਈ ਗੋਸ਼ਟਿ ਬਾਰੇ ਦੱਸਿਆ ਗਿਆ ਹੈ।

ਚੌਥਾ ਅਧਿਆਇ 'ਜੈਸੇ ਜਲਿ ਮਹਿ ਕਮਲੁ ਨਿਰਾਲਮ' ਵਿੱਚ ਲੇਖਕ ਨੇ ਕਾਵਿਕ ਕਲਾ ਵਿੱਚ ਵਰਤੀ ਗਈ ਭਾਸ਼ਾ ਤੇ ਸ਼ੈਲੀ ਆਦਿ ਬਾਰੇ ਚਰਚਾ ਕੀਤੀ ਹੈ।

ਪੰਜਵੇਂ ਤੇ ਅੰਤਲੇ ਅਧਿਆਇ ਵਿੱਚ 'ਭਵਜਲੁ ਸ਼ਬਦ ਲੰਘਾਵਣਹਾਰੁ' ਵਿੱਚ ਮੂਲ ਪਾਠ ਦਿੱਤਾ ਗਿਆ ਹੈ, ਜਿਸ ਵਿੱਚ ਔਖੇ ਸ਼ਬਦਾਂ ਦੇ ਪਦ ਅਰਥ ਅਤੇ ਸ਼ਬਦਾਂ ਦੀ ਵਿਆਖਿਆ ਦਿਤੀ ਗਈ ਹੈ। ਅੰਤ ਵਿੱਚ ਪੁਸਤਕ ਸੂਚੀ ਦਿੱਤੀ ਗਈ ਹੈ।

13 ਫਰਵਰੀ 2024

**ਡਾ. ਚਰਨਜੀਤ ਸਿੰਘ ਗੁਮਟਾਲਾ**
253 ਅਜੀਤ ਨਗਰ,
ਅੰਮ੍ਰਿਤਸਰ-143006

www.sikhbookclub.com

# ਲੇਖਕ ਵਲੋਂ : ਪ੍ਰਸਤਾਵਨਾ

**ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ ॥**
**ਕੋਈ ਆਖੈ ਆਦਮੀ ਨਾਨਕੁ ਵੇਚਾਰਾ ॥੧॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 991)

ਗੁਰੂ ਨਾਨਕ ਦੇਵ ਜੀ ਆਪਣੇ ਆਪ ਨੂੰ ਦਰਵੇਸ਼, ਦੀਵਾਨਾ, ਤੇ ਸ਼ਾਇਰ ਆਖਦੇ ਹਨ ਅਤੇ ਦੇਸ਼ ਵਿਦੇਸ਼ ਦੇ ਵਿਦਵਾਨ ਉਨ੍ਹਾਂ ਲਈ ਮਹਾਂਪੁਰਖ, ਸੰਤ, ਪਰਮ ਪੁਰਖ ਤੇ ਗੁਰੂ ਦਾ ਖਿਤਾਬ ਵਰਤਦੇ ਹਨ। ਜਦੋਂ ਉਨ੍ਹਾਂ ਨੇ ਮਨੁੱਖੀ ਚੋਲਾ ਤਿਆਗਿਆ ਤਾਂ ਹਿੰਦੂ ਕਹਿਣ ਲੱਗੇ ਕਿ ਸਾਡੇ ਗੁਰੂ ਹਨ ਅਸੀਂ ਅੰਤਿਮ ਰਸਮਾਂ ਕਰਾਂਗੇ ਜਦੋਂ ਕਿ ਮੁਸਲਮਾਨਾਂ ਦਾ ਆਖਣਾ ਸੀ ਕਿ ਉਹ ਤਾਂ ਸਾਡੇ ਪੀਰ-ਦਸਤਗੀਰ ਹਨ, ਅਸੀਂ ਆਪਣੇ ਢੰਗ ਨਾਲ ਅੰਤਿਮ ਰਸਮਾਂ ਨਿਭਾਵਾਂਗੇ। ਇਹ ਹਵਾਲੇ ਸਪੱਸ਼ਟ ਕਰਦੇ ਹਨ ਕਿ ਉਨ੍ਹਾਂ ਦੀ ਬਾਣੀ ਸਾਰੇ ਵਰਗਾਂ ਲਈ ਸ਼ੁੱਧ ਅਤੇ ਪ੍ਰਵਾਨਿਤ ਮੰਨੀ ਜਾਂਦੀ ਸੀ। ਉਨ੍ਹਾਂ ਦੀ ਬਾਣੀ ਪੜ੍ਹਿਆਂ ਤੇ ਵਿਚਾਰਿਆਂ ਇਸ ਗੱਲ ਦਾ ਗਿਆਨ ਹੁੰਦਾ ਹੈ ਕਿ ਉਨ੍ਹਾਂ ਨੇ ਮਨੁੱਖੀ ਜੀਵਨ ਨੂੰ ਆਦਰਸ਼ਕ ਬਣਾਉਣ ਲਈ ਇਸ ਦੀ ਹਰ ਪੱਖ ਤੋਂ ਅਗਵਾਈ ਕੀਤੀ। ਆਪ ਜੀ ਵਲੋਂ ਦਿੱਤੀ ਗਈ ਵਿਚਾਰਧਾਰਾ ਸੰਸਾਰਿਕ ਜੀਵਨ ਦੇ ਨਾਲੋਂ ਨਾਲ ਹੋ ਕੇ ਚਲਦੀ ਹੈ। ਨਾ ਕੇਵਲ ਸਿੱਧ ਗੋਸ਼ਟਿ ਦਾ ਬਲਕਿ ਸਾਰੀ ਗੁਰਬਾਣੀ ਦਾ ਸੰਦੇਸ਼, ਅੱਜ ਦੇ ਸੰਘਰਸ਼-ਪੂਰਣ ਸਮੇਂ ਵਿਚ ਇੱਕ ਮੁਕੰਮਲ ਸੁਸੰਗਤ ਅਤੇ ਪ੍ਰਭਾਵਕਾਰੀ ਸੰਦੇਸ਼ ਹੈ। ਸੰਗੀਤ ਅਤੇ ਕਾਵਿ ਇਸ ਸੰਦੇਸ਼ ਦੇ ਵਾਹਨ ਹਨ। ਗੁਰਬਾਣੀ ਇਹ ਦ੍ਰਿੜ ਵਿਸ਼ਵਾਸ ਕਰਵਾਉਂਦੀ ਹੈ ਕਿ ਈਸ਼ਵਰੀ ਗਿਆਨ ਕਿਤਨਾ ਹੀ ਸੂਖਮ, ਜਟਿਲ ਜਾਂ ਡੂੰਘਾ ਕਿਉਂ ਨਾ ਹੋਵੇ ਇਕਾਗ੍ਰ ਅਤੇ ਨਿਰਮਲ ਮਨ ਉਸ ਦੀ ਤਹਿ ਤਕ ਪਹੁੰਚਣ ਦੀ ਸਮਰਥਾ ਭਰਪੂਰ ਹੈ। ਜਿੱਥੇ ਜਿੱਥੇ ਵੀ ਬਾਬਾ ਨਾਨਕ ਜੀ ਨੇ ਮੁਬਾਰਕ ਕਦਮ ਰੱਖੇ ਉਥੋਂ ਉਥੋਂ ਦੇ ਲੋਕ ਭਾਵੇਂ ਉਹ ਕਿਸੇ ਧਰਮ ਨਾਲ ਸਬੰਧਿਤ ਸਨ, ਉਨ੍ਹਾਂ ਨੂੰ ਆਪਣਾ ਗੁਰੂ ਮੰਨਣ ਲਗ ਪਏ ਅਤੇ ਲੋਕਾਂ ਨੇ ਧਰਮਸ਼ਾਲਾਵਾਂ ਸਥਾਪਿਤ ਕਰ ਉਸ ਅਕਾਲ ਪੁਰਖ ਦਾ ਜੱਸ ਗਾਉਣਾ ਸ਼ੁਰੂ ਕਰ ਦਿੱਤਾ।

ਜਗਤ ਦਾ ਉਧਾਰ ਕਰਨ ਹਿੱਤ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਮਾਤ ਲੋਕ ਵਿਚ ਹੋਇਆ ਸੀ। ਇਥੇ ਆ ਕੇ ਗੁਰੂ ਸਾਹਿਬਾਂ ਨੇ ਫਿਰ ਘਾਲਣਾ ਘਾਲੀ ਜਿਸ ਬਾਰੇ

www.sikhbookclub.com

ਭਾਈ ਗੁਰਦਾਸ ਜੀ ਲਿਖਦੇ ਹਨ ਕਿ -

**ਪਹਿਲਾ ਬਾਬੇ ਪਾਯਾ ਬਖਸੁ ਦਰਿ, ਪਿਛੋਂ ਦੇ ਫਿਰਿ ਘਾਲਿ ਕਮਾਈ।**
**ਰੇਤੁ ਅਕੁ ਆਹਾਰੁ ਕਰਿ, ਰੋੜਾ ਕੀ ਗੁਰ ਕਰੀ ਵਿਛਾਈ ।**
**ਭਾਰੀ ਕਰੀ ਤਪਸਿਆ, ਵਡੇ ਭਾਗੁ ਹਰਿ ਸਿਉ ਬਣਿ ਆਈ ।**
**ਬਾਬਾ ਪੈਧਾ ਸਚਖੰਡਿ, ਨਉ ਨਿਧਿ ਨਾਮੁ ਗਰੀਬੀ ਪਾਈ ।**
**ਬਾਬਾ ਦੇਖੈ ਧਿਆਨ ਧਰਿ, ਜਲਤੀ ਸਭਿ ਪ੍ਰਿਥਵੀ ਦਿਸਿ ਆਈ ।**
**ਬਾਝਹੁ ਗੁਰੂ ਗੁਬਾਰ ਹੈ, ਹੈ ਹੈ ਕਰਦੀ ਸੁਣੀ ਲੁਕਾਈ ।**
**ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ ।**
**ਚੜ੍ਹਿਆ ਸੋਧਣਿ ਧਰਤਿ ਲੁਕਾਈ ॥੨੪॥**

ਵੇਈਂ ਵਿਚ ਟੁੱਬੀ ਲਾਉਣ ਉਪਰੰਤ 'ਮੇਰ ਤੇਰ' ਦਾ ਫ਼ਰਕ ਖ਼ਤਮ ਹੋਇਆ ਤਾਂ ਬਾਬਾ ਘਰ ਬਾਰ ਛੱਡ ਕੇ ਲੋਕਾਈ ਨੂੰ ਤਾਰਨ ਲਈ ਅਣਗਾਹੇ ਰਾਹਾਂ ਨੂੰ ਗਾਹੁਣ ਲਈ ਲੰਮੇ ਰਾਹਾਂ ਉਪਰ ਚਲ ਪਏ। ਗੁਰੂ ਜੀ ਨੇ ਚਾਰ ਵੱਡੀਆਂ ਉਦਾਸੀਆਂ ਕੀਤੀਆਂ। ਇਹਨਾਂ ਦਾ ਸਮਾਂ 1499 ਈਸਵੀ ਤੋਂ 1521 ਈਸਵੀ ਤੱਕ ਹੈ। ਪਹਿਲੀ ਉਦਾਸੀ 1499 ਈਸਵੀ ਤੋਂ 1509 ਈਸਵੀ, ਦੂਸਰੀ ਉਦਾਸੀ 1510 ਈਸਵੀ ਤੋਂ 1515 ਈਸਵੀ, ਤੀਸਰੀ ਉਦਾਸੀ 1515 ਈਸਵੀ ਤੋਂ 1517 ਈਸਵੀ ਅਤੇ ਚੌਥੀ ਉਦਾਸੀ 1517 ਈਸਵੀ ਤੋਂ 1521 ਈਸਵੀ ਤੱਕ ਸੀ। ਜਿਸ ਦਾ ਵਰਨਣ ਉਪਰੋਕਤ (1/24 ) ਭਾਈ ਗੁਰਦਾਸ ਜੀ ਦੀ ਵਾਰ ਵਿਚ ਆ ਚੁਕਾ ਹੈ। ਭਾਈ ਗੁਰਦਾਸ ਜੀ ਨੇ ਲਿਖਿਆ ਹੈ ਕਿ -

**ਫਿਰਿ ਬਾਬਾ ਆਇਆ ਕਰਤਾਰਪੁਰਿ**
**ਭੇਖੁ ਉਦਾਸੀ ਸਗਲ ਉਤਾਰਾ। (ਭਾਈ ਗੁਰਦਾਸ ਵਾਰ 1/38)**

ਉਦਾਸੀਆਂ ਵਿਚ ਅਖੰਡ ਭਾਰਤ, ਪੱਛਮੀ ਦੇਸ਼ਾਂ ਤੇ ਮੱਧ ਏਸ਼ੀਆ ਦੀ ਯਾਤਰਾ ਕਰਦੇ ਹਨ। ਯਾਤਰਾਵਾਂ ਦਾ ਕਾਲ ਪੂਰਨ ਹੋਣ ਉਪਰੰਤ ਉਹਨਾਂ ਨੇ ਉਦਾਸੀ ਭੇਖ ਉਤਾਰ ਦਿੱਤਾ ਤੇ ਸੰਸਾਰੀ ਕਪੜੇ ਪਹਿਨ ਦਰਿਆ ਰਾਵੀ ਦੇ ਕੰਢੇ ਤੇ ਆਪਣੇ ਆਬਾਦ ਕੀਤੇ ਨਗਰ ਕਰਤਾਰਪੁਰ ਸ਼ਹਿਰ ਵਿਚ ਨਿਵਾਸ ਕਰ ਲਿਆ। ਕਰਤਾਰਪੁਰ ਸ਼ਹਿਰ ਦੀ ਪ੍ਰਸੰਸਾ ਕਰਦੇ ਹੋਏ ਸ਼ਿਵ ਕੁਮਾਰ ਬਟਾਲਵੀ ਨੇ ਲਿਖਿਆ ਹੈ ਕਿ -

**ਘੁੰਮ ਚਾਰੇ ਚੱਕ ਜਹਾਨ ਦੇ ਜਦ ਘਰ ਆਇਆ ਕਰਤਾਰ,**
**ਕਰਤਾਰਪੁਰੇ ਦਾ ਨਗਰ ਜਿਦੇ ਗੱਲ ਰਾਵੀ ਦਾ ਹਾਰ।**

ਆਪਣੀ ਉਮਰ ਦੇ ਅਖੀਰਲੇ ਦਿਨਾਂ ਵਿਚ, 1538 ਈਸਵੀ ਵਿਚ ਕਰਤਾਰਪੁਰ ਸਾਹਿਬ ਤੋਂ ਅਚਲ ਵਟਾਲੇ ਤਕ ਜਾ ਕੇ ਸਿਧਾਂ ਨਾਲ ਗੋਸ਼ਟਿ ਕੀਤੀ ਅਤੇ ਜੋਗੀ ਨੂੰ ਗੁਰਮਤਿ ਸਿਧਾਂਤ ਵਲ ਪ੍ਰੇਰਿਤ ਕਰਨ ਦੇ ਚਮਤਕਾਰੀ ਮਿਸ਼ਨ ਕੇਵਲ ਰਹੱਸਵਾਦ ਦੁਆਰਾ

www.sikhbookclub.com

ਹੀ ਨਹੀਂ ਸਗੋਂ ਗਿਆਨ ਜਾਂ ਵਿਵੇਕ ਦੁਆਰਾ ਸੰਭਵ ਕੀਤਾ ਸੀ। ਜੋਗ ਦੇ ਅਕਾਰਗਤ ਚਿਨ੍ਹ ਤੇ ਪ੍ਰਤੀਕ ਜਿਵੇਂ ਮੁੰਦ੍ਰਾਂ, ਝੋਲੀ, ਡੰਡਾ, ਖਿੰਥਾ, ਬਿਭੂਤ ਆਦਿ ਨੂੰ ਸੰਸਾਰ ਦੀ ਅਸਲੀਅਤ ਤੋਂ ਬਚਣ ਤੇ ਬੇਮੁਖ ਹੋਣ ਦੇ ਸਾਧਨ ਦੱਸਿਆ। ਗੁਰੂ ਸਾਹਿਬ ਨੇ ਸੇਵਾ ਅਤੇ ਸੰਤੋਖ ਨੂੰ ਸਿਧਾਂਤਕ ਤੌਰ ਤੇ ਸਿੱਖ ਧਰਮ ਦਾ ਅਨਿੱਖੜਵਾਂ ਅੰਗ ਬਣਾਇਆ। ਜੋਗੀਆਂ ਨੂੰ ਉਸ ਦੇ ਧਾਰਮਿਕ ਚਿਨ੍ਹਾਂ ਦੇ ਹਵਾਲੇ ਨਾਲ-ਨਾਲ ਦੱਸਿਆ ਕਿ ਗੁਰੂ ਦੀ ਦੱਸੀ ਹੋਈ ਸੇਵਾ ਵਿਚ ਆਪਣੀ ਸੁਰਤਿ ਨੂੰ ਜੋੜ ਕੇ ਰੱਖਣਾ ਹੀ ਪਿੰਡ ਉਪਰ ਬਿਭੂਤ ਮੱਲਣਾ ਹੈ ਅਤੇ ਜਿਹੜਾ ਗੁਰੂ ਦੀ ਬਾਣੀ ਦਾ ਜੱਸ ਗਾਉਂਦਾ ਹੈ ਇਹ ਸਮਝੋ ਕਿ ਉਹ ਸਿੰਙੀ ਵਜਾ ਰਿਹਾ ਹੈ ਉਨ੍ਹਾਂ ਨੇ ਲਿਖਿਆ ਹੈ ਕਿ -

**ਗੁਰ ਹਿਵ ਸੀਤਲੁ ਅਗਨਿ ਬੁਝਾਵੈ ॥**
**ਸੇਵਾ ਸੁਰਤਿ ਬਿਭੂਤ ਚੜਾਵੈ ॥**
**ਦਰਸਨੁ ਆਪਿ ਸਹਜ ਘਰਿ ਆਵੈ ॥**
**ਨਿਰਮਲ ਬਾਣੀ ਨਾਦੁ ਵਜਾਵੈ ॥੪॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ411)

ਸਿਧਾਂ ਨੂੰ ਹੱਠ ਯੋਗ ਤੋਂ ਵਰਜਦੇ ਹੋਏ ਜੀਵਨ ਸੰਘਰਸ਼ ਵਿਚ ਧਾਰਮਿਕ ਅਤੇ ਨੈਤਿਕ ਗੁਣਾਂ ਨੂੰ ਸਹਾਈ ਆਖਿਆ। ਹੱਠ ਯੋਗ ,ਕਰਮ ਕਾਂਡ ਅਤੇ ਤੰਤਰ-ਯੰਤਰ ਦੀ ਪ੍ਰਾਪਤੀ ਨੂੰ ਅਰਥਹੀਣ ਪਖੰਡ ਦੱਸਦੇ ਹੋਏ ਸਭਨਾ ਦੀ ਸੇਵਾ ਅਤੇ ਸਰਬੱਤ ਦਾ ਭਲ਼ਾ ਕਰਨ ਲਈ ਉਤਸ਼ਾਹਿਤ ਕੀਤਾ। ਵੈਸ਼ਨਵ ਮਤ, ਸ਼ੈਵ ਮਤ ਦੇ ਜੋਗੀਆਂ ਵਿਚ ਇਸਤ੍ਰੀ ਨੂੰ ਅਧਿਆਤਮਕ ਪ੍ਰਾਪਤੀਆਂ ਦੇ ਰਾਹ ਦਾ ਰੋੜਾ ਸਮਝਦੇ ਹੋਏ ਬਾਘਣੀ ਤਕ ਆਖਿਆ ਗਿਆ ਹੈ। ਮਨੂੰ ਸਿਮ੍ਰਿਤਿ ਵਿਚ ਇਸਤ੍ਰੀ ਤੇ ਬੰਦਸ਼ਾਂ ਲਾਉਣ ਲਈ ਬਹੁਤ ਸਾਰੇ ਨਿਯਮ ਬਣਾਏ ਗਏ। ਇਥੋਂ ਤਕ ਕਿਹਾ ਗਿਆ ਕਿ ਪਸ਼ੂ, ਸ਼ੂਦਰ ਅਤੇ ਇਸਤ੍ਰੀ ਤਿੰਨੇ ਹੀ ਤਾੜਨ ਦੇ ਅਧਿਕਾਰੀ ਹਨ। ਪਰੰਤੂ ਗੁਰੂ ਨਾਨਕ ਬਾਣੀ ਦੇ ਅਨੁਸਾਰ ਸਾਰੇ ਜੀਵਾਂ ਦਾ ਮੁਢਲਾ ਸਰੋਤ ਇੱਕੋ ਪਰਮ ਸਤਿ ਹੋਣ ਦੇ ਕਾਰਨ ਇਸਤ੍ਰੀ ਦੇ ਸਾਰੇ ਸਮਾਜਿਕ,ਧਾਰਮਿਕ ਅਤੇ ਅਧਿਆਤਮਕ ਹੱਕ ਪੁਰਸ਼ਾਂ ਦੇ ਬਰਾਬਰ ਹਨ। ਜੋਗੀਆਂ ਨੂੰ ਸਮਝਾਇਆ ਕਿ ਸੰਸਾਰ ਦੇ ਵਿਸ਼ੇ ਵਿਕਾਰਾਂ ਤੋਂ ਨਿਰਲੇਪ ਰਹਿ ਕੇ ਹੀ ਪਰਮਾਤਮਾ ਨਾਲ ਮੇਲ ਸੰਭਵ ਹੋ ਸਕਦਾ ਹੈ। ਉਨ੍ਹਾਂ ਦੇ ਸ਼ਬਦਾਂ ਵਿਚ -

**ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥੧॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 730)

ਉਨ੍ਹਾਂ ਨੇ ਇਹ ਸਪੱਸ਼ਟ ਕੀਤਾ ਕਿ ਆਪਣੇ ਮਨ ਦੇ ਪਿੱਛੇ ਲੱਗ ਕੇ ਪਹਿਲਾਂ ਘਰ ਦਾ ਤਿਆਗ ਕਰ ਦੇਣਾ ਅਤੇ ਫਿਰ ਰੋਟੀ ਲਈ ਦੂਜਿਆਂ ਦੇ ਘਰ ਵਲ ਤੱਕਣਾ, ਗ੍ਰਿਹਸਤ

www.sikhbookclub.com

ਨਿਭਾਉਣ ਦਾ ਫ਼ਰਜ਼ ਛੱਡ ਦੇਣ ਨਾਲ ਨਾਂ ਹੀ ਰੱਬ ਮਿਲਦਾ ਹੈ ਅਤੇ ਨਾ ਹੀ ਤ੍ਰਿਸ਼ਨਾ ਮੁਕਦੀ ਹੈ, ਮਨੁੱਖ ਤਾਂ ਘੁੰਮਣ ਘੇਰੀਆਂ ਵਿਚ ਫਸਿਆ ਰਹਿੰਦਾ ਹੈ ਅਤੇ ਸੰਸਾਰਿਕਤਾ ਤੇ ਅਧਿਆਤਮਕਤਾ ਦੋਵਾਂ ਤੋਂ ਹੀ ਵਾਂਝਾ ਰਹਿ ਜਾਂਦਾ ਹੈ। ਉਨ੍ਹਾਂ ਨੇ ਲਿਖਿਆ ਹੈ ਕਿ -

**ਮਨਮੁਖੁ ਲਹਰਿ ਘਰੁ ਤਜਿ ਵਿਗੂਚੈ ਅਵਰਾ ਕੇ ਘਰ ਹੇਰੈ ॥**
**ਗ੍ਰਿਹ ਧਰਮੁ ਗਵਾਏ ਸਤਿਗੁਰੁ ਨ ਭੇਟੈ ਦੁਰਮਤਿ ਘੂਮਨ ਘੇਰੈ ॥**
**ਦਿਸੰਤਰੁ ਭਵੈ ਪਾਠ ਪੜਿ ਥਾਕਾ ਤ੍ਰਿਸਨਾ ਹੋਇ ਵਧੇਰੈ ॥**
**ਕਾਚੀ ਪਿੰਡੀ ਸਬਦੁ ਨ ਚੀਨੈ ਉਦਰੁ ਭਰੈ ਜੈਸੇ ਢੋਰੈ ॥੧॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 1012)

ਅਤੇ

**ਹਾਥ ਕਮੰਡਲੁ ਕਾਪੜੀਆ ਮਨਿ ਤ੍ਰਿਸਨਾ ਉਪਜੀ ਭਾਰੀ ॥**
**ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ ਚਿਤੁ ਲਾਇਆ ਪਰ ਨਾਰੀ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 1013)

ਇਸ ਤਰ੍ਹਾਂ ਗ੍ਰਿਹਸਤ ਦਾ ਤਿਆਗ ਕਰਨ ਵਾਲੇ ਜੋਗੀ ਛੇ ਭੇਖਾਂ ਵਿਚ ਰੁਝੇ ਹੋਏ ਨਾ ਗ੍ਰਿਹਸਤੀ ਰਹਿੰਦੇ ਹਨ ਅਤੇ ਨਾ ਵਿਰਕਤ। ਨਿਰੰਕਾਰ ਵਿਚ ਜੁੜਿਆ ਹੋਇਆ ਮਨੁੱਖ ਕਿਸੇ ਦੇ ਘਰ ਭੀਖ ਮੰਗਣ ਕਿਉਂ ਜਾਂਦਾ ਹੈ ਗੁਰੂ ਸਾਹਿਬ ਜੀ ਦੇ ਸ਼ਬਦਾਂ ਵਿਚ -

**ਛਿਅ ਵਰਤਾਰੇ ਵਰਤਹਿ ਪੂਤ ॥**
**ਨਾ ਸੰਸਾਰੀ ਨਾ ਅਉਧੂਤ ॥**
**ਨਿਰੰਕਾਰਿ ਜੋ ਰਹੈ ਸਮਾਇ ॥**
**ਕਾਹੇ ਭੀਖਿਆ ਮੰਗਣਿ ਜਾਇ ॥੮ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 953)

ਸਮਾਜ ਦਾ ਸੰਤੁਲਨ ਕਾਇਮ ਤਾਂ ਹੀ ਰਹਿ ਸਕਦਾ ਹੈ ਜੇਕਰ ਮਨੁੱਖ ਗ੍ਰਿਹਸਤ ਜੀਵਨ ਦੇ ਨਿਯਮਾਂ ਦਾ ਪਾਲਣ ਕਰੇ। ਗੁਰੂ ਨਾਨਕ ਸਾਹਿਬ ਜੀ ਨੇ ਹੱਥੀਂ ਕਿਰਤ ਕਰ ਕੇ, ਨਾਮ ਨੂੰ ਜਪ ਕੇ ਅਤੇ ਲੋੜਵੰਦਾਂ ਨਾਲ ਵੰਡ ਕੇ ਖਾਣ ਵਾਲਾ ਵਿਅਕਤੀ ਹੀ ਧਰਮ ਦੇ ਰਸਤੇ ਦੀ ਸਹੀ ਪਛਾਣ ਕਰ ਸਕਦਾ ਹੈ। ਉਨ੍ਹਾਂ ਨੇ ਆਪਣੇ ਵਿਚਾਰਾਂ ਰਾਹੀਂ ਇਕੋ ਇੱਕ ਸਰਗੁਣ ਅਤੇ ਨਿਰਗੁਣ ਬ੍ਰਹਮ ਦਾ ਸੰਕਲਪ ਪੇਸ਼ ਕੀਤਾ। ਗੁਰਮੁਖ ਅਤੇ ਮਨਮੁਖ ਦੇ ਵਿਚਾਰਾਂ ਨੂੰ ਸਪਸ਼ਟ ਕੀਤਾ। ਸਿੱਧ ਗੋਸ਼ਟਿ ਰਚਨਾ ਦੇ ਸ਼ੁਰੂ ਵਿਚ ਹੀ ਪ੍ਰਸ਼ਨੋਤਰੀ ਰਾਹੀਂ ਪ੍ਰਭੂ ਪ੍ਰਾਪਤੀ ਦੇ ਮਾਰਗੀ ਵਾਲੀ ਸਮਸਿਆ ਨੂੰ ਹੀ ਲਿਆ ਹੈ। ਗੁਰੂ ਜੀ ਆਖਦੇ ਹਨ ਕਿ ਆਪਾ ਪਛਾਣ ਹੀ ਪਰਮਾਤਮਾ ਦੀ ਪ੍ਰਾਪਤੀ ਹੈ ਜਿਸ ਲਈ ਗੁਰੂ ਅਤੇ ਸੰਗਤ ਦਾ ਆਸਰਾ ਅਤੇ ਉਸ ਅਕਾਲ ਪੁਰਖ ਦਾ ਸਿਮਰਨ ਕਰਨਾ ਚਾਹੀਦਾ ਹੈ। ਭਵਸਾਗਰ ਨੂੰ ਪਾਰ ਕਰਨ ਲਈ ਗੁਰੂ

www.sikhbookclub.com

ਰਾਹੀਂ ਸ਼ਬਦ ਸਾਧਨਾ ਤੇ ਪ੍ਰਭੂ ਨੂੰ ਮਨ ਵਿਚ ਵਸਾਉਣਾ ਅਤੇ ਨਿਰਲੇਪ ਹੋ ਕੇ ਸ੍ਰਿਸ਼ਟੀ ਵਿਚ ਵਿਚਰਨਾ ਹੈ। ਇਸ ਲਈ ਉਨ੍ਹਾਂ ਨੇ ਕੰਵਲ ਦੇ ਫੁੱਲ ਅਤੇ ਮੁਰਗਾਬੀ ਦੀ ਉਦਾਹਰਣ ਦੇ ਕੇ ਸਮਝਾਉਣ ਦਾ ਯਤਨ ਕੀਤਾ ਹੈ। ਗੁਰੂ ਸਾਹਿਬ ਦੀ ਵਿਚਾਰਧਾਰਾ ਅਨੁਸਾਰ ਵਿਅਕਤੀ ਨੂੰ ਸ਼ਬਦ ਸਾਧਨਾ ਰਾਹੀਂ ਗੁਰਮੁਖ ਬਣਨ ਉਪਰ ਜ਼ੋਰ ਦਿੱਤਾ ਗਿਆ ਹੈ ਅਤੇ ਮਨਮੁਖ ਬਣਨ ਤੋਂ ਕਿਨਾਰਾ ਕਰ ਲੈਣਾ ਹੀ ਸਹੀ ਰਸਤੇ ਉਪਰ ਚਲਣਾ ਹੈ।

ਜੋਤਿ ਅਤੇ ਜੁਗਤਿ ਦੀ ਇਹ ਅਜੀਬ ਖੇਡ ਸੀ ਕਿ ਨਿਰੰਕਾਰ ਨੇ ਤਰੁੱਠ ਕੇ ਆਪਣੀ ਜੋਤਿ ਸ੍ਰੀ ਗੁਰੂ ਨਾਨਕ ਦੇਵ ਜੀ ਵਿਚ ਸਥਾਪਿਤ ਕੀਤੀ ਸੀ। ਇਸ ਤੋਂ ਬਾਅਦ ਇਸ ਜੋਤਿ ਦਾ ਅਗਲਾ ਸਫ਼ਰ ਪ੍ਰਾਰੰਭ ਹੁੰਦਾ ਹੈ। ਆਮ ਤੌਰ 'ਤੇ ਕਿਸੇ ਵਿਅਕਤੀ ਵਲੋਂ ਇਸ ਦੁਨੀਆ ਤੋਂ ਅਲਵਿਦਾ ਹੋਣ ਸਮੇਂ ਉਸ ਦੀ ਜਾਇਦਾਦ ਆਦਿ ਉਸ ਦੇ ਵਾਰਸਾਂ ਨੂੰ ਮਿਲਦੀ ਹੈ। ਪਰੰਤੂ ਗੁਰੂ ਸਾਹਿਬਾਂ ਨੇ ਜੋਤਿ ਜੋਤ ਸਮਾ ਜਾਣ ਤੋਂ ਪਹਿਲਾਂ ਆਪਣੇ ਜੀਵਨ ਕਾਲ ਵਿਚ ਹੀ ਨਿਰੰਕਾਰ ਦੀ ਉਹ ਜੋਤਿ ਭਾਈ ਲਹਿਣਾ ਜੀ ਦੇ ਸਰੀਰ ਅੰਦਰ ਸਥਾਪਿਤ ਕਰ ਦਿਤੀ ਅਤੇ ਉਨ੍ਹਾਂ ਨੂੰ ਅੰਗ ਲਗਾ ਕੇ ਲਹਿਣੇ ਤੋਂ ਅੰਗਦ ਕਰ ਦਿੱਤਾ। ਗੁਰਿਆਈ ਦੇ ਸਿੰਘਾਸਨ ਤੇ ਭਾਈ ਲਹਿਣਾ ਜੀ ਨੂੰ ਅਰਥਾਤ ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਉਪਰ ਬਿਠਾ ਕੇ ਆਪ ਸੰਗਤ ਵਿਚ ਬਿਰਾਜਮਾਨ ਹੋ ਕੇ ਸਾਰੀ ਸੰਗਤ ਨੂੰ ਆਦੇਸ਼ ਦਿੱਤਾ ਕਿ ਅੱਜ ਤੋਂ ਬਾਅਦ ਤੁਹਾਡੀ ਅਗਵਾਈ ਗੁਰੂ ਅੰਗਦ ਦੇਵ ਜੀ ਕਰਨਗੇ। ਆਪ ਬਾਬਾ ਨਾਨਕ ਜੀ ਨੇ ਤੇ ਸਾਰੀ ਸੰਗਤ ਗੁਰੂ ਅੰਗਦ ਦੇਵ ਜੀ ਨੂੰ ਸਿਜਦਾ ਕੀਤਾ। ਆਪ 70 ਸਾਲ 4 ਮਹੀਨੇ ਅਤੇ 3 ਦਿਨ ਦੀ ਕੁਲ ਉਮਰ ਭੋਗ ਕਿ ਮਿਤੀ 23 ਅੱਸੂ, ਸੰਮਤ 1596 ਅਰਥਾਤ 22 ਸਤੰਬਰ 1539 ਈਸਵੀ ਨੂੰ ਸੰਸਾਰਿਕ ਚੋਲਾ, ਕਰਤਾਰਪੁਰ ਸਾਹਿਬ ਵਿਚ ਇਹ ਅਜਬ ਕੌਤਿਕ ਕਰਨ ਤੋਂ ਬਾਅਦ, ਤਿਆਗ ਦਿੱਤਾ। ਗੁਰੂ ਜੀ ਨੇ ਕਰਤਾਰਪੁਰ ਸਾਹਿਬ ਵਿਚ ਆਪਣੇ ਜੀਵਨ ਦੇ ਅੰਤਲੇ ਸਮੇਂ ਦੇ 18 ਸਾਲ ਬਿਤਾਏ ਸਨ। ਇਹ ਗੁਰਦਵਾਰਾ ਕਰਤਾਰਪੁਰ ਸਾਹਿਬ ਭਾਰਤ-ਪਾਕਿਸਤਾਨ ਵੰਡ ਸਮੇਂ ਪਾਕਿਸਤਾਨ ਦੇ ਹਿੱਸੇ ਆ ਗਿਆ ਸੀ। ਹੁਣ ਵਾਹਿਗੁਰੂ ਦੀ ਮੇਹਰ ਸਦਕਾ ਇਸ ਗੁਰਦਵਾਰੇ ਦੇ ਦਰਸ਼ਨ ਦੀਦਾਰ ਆਮ ਲੋਕਾਈ ਭਾਰਤ ਤੋਂ ਜਾ ਕੇ ਵੀ ਕਰ ਸਕਦੀ ਹੈ। ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਵਲੋਂ ਕੀਤੇ ਯਤਨ ਕਾਰਨ ਹੀ ਸੰਭਵ ਹੋ ਸਕਿਆ ਹੈ। ਪਾਕਿਸਤਾਨ ਸਰਕਾਰ ਵਲੋਂ ਉਥੇ ਗਏ ਯਾਤਰੀਆਂ ਦਾ ਹਮੇਸ਼ਾ ਹੀ ਨਿੱਘਾ ਸਵਾਗਤ ਕੀਤਾ ਜਾਂਦਾ ਹੈ ਅਤੇ ਸੰਗਤਾਂ ਵੀ ਭਾਰੀ ਗਿਣਤੀ ਵਿਚ ਦਰਸ਼ਨ ਕਰਨ ਲਈ ਜਾਂਦੀਆਂ ਹਨ। ਬਹੁਤ ਸਾਰੇ ਵੰਡ ਸਮੇਂ ਵਿਛੜੇ ਪਰਿਵਾਰ ਦਰਸ਼ਨ ਕਰਨ ਸਮੇਂ ਆਪਸ ਵਿਚ ਮਿਲ ਚੁਕੇ ਹਨ।

ਗੁਰੂ ਸਾਹਿਬ ਨੇ ਸਾਂਝੀਵਾਲਤਾ, ਭਾਈਚਾਰੇ ਅਤੇ ਰਾਸ਼ਟਰੀ ਏਕਤਾ ਦਾ ਸੰਦੇਸ਼ ਦਿੱਤਾ। ਉਨ੍ਹਾਂ ਦਾ ਫ਼ਲਸਫ਼ਾ, ਉਨ੍ਹਾਂ ਦਾ ਮਾਰਗ ਹਰ ਦੇਸ਼ ਤੇ ਹਰ ਕੌਮ ਦੇ ਉਸ ਪ੍ਰਾਣੀ

www.sikhbookclub.com

ਲਈ ਜੋ ਸੱਚ ਦਾ ਪਾਂਧੀ ਹੋਵੇ, ਸ਼ਾਂਤੀ ਅਤੇ ਮਾਨਵ ਏਕਤਾ ਦਾ ਚਾਹਵਾਨ ਹੋਵੇ। ਗੁਰੂ ਸਾਹਿਬਾਨ ਦੇ ਮਨ ਦੇ ਅੰਦਰ ਕੇਵਲ ਆਪਣੇ ਦੇਸ਼ ਲਈ ਪਿਆਰ ਹੀ ਨਹੀਂ ਸੀ ਉਹ ਤਾਂ ਸਾਰੀ ਸ੍ਰਿਸ਼ਟੀ ਦੇ ਕਲਿਆਨ ਲਈ ਪਰਮਾਤਮਾ ਦੇ ਅੱਗੇ ਬੇਨਤੀ ਕਰਦੇ ਹਨ ਕਿ --

**ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥**

**ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 853)

ਸਿੱਖੀ ਨੂੰ ਪਿਆਰ ਕਰਨ ਵਾਲੇ ਇਸ ਸਮੇਂ ਪੂੰਜੀਵਾਦ ਅਤੇ ਉਪਭੋਗਤਾਵਾਦ ਦੇ ਚੱਕਰ ਵਿਚ ਪੂਰੀ ਤਰ੍ਹਾਂ ਨਾਲ ਗ੍ਰਸੇ ਜਾ ਰਹੇ ਹਨ। ਗਲੋਬਲ ਤੌਰ ਤੇ ਪੈਸੇ ਦੀ ਹੋੜ ਵਿਚ ਸ਼ਾਮਿਲ ਹੋ ਚੁਕੇ ਹਨ। ਵਰਤਮਾਨ ਹਾਲਤ ਨੂੰ ਮੁਖ ਰੱਖਦੇ ਹੋਏ ਗੁਰਬਾਣੀ ਅਤੇ ਗੁਰਮਤਿ ਦਰਸ਼ਨ ਸਾਰੇ ਮਾਨਵੀ ਸਮਾਜ ਨੂੰ ਇੱਕ ਸੇਧ ਪ੍ਰਦਾਨ ਕਰਨ ਦੇ ਯੋਗ ਹੈ। ਇਸ ਉਦੇਸ਼ ਨੂੰ ਮੁਖ ਰੱਖਕੇ ਸਿੱਧ ਗੋਸ਼ਟਿ ਨੂੰ ਵਿਸਥਾਰ ਵਿਚ ਘੋਖ ਕੇ ਨਵੀਂ ਪੁਸਤਕ ਪਾਠਕਾਂ ਦੀ ਝੋਲੀ ਵਿਚ ਪਾਉਣ ਦਾ ਯਤਨ ਕੀਤਾ ਹੈ। ਉਮੀਦ ਹੈ ਪਾਠਕਾਂ ਨੂੰ ਸਹੀ ਪਾਸੇ ਵੱਲ ਸੇਧਿਤ ਕਰ ਸਕੇਗੀ।

ਮੈਂ ਅੰਤ ਵਿਚ ਜਤਿੰਦਰਪਾਲ ਸਿੰਘ ਜੀ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਕੰਪਿਊਟਰ ਦੀ ਮਦਦ ਨਾਲ ਮੇਰੇ ਸ਼ਬਦਾਂ ਨੂੰ ਪੁਸਤਕ ਦਾ ਰੂਪ ਦਿੱਤਾ ਅਤੇ ਆਜ਼ਾਦ ਬੁੱਕ ਡਿਪੂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦੀ ਹਾਂ ਜਿਨ੍ਹਾਂ ਨੇ ਰੁਝੇਵੇਂ ਭਰੇ ਸਮੇਂ ਵਿਚੋਂ ਸਮਾਂ ਕੱਢ ਕੇ ਇਸ ਪੁਸਤਕ ਨੂੰ ਪਾਠਕਾਂ ਤਕ ਪਹੁੰਚਦੀ ਕਰਨ ਵਿਚ ਸਹਾਇਤਾ ਕੀਤੀ ਹੈ। ਉਨ੍ਹਾਂ ਸਾਰੇ ਦੋਸਤਾਂ ਮਿੱਤਰਾਂ ਦਾ ਰਿਣੀ ਹਾਂ ਜਿਨ੍ਹਾਂ ਨੇ ਮੇਰੀ ਇਸ ਕੰਮ ਵਿਚ ਹੌਸਲਾ ਅਫ਼ਜ਼ਾਈ ਕੀਤੀ ਹੈ।

**ਡਾਕਟਰ ਅਜੀਤ ਸਿੰਘ**

ਹੀਰਾ ਨਗਰ ਕੋਟ ਕਪੂਰਾ 151204

ਹੁਣ-

38 Mc Coord Woods Drive

Rochester NY 14450

ਫੋਨ 001 585 305 0443

ਈ-ਮੇਲ drmsinghajit@gmailmcom

www.sikhbookclub.com

# ਗੁਰਬਾਣੀ ਇਸੁ ਜਗ ਮਹਿ ਚਾਨਣੁ

## ਗੁਰੂ ਗਰੰਥ ਸਾਹਿਬ ਇਕ ਅਨਮੋਲ ਗ੍ਰੰਥ

ਗੁਰਬਾਣੀ ਵਿਚੋਂ ਪ੍ਰੇਮ ਦਾ ਸਬਕ ਮਿਲਦਾ ਹੈ ਅਤੇ ਗੁਰੂ ਘਰਾਂ ਦੇ ਅੰਦਰ ਪ੍ਰੇਮ ਹੀ ਪ੍ਰਵਾਨ ਚੜਦਾ ਹੈ। ਕੋਈ ਵੀ ਇਹ ਇਨਕਾਰ ਨਹੀਂ ਕਰਦਾ ਕਿ ਉਸ ਦੇ ਅੰਦਰ ਗੁਰੂ ਲਈ ਪ੍ਰੇਮ ਨਹੀਂ ਹੈ ਪ੍ਰੰਤੂ ਪ੍ਰੇਮ ਦਾਅਵਾ ਕਰਨ ਦਾ ਵਿਸ਼ਾ ਹੀ ਨਹੀਂ ਹੈ। ਗੁਰੂ ਸਾਹਿਬਾਨ ਨੇ ਇਹ ਸਪਸ਼ਟ ਕੀਤਾ ਕਿ ਪ੍ਰੇਮ ਤਾਂ ਆਪਣੇ ਆਪ ਹੀ ਪ੍ਰਗਟ ਹੋਇਆ ਕਰਦਾ ਹੈ ਅਤੇ ਜੇਕਰ ਮਨ ਪ੍ਰੇਮ ਵਿਚ ਰੰਗਿਆ ਹੋਵੇ ਤਾਂ ਅੱਖਾਂ ਤੋਂ ਵੀ ਅੰਮ੍ਰਿਤ ਵਗਦਾ ਹੈ। ਜੀਵਨ ਵਿਚ ਸੰਸਾਰ ਨੂੰ ਦੇਖਣ ਦੀ ਦ੍ਰਿਸ਼ਟੀ ਹੀ ਬਦਲ ਜਾਇਆ ਕਰਦੀ ਹੈ। ਸਾਰਿਆਂ ਲਈ ਪ੍ਰੇਮ ਅਤੇ ਸਤਿਕਾਰ ਦੀ ਭਾਵਨਾ ਦ੍ਰਿੜ ਹੁੰਦੀ ਹੈ ਕਿਉਂਕਿ ਘਟ ਘਟ ਦੇ ਅੰਦਰ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ। ਆਪਣੇ ਪ੍ਰੇਮ ਦੀ ਰੱਖ ਗੁਰਸਿੱਖ ਆਪ ਹੀ ਕਰ ਸਕਦਾ ਹੈ। ਇਸ ਲਈ ਹੀ ਗੁਰੂ ਸਾਹਿਬਾਨ ਨੇ ਪਰਮਾਤਮਾ ਨੂੰ ਕਸੌਟੀ ਬਣਾਉਣ ਲਈ ਆਖਿਆ। ਪ੍ਰਮਾਤਮਾ ਵੀ ਤਾਂ ਹੀ ਪ੍ਰਮਾਤਮਾ ਹੈ ਕਿਉਂ ਜੋ ਉਹ ਸਤਿ ਹੈ, ਕਰਤਾ ਹੈ, ਨਿਰਭਉ ਹੈ, ਨਿਰਵੈਰ ਹੈ। ਇਨ੍ਹਾਂ ਗੁਣਾਂ ਨੂੰ ਧਾਰਨ ਕਰਨਾ ਗੁਰਸਿੱਖ ਦੇ ਪ੍ਰਮਾਤਮਾ ਪ੍ਰੇਮ ਦਾ ਪ੍ਰਮਾਣ ਹੈ। ਪ੍ਰੇਮ ਦਾ ਇਹ ਗੂੜ੍ਹਾ ਰੰਗ ਗੁਰਸਿੱਖ ਦੇ ਤਨ ਅਤੇ ਮਨ ਦੋਹਾਂ ਨੂੰ ਹੀ ਰੰਗਦਾ ਹੈ। ਤਨ ਅਤੇ ਮਨ ਇਕੋ ਦਿਸ਼ਾ ਵਲ ਇਕ ਹੀ ਮਾਰਗ ਉਪਰ ਚਲਦੇ ਹਨ। ਕੋਈ ਭੇਦ ਜਾਂ ਭਿੰਨਤਾ ਨਹੀਂ ਹੁੰਦੀ। ਕਥਨ ਅਤੇ ਕਰਮ ਦੀ ਭਿੰਨਤਾ ਵਰਤਮਾਨ ਦੀ ਹੀ ਨਹੀਂ ਸਦੀਵੀ ਚੁਣੌਤੀ ਰਹੀ ਹੈ। ਗੁਰਸਿੱਖ ਪ੍ਰੇਮ ਦੀ ਪੂਰਨਤਾ ਪ੍ਰਾਪਤ ਕਰਨ ਤੋਂ ਬਾਅਦ ਇਸ ਭਿੰਨਤਾ ਨੂੰ ਦੂਰ ਕਰਨ ਵਿਚ ਸਫਲ ਹੋ ਜਾਂਦਾ ਹੈ। ਉਸ ਨੂੰ ਗੁਰਬਾਣੀ ਵਿਚੋਂ ਹੀ ਜੀਵਨ ਦੀ ਸਾਰਥਕਤਾ ਨਜ਼ਰ ਆਉਣ ਲੱਗ ਜਾਂਦੀ ਹੈ। ਗੁਰੂ ਦੇ ਨਾਲ ਨੇੜਤਾ ਦੇ ਸਬੰਧ ਦਾ ਅਹਿਸਾਸ ਹੋਣਾ, ਪਰਮਾਤਮਾ ਪ੍ਰੇਮ ਦੀ ਪੂਰਨਤਾ ਪ੍ਰਾਪਤ ਕਰਨ ਦੀ ਵੱਡੀ ਲੋੜ ਹੈ। ਗੁਰਸਿੱਖ ਗੁਰੂ ਕੋਲ ਆਵੇ ਤਾਂ ਗੁਰੂ ਦਾ ਹੋ ਕੇ, ਅਤੇ ਗੁਰੂ ਨੂੰ ਆਪਣਾ ਮੰਨ ਕੇ ਆਵੇ। ਇੱਕ ਗੁਰੂ ਦਾ ਘਰ ਹੀ ਆਪਣਾ ਹੈ ਜਿਵੇਂ ਗੁਰੂ ਗ੍ਰੰਥ ਸਾਹਿਬ ਵਿਚ ਸੁਭਾਇਮਾਨ ਹੈ ਹੋ ਕਿ-

**ਮੇਰੇ ਮਨ ਪਰਦੇਸੀ ਵੇ ਪਿਆਰੇ ਆਉ ਘਰੇ ॥**
**ਹਰਿ ਗੁਰੂ ਮਿਲਾਵਹੁ ਮੇਰੇ ਪਿਆਰੇ ਘਰਿ ਵਸੈ ਹਰੇ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 451)

www.sikhbookclub.com

ਸਿੱਖ ਧਰਮ ਇੱਕ ਇਲਹਾਮੀ ਧਰਮ ਹੈ ਜਿਸ ਤਰ੍ਹਾਂ ਕਿ ਹੋਰ ਵੀ ਕਈ ਧਰਮ ਹਨ। ਪ੍ਰੰਤੂ ਸਿੱਖ ਇਲਹਾਮ ਦੀ ਵਿਲੱਖਣਤਾ ਇਸ ਤੱਥ ਵਿਚ ਹੈ ਕਿ ਇਸ ਦਾ ਇਲਹਾਮ ਗੁਰੂ ਜੋਤ ਅਤੇ ਗੁਰੂ ਜੁਗਤ ਦੇ ਰੂਪ ਵਿਚ ਇਸ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਆਖਰੀ ਅਤੇ ਦਸਵੇਂ ਸਰੀਰਕ ਗੁਰੂ ਗੋਬਿੰਦ ਸਿੰਘ ਤਕ ਇੱਕ ਲਗਾਤਾਰ ਅਮਲ ਹੈ ਇਸ ਤੱਥ ਦੀ ਪੁਸ਼ਟੀ ਲਈ ਸ੍ਰੀ ਗੁਰੂ ਗ੍ਰੰਥ ਵਿਚ ਸੁਭਾਇਮਾਨ ਪੰਨਾ ਉਪਰ ਦਰਜ ਹੈ ਕਿ......

**ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 966)

ਸਾਰੇ ਗੁਰੂ ਸਾਹਿਬਾਨ ਵਿਚ ਇਕੋ ਰੱਬੀ ਜੋਤ ਦਾ ਪ੍ਰਕਾਸ਼ ਮੰਨਿਆ ਗਿਆ ਹੈ ਅਤੇ ਸਾਰੇ ਗੁਰੂ ਸਾਹਿਬਾਨ ਨੇ ਆਪਣੇ ਆਪ ਨੂੰ ਇੱਕੋ ਨਾਨਕ ਨਾਲ ਹੀ ਸੰਬੋਧਨ ਕੀਤਾ ਹੈ। ਗੁਰੂ ਸਾਹਿਬਾਨ ਨੂੰ ਰੱਬੀ ਸੁਰਤਿ ਨਾਲ ਇਕਸਾਰਤਾ ਦੇ ਪਲਾਂ ਵਿਚ ਪ੍ਰਮਾਤਮਾ ਵਲੋਂ ਜਿਸ ਨੂੰ ਬਾਣੀ ਦੇ ਅੰਦਰ ੧ਓ ਰਾਹੀਂ ਪ੍ਰਗਟ ਕੀਤਾ ਗਿਆ ਹੈ। ਸਤਿ ਜੋ ਅਨੁਭਵ ਹੋਇਆ ਹੈ ਉਸ ਨੂੰ ਉਨ੍ਹਾਂ ਨੇ ਆਪਣੀ ਰਚਿਤ ਬਾਣੀ ਦੇ ਰੂਪ ਵਿਚ ਪ੍ਰਗਟ ਕੀਤਾ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 722 ਉਪਰ ਸੁਭਾਏਮਾਨ ਹੈ -

**ਤਿਲੰਗ ਮਹਲਾ ੧ ॥**

**ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥**

**ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥**

ਉਨ੍ਹਾਂ ਨੇ ਵੇਖੇ ਹੋਏ ਸਤਿ ਨੂੰ ਰੱਬੀ ਹੁਕਮ ਮੰਨ ਕੇ ਲਿਖਿਆ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 763 ਉਪਰ ਸੁਭਾਏਮਾਨ ਹੈ -

**ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ ॥**

ਸਰੀਰਕ ਰੂਪ ਵਿਚ ਉਨ੍ਹਾਂ ਨੇ ਉਸ ਸਤਿ ਨੂੰ ਜੀਵਿਆ ਅਤੇ ਦੁਨੀਆ ਨੂੰ ਆਪਣੇ ਆਪ ਨੂੰ ਢਾਡੀ ਆਖ ਕੇ ਸੁਣਾਇਆ ਜੋ ਇਸ ਪ੍ਰਕਾਰ ਹੈ -

**ਪਉੜੀ ॥**

**ਹਉ ਢਾਢੀ ਵੇਕਾਰੁ ਕਾਰੈ ਲਾਇਆ ॥**

**ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ ॥**

**ਢਾਢੀ ਸਚੈ ਮਹਲਿ ਖਸਮਿ ਬੁਲਾਇਆ ॥**

**ਸਚੀ ਸਿਫਤਿ ਸਾਲਾਹ ਕਪੜਾ ਪਾਇਆ ॥** (150)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਸ ਵਿਲੱਖਣ ਅਨੁਭਵ ਨੂੰ ਬਾਣੀ ਦੇ ਰੂਪ ਵਿਚ ਪੰਜਵੇਂ ਪਾਤਸ਼ਾਹ ਨੇ ਆਪ ਦਰਜ ਕੀਤਾ ਅਤੇ ਉਸ ਤੋਂ ਬਾਅਦ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨੌਵੇਂ ਗੁਰੂ ਜੀ ਦੀ ਬਾਣੀ ਇਸ ਵਿਚ ਦਰਜ ਕਰ ਕੇ ਆਪਣੇ ਜੋਤਿ

www.sikhbookclub.com

ਜੋਤ ਸਮਾਉਣ ਤੋਂ ਪਹਿਲਾਂ ਗੁਰੂਤਾ ਗੱਦੀ ਬਖਸ਼ ਕੇ ਅਤੇ ਸਮੂਹ ਸਿੱਖ ਸੰਗਤ ਨੂੰ ਸਦੀਵੀ ਅਗਵਾਈ ਸ਼ਬਦ ਗੁਰੂ ਤੋਂ ਲੈਣ ਦਾ ਹੁਕਮ ਕੀਤਾ ਸੀ ਅਤੇ ਹੁਣ ਇਸ ਸਮੇਂ ਸ੍ਰੀ ਗੁਰੂ ਗਰੰਥ ਸਾਹਿਬ ਸਮੂਹ ਸਿੱਖ ਸੰਗਤ ਕੋਲ ਸਮਾਜਿਕ, ਆਰਥਿਕ ਅਤੇ ਅਧਿਆਤਮਕ ਅਗਵਾਈ ਪ੍ਰਾਪਤ ਕਰਨ ਦਾ ਸੋਮਾ ਹੈ।

ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਤੋਂ ਪਹਿਲੇ ਚਾਰ ਗੁਰੂ ਸਾਹਿਬਾਨਾਂ ਦੀ ਸਾਰੀ ਬਾਣੀ ਨੂੰ ਵੱਖ ਵੱਖ ਥਾਵਾਂ ਤੋਂ ਇਕੱਠਿਆਂ ਕੀਤਾ ਅਤੇ ਸਾਰੀ ਬਾਣੀ ਨੂੰ ਰਾਗਾਂ ਅਨੁਸਾਰ ਤਰਤੀਬ ਦਿੱਤੀ ਅਤੇ ਹਰ ਇਕ ਗੁਰੂ ਸਾਹਿਬਾਂ ਦੀ ਬਾਣੀ ਨੂੰ 'ਮਹਲਾ' ਅਨੁਸਾਰ ਵੰਡ ਲਿਆ ਅਤੇ ਸਾਰੀ ਬਾਣੀ ਨੂੰ 30 ਰਾਗਾਂ ਵਿਚ ਦਰਜ ਕਰ ਆਦਿ ਗੁਰੂ ਗ੍ਰੰਥ ਸਾਹਿਬ ਜੀ ਦਾ ਰੂਪ ਦਿੱਤਾ ਸੀ।

ਇਹ ਬੀੜ ਪ੍ਰਿਥੀ ਚੰਦ ਰਾਹੀਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਵੱਡੇ ਭਰਾ ਧੀਰ ਮੱਲ ਪਾਸ ਪੁੱਜ ਗਈ ਸੀ। ਜਦੋਂ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਧੀਰ ਮੱਲ ਤੋਂ ਇਹ ਬੀੜ ਮੰਗਵਾਈ ਤਾਂ ਧੀਰ ਮੱਲ ਨੇ ਕੋਰਾ ਹੀ ਜਵਾਬ ਦੇ ਦਿਤਾ ਅਤੇ ਕਿਹਾ ਕਿ ਜੇਕਰ ਗੁਰੂ ਗੋਬਿੰਦ ਸਿੰਘ, ਗੁਰੂ ਨਾਨਕ ਦੇਵ ਜੀ ਦੀ ਗੱਦੀ ਦਾ ਵਾਰਿਸ ਅਖਵਾਉਂਦਾ ਹੈ ਤਾਂ ਆਪੇ ਹੀ ਲਿਖ ਲਵੇ। ਉਸ ਸਮੇਂ ਗੁਰੂ ਗੋਬਿੰਦ ਸਿੰਘ ਜੀ ਨੇ ਬੀਰ ਰਸ ਵਿਚ ਆ ਕੇ ਸਾਰੀ ਬਾਣੀ ਉਚਾਰ ਕੇ ਭਾਈ ਮਨੀ ਸਿੰਘ ਜੀ ਪਾਸੋਂ ਲਿਖਵਾਈ ਸੀ ਅਤੇ ਉਸ ਵਿਚ 31ਵਾਂ ਰਾਗ , ਜੈਜਾਵੰਤੀ ਰਾਗ ਜੋੜ ਦਿੱਤਾ ਸੀ ਜੋ ਨੌਂਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਵਲੋਂ ਉਚਾਰਨ ਕੀਤਾ ਹੋਇਆ ਹੈ। ਇਸ ਤਰ੍ਹਾਂ ਤਿਆਰ ਹੋਈ ਬੀੜ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਆਖਿਆ ਗਿਆ ਅਤੇ ਹਜ਼ੂਰ ਸਾਹਿਬ ਵਿਚ ਗੁਰਗੱਦੀ ਸੰਭਾਲ ਦਿੱਤੀ ਗਈ ਸੀ।

ਇਸ ਵਿਚ ਸ਼ਾਮਿਲ 31 ਰਾਗਾਂ ਦਾ ਵੇਰਵਾ............................

1. ਸ੍ਰੀ ਰਾਗ, 2. ਮਾਝ ਰਾਗ, 3. ਗਉੜੀ ਰਾਗ, 4. ਆਸਾ ਰਾਗ, 5. ਗੂਜਰੀ ਰਾਗ, 6. ਦੇਵਗੰਧਾਰੀ ਰਾਗ, 7. ਬਿਹਾਗੜਾ ਰਾਗ, 8. ਵਡਹੰਸ ਰਾਗ, 9. ਸੋਰਠਿ ਰਾਗ, 10. ਧਨਾਸਰੀ ਰਾਗ, 11. ਜੈਤਸਰੀ ਰਾਗ, 12. ਟੋਡੀ ਰਾਗ, 13. ਬੈਰਾੜੀ ਰਾਗ, 14. ਤਿਲੰਗ ਰਾਗ, 15. ਸੂਹੀ ਰਾਗ, 16. ਬਿਲਾਵਲ ਰਾਗ, 17. ਗੋਂਡ ਰਾਗ, 18. ਰਾਮਕਲੀ ਰਾਗ, 19. ਨਟ ਨਾਰਾਇਣ ਰਾਗ, 20. ਮਾਲੀ ਗਉੜਾ ਰਾਗ, 21. ਮਾਰੂ ਰਾਗ, 22. ਤੁਖਾਰੀ ਰਾਗ, 23. ਕੇਦਾਰਾ ਰਾਗ, 24. ਭੈਰਉ ਰਾਗ, 25. ਬਸੰਤ ਰਾਗ, 26. ਸਾਰੰਗ ਰਾਗ, 27. ਮਲਾਰ ਰਾਗ, 28. ਕਾਨੜਾ ਰਾਗ, 29. ਕਲਿਆਣ ਰਾਗ 30. ਪ੍ਰਭਾਤੀ ਰਾਗ, 31 ਜੈਜਾਵੰਤੀ ਰਾਗ

(ਹਵਾਲਾ https^//gurugranthdarpanmnet/rag)

www.sikhbookclub.com

ਉਪਰੋਕਤ ਵੱਖ ਵੱਖ ਸ਼ਬਦਾਂ ਦੇ ਕੀਰਤਨ ਕਰਨ ਦਾ ਸਮਾਂ ਵੀ ਨਿਸਚਤ ਕੀਤਾ ਹੋਇਆ ਹੈ ਜੋ ਇਸ ਤਰ੍ਹਾਂ ਹੈ.....................

1. ਅੰਮ੍ਰਿਤ ਵੇਲੇ - ਭੈਰਉ ਰਾਗ ਰਾਮਕਲੀ ਰਾਗ ਅਤੇ ਆਸਾ ਰਾਗ।

2. ਸਵੇਰੇ ਸੂਰਜ ਨਿਕਲਣ ਤੋਂ ਪਿੱਛੋਂ - ਬਿਲਾਵਲੁ ਰਾਗ ਅਤੇ ਗੂਜਰੀ ਰਾਗ।

3. ਦੁਪਹਿਰ ਹੋਣ ਤੋਂ ਪਹਿਲਾਂ ਤੇ ਪਿੱਛੋਂ - ਸੂਹੀ ਰਾਗ, ਸਾਰੰਗ ਰਾਗ ਤੇ ਵਡਹੰਸ ਰਾਗ।

4. ਪੂਰਨ ਦੁਪਹਿਰ ਤੋਂ ਪਿੱਛੋਂ - ਧਨਾਸਰੀ ਰਾਗ, ਸ੍ਰੀ ਰਾਗ, ਗਉੜੀ ਰਾਗ।

5. ਸ਼ਾਮ ਵੇਲੇ - ਮਾਰੂ ਰਾਗ।

6. ਅੱਧੀ ਰਾਤ ਦੇ ਸਮੇਂ - ਮਲਾਰ ਅਤੇ ਸੋਰਠਿ ਰਾਗ।

7. ਅੱਧੀ ਰਾਤ ਤੋਂ ਪਿੱਛੋਂ - ਬਿਹਾਗੜਾ ਰਾਗ, ਬਸੰਤ ਰਾਗ

8. ਮੌਸਮ ਦੇ ਹਿਸਾਬ ਨਾਲ - ਬਸੰਤ ਰਾਗ, ਬਸੰਤ ਹਿੰਡੋਲ, ਮਲਾਰ ਰਾਗ।

ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦੇ ਅੰਦਰ ਕੁਲ 36 ਪਵਿੱਤਰ ਹਸਤੀਆਂ ਵਿਚ 6 ਗੁਰੂ ਸਾਹਿਬਾਨ, 15 ਭਗਤਾਂ, 4 ਗੁਰੂ ਸਾਹਿਬਾਨ ਦੇ ਸੇਵਕਾਂ, 11 ਬ੍ਰਾਹਮਣ ਭੱਟਾਂ ਦੀ ਬਾਣੀ ਨੂੰ ਦਰਜ ਕੀਤਾ ਗਿਆ ਹੈ। ਪ੍ਰਿੰਸੀਪਲ ਗਿਆਨੀ ਸੁਰਜੀਤ ਸਿੰਘ ਸਿੱਖ ਮਿਸ਼ਨਰੀ ਦਿੱਲੀ ਫਾਊਂਡਰ ਸਿੱਖ ਮਿਸ਼ਨਰੀ ਲਹਿਰ 1956 ਦੇ ਅਨੁਸਾਰ ਗੁਰੂ ਗ੍ਰੰਥ ਸਾਹਿਬ ਜੀ ਅੰਦਰ 6 ਗੁਰੂ ਪਾਤਸ਼ਾਹੀਆਂ ਦੀ ਬਾਣੀ ਸਮੇਤ ਕੁਲ 35 ਲਿਖਾਰੀ ਹਨ। 6 ਗੁਰੂ ਸਾਹਿਬਾਨਾਂ ਤੋਂ ਇਲਾਵਾ 15 ਭਗਤ,11 ਭੱਟ ਅਤੇ ਤਿੰਨ ਸਿੱਖਾਂ ਦੀ ਬਾਣੀ ਵੀ ਦਰਜ ਹੈ ਇਹ ਤਿੰਨ ਸਿੱਖ ਹਨ ਰਬਾਬੀ ਸੱਤਾ,ਬਲਵੰਡ ਜੀ ਤੇ ਤੀਸਰੇ ਹਨ ਭਗਤ ਸੁੰਦਰ ਜੀ। ਭਗਤ ਸੁੰਦਰ ਜੀ ,ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰ ਦਾਸ ਜੀ ਦੇ ਪੜਪੋਤੇ ਦੱਸੇ ਜਾਂਦੇ ਹਨ। ਕੁਝ ਲਿਖਾਰੀਆਂ ਨੇ ਇਥੇ ਭਾਈ ਮਰਦਾਨਾ ਜੀ ਨੂੰ ਵੀ ਜੋੜ ਕੇ ਸਿੱਖਾਂ ਦੀ ਗਿਣਤੀ ਚਾਰ ਦੱਸੀ ਹੋਈ ਹੈ ਜੋ ਠੀਕ ਨਹੀਂ ਹੈ। ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਪੰਨਾ 553 ਦੇ ਜਿਹੜੇ ਤਿੰਨ ਸ਼ਲੋਕਾਂ ਬਾਰੇ ਇਹਨਾਂ ਲਿਖਾਰੀਆਂ ਨੇ ਧੋਖਾ ਖਾਧਾ ਹੈ, ਉਹ ਤਿੰਨੇ ਸਲੋਕ ਪਹਿਲੇ ਪਾਤਸ਼ਾਹ ਦੇ ਹਨ ਅਤੇ ਗੁਰਦੇਵ ਜੀ ਵਲੋਂ ਭਾਈ ਮਰਦਾਨਾ ਜੀ ਨੂੰ ਸਮਰਪਤ ਹਨ। ਬਾਣੀ ਨੂੰ ਦਰਜ ਕਰਦੇ ਸਮੇਂ ਜਾਤ ਪਾਤ ਨੂੰ ਕੋਈ ਵੀ ਮਹੱਤਤਾ ਨਹੀਂ ਦਿੱਤੀ ਗਈ ਹੈ। ਉੱਚੀ ਨੀਵੀਂ ਜਾਤ ਦਾ ਵਿਚਾਰ ਧਿਆਨ ਵਿਚ ਨਹੀਂ ਲਿਆਂਦਾ ਗਿਆ ਸੀ।

ਸ੍ਰੀ ਗੁਰੂ ਗਰੰਥ ਸਾਹਿਬ ਵਿਚ ਸ਼ਬਦਾਂ ਦੀ ਕੁਲ ਗਿਣਤੀ 5872 ਹੈ ਅਤੇ 1430 ਅੰਗ ਹਨ।

(Guru Granth Sahib A Supreme Treasure By Dr. Sarup Singh Alag)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਕੀਤੀ ਗਈ ਸੰਪੂਰਨਤਾ ਤੋਂ ਮਗਰੋਂ ਇਸ ਦੇ ਅੰਦਰ ਕੋਈ ਵੀ ਤਬਦੀਲੀ ਨਹੀਂ ਕੀਤੀ ਗਈ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ 19 ਰਾਗਾਂ ਵਿਚ ਲਿਖੀ ਹੋਈ ਹੈ। ਸ਼ਬਦਾਂ, ਅਸਟਪਦੀਆਂ, ਛੰਤਾਂ ਆਦਿ ਦਾ ਹਰੇਕ ਰਾਗ ਅਨੁਸਾਰ ਵੇਰਵਾ ਇਸ ਪ੍ਰਕਾਰ ਹੈ......

| ਲ ਨੰ. | ਰਾਗ | ਸ਼ਬਦ | ਅਸਟਪਦੀਆਂ | ਪਹਿਰੇ | ਛੰਤ | ਅਲਾਹਣੀਆਂ |
|---|---|---|---|---|---|---|
| 1. | ਸ੍ਰੀ ਰਾਗ | 33 | 18 | 2 | ......... | ......... |
| 2. | ਮਾਝ ਰਾਗ | ......... | 1 | ......... | ......... | ......... |
| 3. | ਗਉੜੀ ਰਾਗ | 20 | 18 | ......... | 2 | ......... |
| 4. | ਆਸਾ ਰਾਗ | 40 | 22 | ......... | 5 | |
| 5. | ਗੂਜਰੀ ਰਾਗ | 2 | 5 | ......... | ......... | ......... |
| 6. | ਵਡਹੰਸ ਰਾਗ | 3 | ......... | 2 | 5 | |
| 7. | ਸੋਰਠਿ ਰਾਗ | 12 | 4 | ......... | ......... | ......... |
| 8. | ਧਨਾਸਰੀ ਰਾਗ | 9 | 2 | 3 | ......... | ......... |
| 9. | ਤਿਲੰਗ ਰਾਗ | 5 | 1 | ......... | ......... | |
| 10. | ਸੂਹੀ ਰਾਗ | 9 | 5(ਕੁਚਜੀ...ਸੁਚੱਜੀ...2.) | 5 | ......... | ......... |
| 11. | ਬਿਲਾਵਲੁ ਰਾਗ | 4 | 2 | ......... | 2 | ......... |
| 12. | ਰਾਮਕਲੀ ਰਾਗ | 11 | 9 | ......... | ......... | ......... |
| 13. | ਮਾਰੂ ਰਾਗ | 12 | 11 | (ਸੋਲਹੇ 22) | ......... | ......... |
| 14. | ਤੁਖਾਰੀ ਰਾਗ | (ਬਾ: ਮਾ: 1) | ......... | 5 | ......... | ......... |
| 15. | ਭੈਰਉ ਰਾਗ | 8 | 1 | ......... | ......... | ......... |
| 16. | ਬਸੰਤ ਰਾਗ | 12 | 8 | ......... | ......... | ......... |
| 17. | ਸਾਰੰਗ ਰਾਗ | 3 | 2 | ......... | ......... | ......... |
| 18. | ਮਲਾਰ ਰਾਗ | 9 | 5 | ......... | ......... | ......... |
| 19. | ਪ੍ਰਭਾਤੀ ਰਾਗ | 17 | 7 | ......... | ......... | ......... |

ਸ਼ਬਦ ਆਦਿਕਾਂ ਦਾ ਕੁਲ ਜੋੜ

ਕੁਲ ਸ਼ਬਦ 207, ਅਸਟਪਦੀਆਂ 113, ਸੁਚੱਜੀ, ਕੁਚਜੀ 2, ਛੰਤ 25, ਪਹਿਰੇ 2, ਅਲਾਹਣੀਆਂ 5, ਸੋਲਹੇ 22

ਉਪਰੋਕਤ ਤੋਂ ਇਲਾਵਾ ਇਹ ਬਾਣੀਆਂ ਵੀ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਹੀ ਹਨ –

www.sikhbookclub.com

ਆਸਾ ਪਟੀ 35 ਪਉੜੀਆਂ ਬਿਲਾਵਲ, ਥਿਤੀ 20 ਪਉੜੀਆਂ, ਰਾਮਕਲੀ ਓਅੰਕਾਰ 54 ਪਉੜੀਆਂ, ਰਾਮਕਲੀ ਸਿਧ ਗੋਸ਼ਟਿ 73 ਪਉੜੀਆਂ, ਜਪੁਜੀ ਸਾਹਿਬ 38 ਪਉੜੀਆਂ ਅਤੇ 2 ਸਲੋਕ

ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਰਚਿਤ ਕੁਝ ਸਲੋਕ ਸ੍ਰੀ ਗੁਰੂ ਅਰਜਨ ਦੇਵ ਜੀ ਵਲੋਂ ਵਾਰਾਂ ਦੀਆਂ ਪਉੜੀਆਂ ਨਾਲ ਦਰਜ ਕੀਤੇ ਹੋਏ ਹਨ ਅਤੇ ਬਾਕੀ ਜੋ ਵਧੀਕ ਸਨ ਉਹ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਅਖੀਰ ਵਿਚ ਲਿਖੇ ਹੋਏ ਹਨ। ਜਿਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ –

| | | | |
|---|---|---|---|
| 1. | ਸ੍ਰੀ ਰਾਗ ਕੀ ਵਾਰ ਮਹਲਾ | 4 | 7 |
| 2. | ਮਾਝ ਕੀ ਵਾਰ ਮਹਲਾ | 1 | 46 |
| 3. | ਆਸਾ ਦੀ ਵਾਰ ਮਹਲਾ | 1 | 44 |
| 4. | ਬਿਹਾਗੜੇ ਕੀ ਵਾਰ ਮਹਲਾ | 4 | 5 |
| 5. | ਵਡਹੰਸ ਕੀ ਵਾਰ ਮਹਲਾ | 4 | 3 |
| 6. | ਸੋਰਠਿ ਕੀ ਵਾਰ ਮਹਲਾ | 4 | 2 |
| 7. | ਸੂਹੀ ਕੀ ਵਾਰ ਮਹਲਾ | 3 | 21 |
| 8. | ਬਿਲਾਵਲ ਕੀ ਵਾਰ ਮਹਲਾ | 4 | 2 |
| 9. | ਰਾਮਕਲੀ ਕੀ ਵਾਰ ਮਹਲਾ | 3 | 19 |
| 10. | ਮਾਰੂ ਕੀ ਵਾਰ ਮਹਲਾ | 3 | 18 |
| 11. | ਸਾਰੰਗ ਕੀ ਵਾਰ ਮਹਲਾ | 4 | 33 |
| 12. | ਮਲਾਰ ਕੀ ਵਾਰ ਮਹਲਾ | 1 | 24 |
| | ਜੋੜ | | 224 |
| | ਵਾਰਾਂ ਤੋਂ ਵਧੀਕ ਸਲੋਕ | | 32 |
| | ਕੁਲ ਜੋੜ | | 256 |

ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ 3 ਵਾਰਾਂ ਹਨ ਜਿਨ੍ਹਾਂ ਦੀਆਂ ਪਉੜੀਆਂ ਦਾ ਵੇਰਵਾ ਇਸ ਤਰ੍ਹਾਂ ਹੈ –

| | |
|---|---|
| ਮਾਝ ਕੀ ਵਾਰ | 27 |
| ਆਸਾ ਦੀ ਵਾਰ | 24 |
| ਮਲਾਰ ਕੀ ਵਾਰ | 27 |
| ਜੋੜ | 78 ਪਉੜੀਆਂ। |

(ਹਵਾਲਾ ਪੰਨਾ 13 –15 ,ਪੁਸਤਕ ਸਿੱਧ ਗੋਸ਼ਟਿ ਸਟੀਕ, ਲੇਖਕ ਪ੍ਰੋਫੈਸਰ ਸਾਹਿਬ

www.sikhbookclub.com

ਸਿੰਘ ਜੀ)

As per book A History of the Sikh People by Dr. Gopal Singh ( Publisher World Book Centre 1979 and quotes are from updated version) at page 43--------

One morning as he had gone to the river as usual ,"along with an attendant", he entrusted his clothes to the latter and himself entered into the water of the river Vaen , "but did not come out ". Says the Puratan Janam Sakhi he was in the meanwhile ,"ushered into the God's Presence in the True Court. Lord God offered him a cup of nectar saying, 'drink thou it , Nanak, it is the nectar of My Name.' Nanak bowed down to his God , drank the cup and was blessed by God . Said God,' Nanak, I'm with you. My blessing is upon you .I've emancipated you and whosoever will utter thy name will also be blessed . Keep detached from the world of 'coming--and--going' and dedicate thyself to Nam (identification with the totality of existence), Dan (charity of heart) and Ishnan (purity of conduct), Seva (selfless service) and Simran (meditation on God). I have blessed thee with My Name. So commit thou thyself only to this task.

The same source states that Nanak was asked by God to utter what he had experienced of God, and Nanak uttered" in the strains of the "Unstruck Melody" (Anhad Dhuni) the following hymn;---

ਸਿਰੀਰਾਗੁ ਮਹਲਾ ੧ ॥
ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ ॥
ਚੰਦੁ ਸੂਰਜੁ ਦੁਇ ਗੁਫੈ ਨ ਦੇਖਾ ਸੁਪਨੈ ਸਉਣ ਨ ਥਾਉ ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੧॥
ਸਾਚਾ ਨਿਰੰਕਾਰੁ ਨਿਜ ਥਾਇ ॥
ਸੁਣਿ ਸੁਣਿ ਆਖਣੁ ਆਖਣਾ ਜੇ ਭਾਵੈ ਕਰੇ ਤਮਾਇ ॥੧॥ ਰਹਾਉ ॥
ਕੁਸਾ ਕਟੀਆ ਵਾਰ ਵਾਰ ਪੀਸਣਿ ਪੀਸਾ ਪਾਇ ॥
ਅਗੀ ਸੇਤੀ ਜਾਲੀਆ ਭਸਮ ਸੇਤੀ ਰਲਿ ਜਾਉ ॥

www.sikhbookclub.com

ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੨॥
ਪੰਖੀ ਹੋਇ ਕੈ ਜੇ ਭਵਾ ਸੈ ਅਸਮਾਨੀ ਜਾਉ ॥
ਨਦਰੀ ਕਿਸੈ ਨ ਆਵਊ ਨਾ ਕਿਛੁ ਪੀਆ ਨ ਖਾਉ ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੩॥
ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ ॥
ਮਸੂ ਤੋਟਿ ਨ ਆਵਈ ਲੇਖਣਿ ਪਉਣੁ ਚਲਾਉ ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੪॥੨॥

(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ ੧੪)

**ਭਾਵ ਅਰਥ :** ਜੇ ਕ੍ਰੋੜਾਂ ਸਾਲ ਅਤੁੱਟ ਸਮਾਧੀ ਲਾ ਕੇ ਤੇ ਬੜੇ ਬੜੇ ਤਪ ਸਹਾਰ ਸਹਾਰ ਕੇ ਦਿੱਬ ਦ੍ਰਿਸ਼ਟੀ ਹਾਸਲ ਕਰ ਲਈਏ, ਜੇ ਉੱਡਣ ਦੀ ਸਮਰੱਥਾ ਪ੍ਰਾਪਤ ਕਰ ਕੇ ਪਰਮਾਤਮਾ ਦੀ ਰਚੀ ਰਚਨਾ ਦਾ ਅਖ਼ੀਰਲਾ ਬੰਨਾ ਲੱਭਣ ਲਈ ਸੈਂਕੜੇ ਅਸਮਾਨਾਂ ਤਕ ਹੋ ਆਵੀਏ, ਜੇ ਅਮੁੱਕ ਸਿਆਹੀ ਨਾਲ ਲੱਖਾਂ ਮਣਾਂ ਕਾਗ਼ਜ਼ਾਂ ਉੱਤੇ ਪ੍ਰਭੂ ਦੀ ਵਡਿਆਈ ਦਾ ਲੇਖ ਇਕ-ਸਾਰ ਲਿਖਦੇ ਜਾਈਏ; ਤਾਂ ਭੀ ਕੋਈ ਜੀਵ ਉਸ ਦੀ ਵਡਿਆਈ ਦਾ ਅੰਤ ਪਾਣ ਜੋਗਾ ਨਹੀਂ ਹੈ। ਉਹ ਨਿਰਾਕਾਰ ਪ੍ਰਭੂ ਆਪਣੇ ਸਹਾਰੇ ਆਪ ਕਾਇਮ ਹੈ, ਉਸ ਨੂੰ ਸਹਾਰਾ ਦੇਣ ਜੋਗਾ ਕੋਈ ਉਸ ਦਾ ਸ਼ਰੀਕ ਨਹੀਂ ਹੈ। ਜਿਸ ਉਤੇ ਮੇਹਰ ਕਰੇ ਉਸ ਨੂੰ ਆਪਣੀ ਸਿਫ਼ਤਿ-ਸਾਲਾਹ ਦੀ ਦਾਤਿ ਬਖ਼ਸ਼ਦਾ ਹੈ।

As per book A History of the Sikh People by Dr. Gopal Singh ( Publisher World Book Centre 1979 and quotes are from updated version) at page 50--------

Lord God then said; " Nanak ,you have realised my Hukam ( The Divine Order or Will) , Whenever you will be blessed by me . My name is Transcedent God ( Parbrahma - Parmesshwar), thy name will be Guru -God (Guru Parmeshwar )" Nanak then prostrated on God's Feet and was blessed by God with a Robe of Honour . The same source says that Nanak uttered the Japji (Sikh Morning Prayer ) and the Arti at this time in the presence of God.

ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਲਿਖਿਆ ਹੈ ਕਿ.............

**ਮਾਰਿਆ ਸਿਕਾ ਜਗਤ੍ਰਿ ਵਿਚਿ ਨਾਨਕ ਨਿਰਮਲ ਪੰਥ ਚਲਾਇਆ। ਗੁਰਦਾਸ 1/45**

ਉਸ ਸਮੇਂ ਅਤੇ ਅੱਜ ਦੇ ਸਮੇਂ ਵਿਚ ਸਿਕੇ ਅਕਸਰ ਰਾਜਿਆਂ ਵਲੋਂ ਚਲਾਏ ਜਾਂਦੇ

www.sikhbookclub.com

ਸਨ ਅਤੇ ਅੱਜ ਦੇ ਸਮੇਂ ਵਿਚ ਸਿੱਕਿਆਂ ਨੂੰ ਸਮੇਂ ਦੀਆਂ ਸਰਕਾਰਾਂ ਚਲਾਉਂਦੀਆਂ ਹਨ ਜਦੋਂ ਕਿ ਗੁਰੂ ਨਾਨਕ ਸਾਹਿਬ ਨੇ ਸਿੱਕਾ ਮਾਰਿਆ ਅਤੇ ਇੱਕ ਵੱਖਰੇ ਪੰਥ ਦੀ ਸਿਰਜਣਾ ਕੀਤੀ ਸਿਕੇ ਟਕਸਾਲ ਵਿਚ ਘੜੇ ਜਾਇਆ ਕਰਦੇ ਸਨ ਪਰੰਤੂ ਗੁਰੂ ਸਾਹਿਬ ਨੇ ਸ਼ਬਦ ਘੜਨ ਲਈ ਸੱਚੀ ਟਕਸਾਲ ਬਾਰੇ ਦੱਸਿਆ ਜੋ ਜਪੁਜੀ ਸਾਹਿਬ ਵਿਚ ਦਰਜ ਹੈ

**ਘੜੀਐ ਸਬਦੁ ਸਚੀ ਟਕਸਾਲ ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 8)**

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਭਾਸ਼ਾ ਬਾਰੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਡਾਕਟਰ ਜੀਤ ਸਿੰਘ ਸੀਤਲ ਲਿਖਦੇ ਹਨ, "ਗੁਰੂ ਨਾਨਕ ਨੇ ਪੰਜਾਬੀ ਟਕਸਾਲ ਵਿਚ ਅਨੇਕਾਂ ਨਵੇਂ ਨਵੇਂ ਘੜੇ ਸਵਾਰੇ ਵਿਦੇਸ਼ੀ ਸ਼ਬਦਾਂ ਨੂੰ ਪੰਜਾਬੀ ਉਚਾਰਣ ਦਾ ਠੱਪਾ ਲੈ ਪ੍ਰਵੇਸ਼ ਕਰਾਇਆ ਜਿਸ ਵਿਚ ਇਹੋ ਸ਼ਬਦ ਨਵੇਂ ਚਮਕਦੇ ਸਿੱਕਿਆਂ ਵਾਂਗ ਨਿਕਲ ਆਮ ਪ੍ਰਚਲਿਤ ਹੋ ਗਏ।" (ਪੰਜਾਬੀ ਦੁਨੀਆ ਗੁਰੂ ਨਾਨਕ ਅੰਕ ਪੰਨਾ 1, 39)

ਅਰਬੀ ਅਤੇ ਫਾਰਸੀ ਦੇ ਕੁਝ ਸ਼ਬਦ ਤਦਭਵ ਰੂਪ ਵਿਚ ਮਿਲਦੇ ਹਨ। (ਤਦਭਵ ਤੋਂ ਭਾਵ ਉਹ ਸ਼ਬਦ ਜਿਸ ਦੇ ਅਰਥ ਓਹੀ ਹੋਣ ਪਰੰਤੂ ਰੂਪ ਹੋਰ ਹੋਵੇ) ਜਿਵੇਂ ਨਿਸਾਣ/ਨੀਸ਼ਾਣ (ਨਿਸ਼ਾਨ), ਵੇਪਰਵਾਹ (ਬੇਪਰਵਾਹ), ਹਾਦਰਾ ਹਦੂਰ (ਹਜ਼ੂਰ), ਨਦਰ (ਨਜ਼ਰ), ਭਿਸ਼ਤ (ਬਹਿਸ਼ਤ), ਆਦਿਕ।

ਗੁਰੂ ਨਾਨਕ ਦੇਵ ਜੀ ਦੇ ਸਮੇਂ ਵਿਚ ਭਾਰਤੀ ਸਮਾਜ ਦੀ ਵਾਗਡੋਰ ਤਿੰਨ ਤਰ੍ਹਾਂ ਦੇ ਧਰਮ ਦੇ ਠੇਕੇਦਾਰਾਂ ਵਲੋਂ ਸੰਭਾਲੀ ਹੋਈ ਸੀ। ਕਾਜ਼ੀ, ਮੁਸਲਮਾਨ-ਸਮਾਜ ਦਾ ਸੰਚਾਲਨ ਕਰਦੇ ਸਨ, ਬ੍ਰਾਹਮਣ, ਹਿੰਦੂ-ਸਮਾਜ ਨੂੰ ਦਿਸ਼ਾ ਨਿਰਦੇਸ਼ ਦਿਆ ਕਰਦੇ ਸਨ ਅਤੇ ਆਮ ਲੋਕ ਜਿਵੇਂ ਕਿਰਤੀ, ਕਿਸਾਨ ਜੋਗੀਆਂ ਦੁਆਰਾ ਦੱਸੀ ਜੀਵਨ ਜਾਚ ਉਪਰ ਚੱਲਣ ਦੀ ਕੋਸ਼ਿਸ਼ ਕਰਦੇ ਸਨ। ਗੁਰੂ ਨਾਨਕ ਦੇਵ ਜੀ ਨੇ ਧਰਮ ਦੇ ਇਨ੍ਹਾਂ ਸਾਰੇ ਅਖੌਤੀ ਪ੍ਰਤੀਨਿਧੀਆਂ ਨੂੰ ਵੰਗਾਰਿਆ ਅਤੇ ਲੋਕਾਂ ਦੇ ਮਨਾਂ ਵਿਚ ਉਨ੍ਹਾਂ ਵਿਰੁੱਧ ਵਿਦਰੋਹ ਦਾ ਜਜ਼ਬਾ ਪੈਦਾ ਕਰ ਦਿੱਤਾ ਸੀ। ਧਰਮ ਦੇ ਇਨ੍ਹਾਂ ਠੇਕੇਦਾਰਾਂ ਦੀ ਆਲੋਚਨਾ ਕਰਦਿਆਂ ਆਪ ਜੀ ਨੇ ਫਰਮਾਇਆ ਕਿ-

**ਕਾਦੀ ਕੂੜੁ ਬੋਲਿ ਮਲੁ ਖਾਇ ॥ ਬ੍ਰਾਹਮਣੁ ਨਾਵੈ ਜੀਆ ਘਾਇ ॥**
**ਜੋਗੀ ਜੁਗਤਿ ਨ ਜਾਣੈ ਅੰਧੁ ॥ ਤੀਨੇ ਓਜਾੜੇ ਕਾ ਬੰਧੁ ॥੨॥**
**ਸੋ ਜੋਗੀ ਜੋ ਜੁਗਤਿ ਪਛਾਣੈ ॥ ਗੁਰ ਪਰਸਾਦੀ ਏਕੋ ਜਾਣੈ ॥**
**ਕਾਜੀ ਸੋ ਜੋ ਉਲਟੀ ਕਰੈ ॥ ਗੁਰ ਪਰਸਾਦੀ ਜੀਵਤੁ ਮਰੈ ॥**
**ਸੋ ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ ॥ ਆਪਿ ਤਰੈ ਸਗਲੇ ਕੁਲ ਤਾਰੈ ॥੩॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 662)

ਸਿਧ ਜਾਂ ਜੋਗੀ ਉਸ ਸਮੇਂ ਦਾ ਮੁਖ ਫਿਰਕਾ ਸੀ ਜੋ ਆਪਣੀਆਂ ਕਰਾਮਾਤਾਂ,

www.sikhbookclub.com

ਜਾਦੂਈ ਟ੍ਰਿਕਾਂ ਆਦਿ ਦੇ ਪ੍ਰਭਾਵ ਹੇਠ ਲੋਕਾਂ ਵਿਚ ਸਭ ਤੋਂ ਵੱਧ ਹਰਮਨ ਪਿਆਰਾ ਸੀ। ਮੱਧਕਾਲੀਨ ਯੁਗ ਵਿਚ ਰਚੇ ਗਏ ਕੁਝ ਹੋਰ ਕਾਵ ਵਿਰਤਾਂਤਾਂ ਵਿਚ ਅਤੇ ਕਿਸ ਕਾਵ ਆਦਿ ਵਿਚ ਵੀ ਨਾਥ ਜੋਗੀ ਪੰਜਾਬ ਦੇ ਜਨ ਜੀਵਨ ਉਪਰ ਕਾਫੀ ਪ੍ਰਭਾਵ ਰੱਖਦੇ ਦੇਖੇ ਗਏ ਹਨ। ਦਾਮੋਦਰ, ਮੁਕਬਲ, ਵਾਰਿਸ ਸ਼ਾਹ ਅਤੇ ਕਾਦਰ ਯਾਰ ਵਰਗੇ ਮਹੱਤਵਪੂਰਨ ਕਵੀਆਂ ਦੀਆਂ ਰਚਨਾਵਾਂ ਵਿਚ ਸਿੱਧ, ਬਾਲ ਨਾਥ, ਅਤੇ ਗੋਰਖ ਨਾਥ ਆਦਿਕ ਯੋਗੀਆਂ ਦਾ ਜ਼ਿਕਰ ਬੜੇ ਹੀ ਦਿਲਚਸਪ ਅੰਦਾਜ਼ ਵਿਚ ਹੋਇਆ ਹੈ ਪਰੰਤੂ ਧਰਮ ਦੇ ਕਰਮ ਕਾਂਡ, ਰਹੁ ਰੀਤਾਂ ਤੇ ਪ੍ਰਾਣਾਯਾਮ ਪੱਖਾਂ ਤਕ ਸੀਮਤ ਰਹਿਣ ਕਰਕੇ ਤਤਕਾਲੀ ਮੱਧਕਾਲੀ, ਧਰਮ ਚੇਤਨਾ ਦੇ ਪੱਖ ਤੋਂ ਵਕਤ ਵਿਹਾ ਚੁਕਾ ਸੀ। ਆਮ ਲੋਕਾਈ ਨੂੰ ਸੰਕਟਮਈ ਅਵਸਥਾ ਵਿਚੋਂ ਲੰਘਣਾ ਪੈ ਰਿਹਾ ਸੀ ਜਿਸ ਨੂੰ ਪਾਰ ਕਰਨ ਲਈ ਧਰਮ ਦੇ ਅੰਦਰ ਕੁਝ ਪੱਖਾਂ ਤੋਂ ਨਵੀਨੀਕਰਨ ਜ਼ਰੂਰੀ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮੁਖ ਮੰਤਵ ਮਨੁੱਖ ਦੇ ਆਤਮਿਕ ਵਿਕਾਸ ਤੇ ਪ੍ਰਮਾਤਮਾ ਦੀ ਪ੍ਰਾਪਤੀ ਨਾਲ ਸਬੰਧਿਤ ਸੀ ਜੋ ਉਨ੍ਹਾਂ ਦੀ ਬਾਣੀ ਦੇ ਸਮੁਚੇ ਅਧਿਐਨ ਤੋਂ ਮਾਲੂਮ ਹੁੰਦਾ ਹੈ। ਪ੍ਰੋਫੈਸਰ ਸਾਹਿਬ ਸਿੰਘ ਦਾ ਵਿਚਾਰ ਹੈ ਕਿ ਬਾਣੀ ਨੂੰ ਇਕਾਈ ਮੰਨ ਕੇ ਉਸ ਦਾ ਅਧਿਐਨ ਕਰਨਾ ਚਾਹੀਦਾ ਹੈ। ਉਸ ਦੀ ਵਿਕੋਲਿਤਰੀ ਤੁਕ ਨੂੰ ਪ੍ਰਸੰਗ ਵਿਚੋਂ ਚੁੱਕ ਕੇ ਵਰਤ ਲਿਆ ਜਾਵੇ ਤਾਂ ਉਸ ਦੇ ਅਰਥ ਹੋਰ ਤਰ੍ਹਾਂ ਦੇ ਹੋ ਜਾਵਣ ਦਾ ਖਤਰਾ ਰਹਿੰਦਾ ਹੈ। ਇਸ ਵਾਸਤੇ ਸਿੱਧ ਗੋਸ਼ਟਿ ਦਾ ਮੰਤਵ ਵੇਖਣ ਲਈ ਤਾਂ ਸਾਰੀ ਰਚਨਾ ਨੂੰ ਇਕਾਈ ਮੰਨ ਕੇ ਅਧਿਐਨ ਕਰਨਾ ਚਾਹੀਦਾ ਹੈ ਅਤੇ ਦੂਜਾ ਗੁਰੂ ਸਾਹਿਬ ਦੇ ਮੂਲ ਵਾਸਤੇ ਨੂੰ ਨਜ਼ਰ ਵਿਚ ਰੱਖਣ ਦੀ ਵੀ ਲੋੜ ਹੈ।

ਗੁਰੂ ਸਾਹਿਬ ਦੇ ਸਮੇਂ ਧਾਰਮਿਕ ਸੋਚ ਅੱਗੇ ਸੰਕਟ ਦੇ ਮੁਖ ਪੱਖ ਇਹ ਸਨ...

1. ਮਨੁੱਖ ਦੀ ਪ੍ਰਮਾਤਮਾ ਦੇ ਸਰੂਪ ਬਾਰੇ ਦੁਚਿਤੀ ਸੀ। ਤਤਕਾਲੀ ਫਿਰਕੇ ਬਹੁ-ਦੇਵੀ ਵਾਦ ਦੇ ਧਾਰਨੀ ਸਨ ਅਤੇ ਆਪਸ ਵਿਚ ਪ੍ਰਮਾਤਮਾ ਦੇ ਸਰੂਪ ਨਿਰਧਾਰਣ ਸਬੰਧੀ ਲੜਦੇ ਰਹਿੰਦੇ ਸਨ। ਗੁਰੂ ਜੀ ਨੇ ਇਸ ਪੱਖ ਤੋਂ ਸਪਸ਼ਟ ਨਜ਼ਰੀਆ ਪੇਸ਼ ਕੀਤਾ ਜੋ ਉਨ੍ਹਾਂ ਦੀ ਮੂਲ ਮੰਤਰ ਤੋਂ ਲੈ ਕੇ ਜਪੁਜੀ ਅਤੇ ਸਾਰੀਆਂ ਹੀ ਬਾਣੀਆ ਤੋਂ ਪ੍ਰਗਟ ਹੁੰਦਾ ਹੈ। ਸਿੱਧ ਗੋਸ਼ਟਿ ਵਿਚ ਪ੍ਰਗਟਾਏ ਗਏ ਵਿਚਾਰਾਂ ਤੋਂ ਪਤਾ ਲਗਦਾ ਹੈ ਕਿ ਗੁਰੂ ਜੀ ਨੇ ਇਕੋ ਇੱਕ ਨਿਰਗੁਣ ਅਤੇ ਸਰਗੁਣ ਬ੍ਰਹਮ ਦਾ ਸੰਕਲਪ ਪੇਸ਼ ਕੀਤਾ। ਉਹ ਜੋਗੀਆਂ ਵਲੋਂ ਪੁੱਛੇ ਗਏ ਸਵਾਲਾਂ ਦੇ ਜਵਾਬ ਵਿਚ ਆਪਣੇ ਮੰਤਵ ਪ੍ਰਭੂ ਪ੍ਰਾਪਤੀ ਦੱਸਦੇ ਹਨ ਜੋ ਕਿ ਨਿਮਨ ਲਿਖਤ ਤੋਂ ਸਪਸ਼ਟ ਹੈ-

**ਕਵਨ ਤੁਮੇ ਕਿਆ ਨਾਉ ਤੁਮਾਰਾ ਕਉਨੁ ਮਾਰਗੁ ਕਉਨੁ ਸੁਆਓ ॥**
**ਸਾਚੁ ਕਹਉ ਅਰਦਾਸਿ ਹਮਾਰੀ ਹਉ ਸੰਤ ਜਨਾ ਬਲਿ ਜਾਓ ॥**
**ਕਹ ਬੈਸਹੁ ਕਹ ਰਹੀਐ ਬਾਲੇ ਕਹ ਆਵਹੁ ਕਹ ਜਾਹੋ ॥**

www.sikhbookclub.com

**ਨਾਨਕੁ ਬੋਲੈ ਸੁਣਿ ਬੈਰਾਗੀ ਕਿਆ ਤੁਮਾਰਾ ਰਾਹੋ ॥੨॥**
**ਘਟਿ ਘਟਿ ਬੈਸਿ ਨਿਰੰਤਰਿ ਰਹੀਐ ਚਾਲਹਿ ਸਤਿਗੁਰ ਭਾਏ ॥**
**ਸਹਜੇ ਆਏ ਹੁਕਮਿ ਸਿਧਾਏ ਨਾਨਕ ਸਦਾ ਰਜਾਏ ॥**
**ਆਸਣਿ ਬੈਸਣਿ ਥਿਰੁ ਨਾਰਾਇਣੁ ਐਸੀ ਗੁਰਮਤਿ ਪਾਏ ॥**
**ਗੁਰਮੁਖਿ ਬੂਝੈ ਆਪੁ ਪਛਾਣੈ ਸਚੇ ਸਚਿ ਸਮਾਏ ॥੩॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 938)

ਉਨ੍ਹਾਂ ਅਨੁਸਾਰ ਪ੍ਰਮਾਤਮਾ ਹੀ ਬ੍ਰਹਿਮੰਡ ਵਿਚ ਵਿਆਪਕ ਹੈ ਅਤੇ ਉਸ ਵਿਚ ਹੀ ਜੀਵ ਦੀ ਵਿਲੀਨਤਾ ਹੋਣੀ ਹੈ।

2. ਮਨੁੱਖ ਦਾ ਮੰਤਵ ਪ੍ਰਮਾਤਮਾ ਦੀ ਪ੍ਰਾਪਤੀ ਤੋਂ ਬਿਨਾ ਕੋਈ ਹੋਰ ਵੀ ਹੈ। ਗੁਰੂ ਸਾਹਿਬ ਇਸ ਤੋਂ ਕੋਰੀ ਨਾਂਹ ਕਰਦੇ ਹਨ ਅਤੇ ਜੋਗੀਆਂ ਰਾਹੀਂ ਸਿਧੀਆਂ ਦੀ ਪ੍ਰਾਪਤੀ ਨੂੰ ਮੰਤਵ ਮੰਨਣ ਦਾ ਵਿਰੋਧ ਕਰਦੇ ਹਨ। ਉਨ੍ਹਾਂ ਨੇ ਲਿਖਿਆ ਹੈ ਕਿ-

**ਗੁਰਮੁਖਿ ਅਸਟ ਸਿਧੀ ਸਭਿ ਬੁਧੀ ॥**
**ਗੁਰਮੁਖਿ ਭਵਜਲੁ ਤਰੀਐ ਸਚ ਸੁਧੀ ॥**
**ਗੁਰਮੁਖਿ ਸਰ ਅਪਸਰ ਬਿਧਿ ਜਾਣੈ ॥**
**ਗੁਰਮੁਖਿ ਪਰਵਿਰਤਿ ਨਰਵਿਰਤਿ ਪਛਾਣੈ ॥**
**ਗੁਰਮੁਖਿ ਤਾਰੇ ਪਾਰਿ ਉਤਾਰੇ ॥**
**ਨਾਨਕ ਗੁਰਮੁਖਿ ਸਬਦਿ ਨਿਸਤਾਰੇ ॥੩੧॥ ( ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 941)**

ਉਨ੍ਹਾਂ ਅਨੁਸਾਰ ਸਿਧੀਆਂ ਅਸਥਾਈ ਅਤੇ ਮਨੁੱਖੀ ਮਨ ਨੂੰ ਪ੍ਰਮਾਤਮਾ ਦੇ ਰਾਹ ਤੋਂ ਭਟਕਾਉਣ ਵਾਲੀਆਂ ਹਨ। ਇਸ ਸਬੰਧ ਵਿਚ ਉਨ੍ਹਾਂ ਨੇ ਆਪਣੀ ਬਾਣੀ ਵਿਚ ਵਰਨਣ ਕੀਤਾ ਹੈ ਕਿ-

**ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ ॥**
**ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 6)

ਸਿੱਧ ਗੋਸ਼ਟਿ ਰਚਨਾ ਦੇ ਅੰਦਰ ਪ੍ਰਮਾਤਮਾ ਦੇ ਮਾਰਗ ਸਬੰਧੀ ਸਵਿਸਤਾਰ ਉਲੇਖ ਕੀਤਾ ਹੋਇਆ ਹੈ। ਅਸਲ ਵਿਚ ਸਿੱਧ ਗੋਸ਼ਟਿ ਦਾ ਮੂਲ ਮਕਸਦ ਸਵਾਲਾਂ ਦੇ ਜਵਾਬਾਂ ਵਿਚ ਨਿਹਿਤ ਹੈ। ਰਚਨਾ ਦੇ ਆਰੰਭ ਵਿਚ ਹੀ ਪ੍ਰਸ਼ਨੋਤਰੀ ਰਾਹੀਂ ਮੂਲ ਸਮੱਸਿਆ ਨੂੰ ਲਿਆ ਗਿਆ ਹੈ। ਜਿਸ ਦਾ ਵੇਰਵਾ ਇਸ ਪੁਸਤਕ ਰਾਹੀਂ ਦੇਣ ਦਾ ਯਤਨ ਕੀਤਾ ਗਿਆ ਹੈ।

www.sikhbookclub.com

# ਨਾਮਿ ਰਤੇ ਸਿਧ ਗੋਸਟਿ ਹੋਇ

## ਜੋਗ ਮੱਤ

ਮੱਧ ਯੁਗੀ ਅਧਿਆਤਮਕ ਲਹਿਰ ਦੇ ਅੰਤਰਗਤ ਕਈ ਤਰ੍ਹਾਂ ਦੇ ਮਤ-ਮਤਾਂਤਰ ਰੂਪਮਾਨ ਹੋਏ ਹਨ। ਇਹ ਲਗਭਗ ਸਾਰੇ ਹੀ ਜਿਥੇ ਅੰਤਰਮੁਖੀ ਨਾ ਹੁੰਦੇ ਹੋਏ ਬਹੁਤੇ ਬਾਹਰਮੁਖੀ ਧਾਰਨਾ ਦੇ ਲਖਾਇਕ ਹਨ ਉਥੇ ਜ਼ਿਆਦਾਤਰ ਤਾਂ ਸਿਰਫ ਫੋਕਟ ਕਰਮ ਕਾਂਡਾਂ ਵਿਚ ਵਿਸ਼ਵਾਸ ਦੇ ਧਾਰਨੀ ਹੁੰਦੇ ਸਨ ਅਤੇ ਸੱਚ ਤੋਂ ਕੋਹਾਂ ਮੀਲ ਦੂਰ ਨਜ਼ਰ ਆਉਂਦੇ ਹਨ। ਗੁਰੂ ਨਾਨਕ ਦੀ ਵਿਚਾਰਧਾਰਾ ਇਨ੍ਹਾਂ ਮਤਾਂ-ਮਤਾਂਤਰਾਂ ਸਬੰਧੀ ਭਰਪੂਰ ਪ੍ਰਤੀਕਿਰਿਆ ਪ੍ਰਗਟ ਕਰਦੀ ਹੋਈ ਇਨ੍ਹਾਂ ਅਧਿਆਤਮਕ ਧਾਰਾਵਾਂ ਨਾਲ ਸੰਵਾਦ ਵੀ ਰਚਾਉਂਦੀ ਹੈ ਅਤੇ ਇਸ ਨਾਲੋਂ ਵੱਖਰਤਾ ਵੀ ਸਪਸ਼ਟ ਕਰਦੀ ਹੈ। ਡਾਕਟਰ ਮਨਮੋਹਨ ਸਿੰਘ ਅਨੁਸਾਰ ਇਨ੍ਹਾਂ ਸਭ ਮਤਾਂ-ਮਤਾਂਤਰਾਂ ਦੇ ਅਖੌਤੀ ਮੁਖੀਆਂ ਦੇ ਫੋਕਟ ਪ੍ਰਚਾਰ ਸਦਕਾ ਉਨ੍ਹਾਂ ਵਿਚ ਸੱਚ ਦੀ ਬਜਾਏ ਪਾਖੰਡ,ਆਡੰਬਰ ,ਬਣਾਉਟੀਪਨ ਅਤੇ ਕਰਮਕਾਂਡ ਦੀ ਪ੍ਰਧਾਨਤਾ ਹੁੰਦੀ ਸੀ। ਅਕਸਰ ਸੰਪਰਦਾਏ ਦੇ ਆਗੂ ਲੋਕਾਂ ਉਤੇ ਹਊਆ ਅਤੇ ਭਾਰ ਬਣੇ ਹੋਏ ਸਨ ਅਤੇ ਆਮ ਲੋਕਾਈ ਅਜਿਹੇ ਵਾਤਾਵਰਣ ਵਿਚ ਪ੍ਰੇਸ਼ਾਨ ਸੀ। ਇਨ੍ਹਾਂ ਮਤਾਂ-ਮਤਾਂਤਰਾਂ ਦੇ ਆਗੂ ਸਿਧੇ ਸਾਦੇ ਲੋਕਾਂ ਨੂੰ ਮੁਕਤੀ ਦਾ ਝਾਂਸਾ ਦੇ ਕੇ ਜੀਵਨ ਨੂੰ ਤਾਂ ਧੋਖਾ ਦੇ ਹੀ ਰਹੇ ਸਨ ਸਗੋਂ ਆਪਣੇ ਆਪ ਨੂੰ ਵੀ ਧੋਖੇ ਵਿਚ ਰੱਖ ਰਹੇ ਸਨ।

ਉਸ ਸਮੇਂ ਦੇ ਪ੍ਰਚਲਿਤ ਮਤਾਂ-ਮਤਾਂਤਰਾਂ ਦਾ ਵੇਰਵਾ ਨਿਮਨ ਲਿਖਤ ਹੈ -

**ਸ਼ੈਵ ਮਤ-**

ਵੈਦ ਅਚਾਰੀਆ ਨਾਥਿਆਰ ਅਨੁਸਾਰ ਸ਼ੈਵ ਮੱਤ ਮੁਖ ਤੌਰ ਤੇ ਸ਼ੰਕਰਾਚਾਰੀਆ ਦੇ ਅਦ੍ਵੈਤਵਾਦ ਅਤੇ ਰਾਮਾਨੁਜ ਦੇ ਵਸ਼ਿਸ਼ਟਾ ਦ੍ਵੈਤਵਾਦ ਦੇ ਵਿਚਕਾਰ ਦਾ ਮੱਤ ਹੈ। ਸ਼ਿਵ ਮਤ ਵਿਚ ਸ਼ਿਵ ਦੇਵਤਾ ਨੂੰ ਹੀ ਸਰਵ ਸ੍ਰੇਸ਼ਟ ਅਤੇ ਸ੍ਰਿਸ਼ਟੀ ਦਾ ਮਾਲਕ ਤੇ ਪਰਮ ਅਧਾਰਣ ਯੋਗ ਹਸਤੀ ਮੰਨਿਆ ਗਿਆ। ਉਹ ਅਨਾਦੀ ਤੇ ਹਰ ਕਲਾ ਵਿਚ ਸੰਪੂਰਨ ਪੁਰਸ਼ ਹੈ। ਉਨ੍ਹਾਂ ਅਨੁਸਾਰ ਸ਼ਿਵ ਆਪਣੀ ਸਾਧਨਾ ਸਰੂਪ ਸ਼ਕਤੀ ਦੁਆਰਾ ਸ੍ਰਿਸ਼ਟੀ ਦਾ ਕੰਮ ਚਲਾਉਂਦਾ ਹੈ। ਪ੍ਰੰਤੂ ਗੁਰੂ ਨਾਨਕ ਦੇਵ ਜੀ ਨੇ ਬ੍ਰਹਮਾ, ਵਿਸ਼ਨੂੰ ਅਤੇ

www.sikhbookclub.com

ਸ਼ਿਵ ਜੀ ਤਿੰਨਾਂ ਦੇਵਤਿਆਂ ਨੂੰ ਸਰਵ ਵਿਆਪਕ ਮਾਇਆ (ਸ਼ਕਤੀ) ਦੇ ਪੁੱਤਰ ਮੰਨਿਆ ਹੈ ਜੋ ਉਸ ਦੀ ਅਗਵਾਈ ਹੇਠ ਸੰਸਾਰ ਨੂੰ ਚਲਾਉਂਦੇ ਹਨ ਉਨ੍ਹਾਂ ਨੇ ਲਿਖਿਆ ਹੈ ਕਿ-

**ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥**
**ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥**
**ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥**
**ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ॥**

(ਜਪੁ ਜੀ ਸਾਹਿਬ)

ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਦੇਵਤਿਆਂ ਨੂੰ ਖੁਦ ਪਾਰਬ੍ਰਹਮ ਦੇ ਦਰਬਾਰ ਵਿਚ ਸੇਵਾ ਕਰਦਿਆਂ ਦਿਖਾਇਆ ਹੈ। ਡਾਕਟਰ ਮਹਾਂਦੇਵ ਅਨੁਸਾਰ ਗੁਪਤ ਸ਼ਾਸ਼ਨ ਕਾਲ ਸਮੇਂ ਸ਼ਿਵ ਮੱਤ ਦਾ ਇਤਨਾ ਪ੍ਰਚਾਰ ਵਧਿਆ ਕਿ ਕਾਲੀਦਾਸ ਵਰਗੇ ਮਹਾਨ ਕਵੀ ਨੇ ਵੀ ਇਸ ਮੱਤ ਨੂੰ ਆਪਣਾ ਲਿਆ ਸੀ।

**ਵੈਸ਼ਨਵ ਮੱਤ -**

ਵਿਸ਼ਨੂੰ ਦੇ ਭਗਤ ਵੈਸ਼ਨਵ ਮੱਤ ਦੇ ਧਾਰਨੀ ਬਣੇ ਪਰ ਇਨ੍ਹਾਂ ਦੇ ਵਿਸ਼ੇਸ਼ ਲੱਛਣ ਅਡੰਬਰ ਦੀ ਸੀਮਾ ਤਕ ਅਖੌਤੀ ਨਿਰਮਲਤਾ ਬਣਾਈ ਰੱਖਣ ਦਾ ਸੀ। ਉਹ ਸ਼ੁੱਧ ਵੈਸ਼ਨੂੰ, ਛੂਤ ਛਾਤ ਵਿਚ ਵਿਸ਼ਵਾਸ਼ ਰੱਖਣ ਵਾਲੇ, ਆਪ ਰਸੋਈ ਬਣਾਉਣ ਵਾਲੇ ,ਵੈਦਿਕ ਚਿੰਨ੍ਹਾਂ ਨੂੰ ਧਾਰਨ ਕਰਨ ਵਾਲੇ ਅਤੇ ਪ੍ਰੇਮ ਭਗਤੀ ਦੇ ਉਪਾਸ਼ਕ ਸਨ। ਗੁਰੂ ਨਾਨਕ ਦੇਵ ਜੀ ਨੇ ਵੈਸ਼ਨਵ ਮੱਤ ਵਿਚਲੇ ਕਰਮਕਾਂਡ ਤੇ ਪਾਖੰਡਾਂ ਦੀ ਨਿਖੇਧੀ ਕਰਦੇ ਹੋਏ ਆਖਿਆ ਕਿ ਵਿਸ਼ਨੂੰ ਦੇਵਤੇ ਨੂੰ ਤਾਂ ਸੰਸਾਰ ਵਿਚਲੇ ਜੀਵਨ ਲਈ ਭੰਡਾਰ (ਭੰਡਾਰੀ) ਅਰਥਾਤ ਰੋਜ਼ੀ ਦਾ ਬੰਦੋਬਸਤ ਕਰਨ ਦਾ ਕੰਮ ਸੌਂਪਿਆ ਗਿਆ ਹੈ। ਪਰ ਇਹ ਆਪ ਮਰਨ ਜੰਮਣ ਦੇ ਚੱਕਰ ਵਿਚ ਫਸਿਆ ਪਿਆ ਹੈ। ਪ੍ਰਭੂ ਭਗਤੀ ਦਾ ਕੰਮ ਤਾਂ ਉਚਿਤ ਹੈ ਪਰ ਇਸ ਨੂੰ ਬਾਹਰੀ ਪਾਖੰਡਾਂ ਨਾਲ ਜੋੜ ਕੇ ਕਰਨਾ ਬਿਲਕੁਲ ਹੀ ਵਿਅਰਥ ਹੈ ਕਿਉਂਕਿ ਜੀਵ ਤਾਂ ਅੰਦਰੋਂ ਵਿਸ਼ੇ ਵਿਕਾਰਾਂ ਨਾਲ ਭਰਿਆ ਪਿਆ ਹੈ ਉਹ ਲਿਖਦੇ ਹਨ ਕਿ -

**ਨੀਂਦ ਵਿਆਪਿਆ ਕਾਮਿ ਸੰਤਾਪਿਆ ਮੁਖਹੁ ਹਰਿ ਹਰਿ ਕਹਾਵੈ ॥**
**ਬੈਸਨੋ ਨਾਮੁ ਕਰਮ ਹਉ ਜੁਗਤਾ ਤੁਹ ਕੁਟੇ ਕਿਆ ਫਲੁ ਪਾਵੈ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 960)

ਗੁਰਮਤ ਅਨੁਸਾਰ ਸੱਚਾ ਵੈਸ਼ਨਵ ਉਹ ਹੈ ਜੋ ਕਰਮ ਕਰਦਾ ਹੋਇਆ ਵੀ ਨਿਸ਼ਕਾਮ ਰਹਿੰਦਾ ਹੈ। ਸੱਚੇ ਵੈਸ਼ਨਵ ਦੀ ਪਛਾਣ ਦੀ ਇਹੋ ਹੀ ਕਸਵੱਟੀ ਹੈ ਗੁਰੂ ਸਾਹਿਬ ਲਿਖਦੇ ਹਨ ਕਿ -

www.sikhbookclub.com

ਬੈਸਨੋ ਸੋ ਜਿਸੁ ਊਪਰਿ ਸੁਪ੍ਰਸੰਨ ॥
ਬਿਸਨ ਕੀ ਮਾਇਆ ਤੇ ਹੋਇ ਭਿੰਨ ॥
ਕਰਮ ਕਰਤ ਹੋਵੈ ਨਿਹਕਰਮ ॥
ਤਿਸੁ ਬੈਸਨੋ ਕਾ ਨਿਰਮਲ ਧਰਮ ॥
ਕਾਹੂ ਫਲ ਕੀ ਇਛਾ ਨਹੀ ਬਾਛੈ ॥
ਕੇਵਲ ਭਗਤਿ ਕੀਰਤਨ ਸੰਗਿ ਰਾਚੈ ॥
ਮਨ ਤਨ ਅੰਤਰਿ ਸਿਮਰਨ ਗੋਪਾਲ ॥
ਸਭ ਊਪਰਿ ਹੋਵਤ ਕਿਰਪਾਲ ॥
ਆਪਿ ਦ੍ਰਿੜੈ ਅਵਰਹ ਨਾਮੁ ਜਪਾਵੈ ॥
ਨਾਨਕ ਓਹੁ ਬੈਸਨੋ ਪਰਮ ਗਤਿ ਪਾਵੈ ॥੨॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 274)

**ਤਾਂਤਰਿਕ ਮੱਤ -**

ਮਹਾਤਮਾ ਬੁੱਧ ਦੀ ਮ੍ਰਿਤੂ ਉਪਰੰਤ ਬੁੱਧ ਮੱਤ ਦੋ ਸ਼ਾਖਾਵਾਂ-ਮਹਾਂ ਯਾਨ ਅਤੇ ਹੀਨ ਯਾਨ ਵਿਚ ਵੰਡਿਆ ਗਿਆ। ਹੀਨ ਯਾਨ ਦਾ ਅਰਥ ਹੈ ਛੋਟਾ ਜਹਾਜ਼ ਭਾਵ ਇਹ ਵਿਅਕਤੀਗਤ ਪੱਧਰ ਤੇ ਨਿਰਵਾਣ ਪਦ ਲਈ ਯਤਨ ਕਰਦੇ ਸਨ। ਮਹਾਯਾਨ ਦਾ ਅਰਥ ਹੈ ਵੱਡਾ ਜਹਾਜ਼। ਉਹ ਸਮੂਹਿਕ ਕਲਿਆਣ ਲਈ ਯਤਨ ਕਰਦੇ ਸਨ ਭਾਵ ਉਹ ਵਿਸ਼ਵ ਕਲਿਆਣ ਨੂੰ ਪ੍ਰਮੁਖ ਮੰਨਦੇ ਸਨ। ਹੀਨ ਯਾਨ ਸੰਪਰਦਾ ਵਿਚ ਭਿਕਸ਼ੂਆਂ ਦੇ ਆਪਸੀ ਟਕਰਾਉ ਸਦਕਾ ਵੈਭਾਸ਼ਕ ਤੇ ਤਾਂਤਰਿਕ ਦੋ ਸ਼ਾਖਾਵਾਂ ਉਤਪੰਨ ਹੋਈਆਂ। ਉਮੇਸ਼ ਮਿਸਰ ਤਾਂਤਰਿਕ ਮੱਤ ਦੀ ਚਰਚਾ ਕਰਦਾ ਹੋਇਆ ਲਿਖਦਾ ਹੈ ਕੇ ਤਾਂਤਰਿਕਾਂ ਦਾ ਮੱਤ ਹੈ ਕਿ ਬ੍ਰਹਮ ਸੱਤਾ ਦੀ ਹੋਂਦ ਜ਼ਰੂਰੀ ਹੈ ਪ੍ਰੰਤੂ ਇਸ ਦਾ ਗਿਆਨ ਨਾ ਤਾਂ ਇੰਦਰੀਆਂ ਦੁਆਰਾ ਪ੍ਰਾਪਤ ਹੁੰਦਾ ਹੈ ਤੇ ਨਾ ਹੀ ਪ੍ਰਮਾਣ ਦੁਆਰਾ ਪ੍ਰਾਪਤ ਹੁੰਦਾ ਹੈ। ਤਾਂਤਰਿਕ ਮੱਤ ਦਾ ਸਾਹਿਤ ਬਹੁਤ ਘਟ ਮਾਤਰਾ ਵਿਚ ਉਪਲਭਦ ਹੈ। 'ਤਾਂਤਰਿਕ ਮੱਤ', 'ਯੋਗ ਦਰਸ਼ਨ' ਦੇ ਫਲਸਫੇ ਦੀ ਤਰ੍ਹਾਂ ਬ੍ਰਹਮ ਸੱਤਾ ਨਾਲ ਇਕਮਿਕ ਹੋਣ ਲਈ ਜੀਵ ਨੂੰ ਅੰਤਰਮੁਖੀ ਹੋਣ ਦੀ ਪ੍ਰੇਰਨਾ ਦਿੰਦਾ ਹੈ। ਗੁਰੂ ਨਾਨਕ ਦੇਵ ਜੀ ਨੇ ਅਜਿਹੇ ਤਾਂਤਰਿਕ ਮੱਤਾਂ ਨੂੰ ਬਾਹਰਮੁਖੀ ਦੱਸਦਿਆਂ ਵਿਅਕਤੀ ਨੂੰ ਕੇਵਲ 'ਗੁਰੂ ਮੰਤਰ' ਮੱਤ ਨੂੰ ਹੀ ਧਾਰਨ ਕਰਨ ਲਈ ਪ੍ਰੇਰਿਆ ਹੈ ਕਿਉਂਕਿ ਤਾਂਤਰਿਕ ਸ਼ਕਤੀਆਂ ਦਾ ਮਾਲਕ ਬਣ ਕੇ ਵੀ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ। ਇਸ ਲਈ ਅੰਧ ਵਿਸ਼ਵਾਸ ਅੰਧਕਾਰ ਵਿਚੋਂ ਗੁਰਮੰਤਰ ਹੀ ਇਕ ਅਜੇਹੀ ਚਾਨਣ ਦੀ ਕਿਰਨ ਹੈ ਜੋ ਜੀਵ ਨੂੰ ਸਹੀ ਰਸਤਾ ਦਿਖਾ ਸਕਦੀ ਹੈ। ਉਨ੍ਹਾਂ ਨੇ ਲਿਖਿਆ ਹੈ ਕਿ-

(1) ਤੰਤੁ ਮੰਤੁ ਪਾਖੰਡੁ ਨ ਕੋਈ ਨਾ ਕੋ ਵੰਸੁ ਵਜਾਇਦਾ ॥੭॥

www.sikhbookclub.com

(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 1035)

**(2) ਅੰਧਕਾਰ ਮਹਿ ਗੁਰ ਮੰਤ੍ਰੁ ਉਜਾਰਾ** ॥ ਗੁਰ ਕੈ ਸੰਗਿ ਸਗਲ ਨਿਸਤਾਰਾ ॥੩॥

(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 864)

**ਵਾਮ ਮਾਰਗ ਅਤੇ ਸ਼ਾਕਤ ਮੱਤ -**

ਸ਼ਕਤੀ ਦੁਰਗਾ ਜਾਂ ਕਾਲੀ ਮਾਤਾ ਦੀ ਉਪਾਸਨਾ ਕਰਨ ਵਾਲਿਆਂ ਦਾ ਮੱਤ' ਸ਼ਾਕਤ (ਸਾਕਤ ) ਕਹਾਉਂਦਾ ਹੈ। ਇਸ ਸੰਪਰਦਾਏ ਦੇ ਚੇਲੇ ਚਾਟੜੇ ਆਪਣੇ ਇਸ਼ਟ ਦੇ ਸਾਹਮਣੇ ਕਿਸੇ ਜੀਵ ਦੀ ਬਲੀ ਦੇਂਦੇ ਹਨ ਅਤੇ ਅਨੇਕਾਂ ਘਿਰਣਾ ਯੋਗ ਕਿਰਿਆਵਾਂ ਕਰਦੇ ਹਨ। ਉਨ੍ਹਾਂ ਦੀ ਉਪਾਸਨਾ ਵਿਚ ਨਿੰਦਾ ਭਰਪੂਰ ਕੰਮਾਂ ਦੀ ਕਾਫੀ ਥਾਂ ਹੈ। ਵਾਮ ਮਾਰਗੀ ਅਤੇ ਸ਼ਾਕਤ ਸ਼ੁੱਧ ਨਾਸਤਕ ਹੁੰਦੇ ਹਨ। ਇਨ੍ਹਾਂ ਵਿਚ ਹਦੋਂ ਵੱਧ ਕਰਮ ਕਾਂਡ ਮਿਲਦਾ ਹੈ। ਨਾਰੀ ਦਾ ਸੰਗ ਦੋਹਾਂ ਵਿਚ ਸਨਮਾਨਿਤ ਸੀ। ਅਜਿਹੇ ਮੱਤ ਨੂੰ ਗੁਰੂ ਨਾਨਕ ਦੇਵ ਜੀ ਨੇ ਵੱਡੀ ਪੱਧਰ ਤੇ ਭੰਡਿਆ ਹੈ। ਪ੍ਰਭੂ ਪ੍ਰਾਪਤੀ ਤਾਂ ਸ਼ਰਧਾ ਪ੍ਰਧਾਨ ਸ਼ੁੱਧ ਮਨ ਦੀ ਅਧਿਆਤਮਿਕ ਧਾਰਾ ਹੈ ਸੰਕਟਾਂ ਦੀ ਨਿੰਦਿਆ ਇਸ ਹੱਦ ਤਕ ਕੀਤੀ ਗਈ ਹੈ ਕਿ ਕਿਸੇ ਵੀ ਪਤਿਤ ਮਾਇਆਧਾਰੀ ਜੀਵ ਨੂੰ ਸਾਕਤ ਕਹਿ ਦਿੱਤਾ ਗਿਆ ਜੋ ਸਥਾਨ ਭ੍ਰਿਸ਼ਟ ਕਰਦਾ ਫਿਰਦਾ ਹੈ -

**ਬਿਨੁ ਸਿਮਰਨ ਗਰਧਭ ਕੀ ਨਿਆਈ ॥**
**ਸਾਕਤ ਥਾਨ ਭਰਿਸਟ ਫਿਰਾਹੀ ॥੫॥**
**ਬਿਨੁ ਸਿਮਰਨ ਕੂਕਰ ਹਰਕਾਇਆ ॥**
**ਸਾਕਤ ਲੋਭੀ ਬੰਧੁ ਨ ਪਾਇਆ ॥੬॥**
**ਬਿਨੁ ਸਿਮਰਨ ਹੈ ਆਤਮ ਘਾਤੀ ॥**
**ਸਾਕਤ ਨੀਚ ਤਿਸੁ ਕੁਲੁ ਨਹੀ ਜਾਤੀ ॥7॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 239)

ਗੁਰੂ ਸਾਹਿਬ ਨੇ ਫਰਮਾਇਆ ਹੈ ਕਿ ਕੇਵਲ ਪ੍ਰਭੂ ਦਾ ਨਾਮ ਹੀ ਇਸ ਮਾਇਆ ਜਾਲ ਵਿਚੋਂ ਛੁਟਕਾਰਾ ਦੁਆ ਸਕਦਾ ਹੈ।

**ਉਦਾਸੀ ਮੱਤ -**

ਇਸ ਮੱਤ ਦੇ ਉਪਾਸ਼ਕ ਘਰ ਬਾਰ,ਪਰਿਵਾਰ ਅਤੇ ਸੰਸਾਰ ਦੇ ਜੰਜਾਲ ਤੋਂ ਨਿਰਾਸ਼ ਹੋ ਕੇ ਕਿਸੇ ਵੀ ਅਵਸਥਾ ਵਿਚ ਪ੍ਰਭੂ ਪ੍ਰਤੀ ਪ੍ਰੇਰਨਾ ਲੈ ਕੇ ਉਸ ਦੇ ਭਜਨ ਸਿਮਰਨ ਵਿਚ ਲੀਨ ਰਹਿਣ ਲਈ ਉਦਾਸੀ ਮੱਤ ਧਾਰਨ ਕਰ ਲੈਂਦੇ ਹਨ। ਇਹ ਲੋਕ ਸਭ ਕੁਝ ਤਿਆਗ ਕੇ ਮੱਠਾਂ ਜਾਂ ਮੰਦਰਾਂ ਵਿਚ ਰਹਿਣਾ ਸ਼ੁਰੂ ਕਰ ਦਿੰਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਪੁੱਤਰ ਸ੍ਰੀ ਚੰਦ ਜੀ ਨੇ ਆਪਣੇ ਪਿਤਾ ਦੀ ਆਗਿਆ ਦੇ ਵਿਰੁੱਧ ਉਦਾਸੀ ਮੱਤ

www.sikhbookclub.com

ਚਲਾਇਆ ਸੀ। ਜਿਸ ਨੂੰ ਬਾਅਦ ਵਿਚ ਨਾਨਕ ਸ਼ਾਹੀ ਜਾਂ ਉਦਾਸੀ ਪੰਥ ਕਿਹਾ ਗਿਆ ਹੈ। ਗੁਰੂ ਨਾਨਕ ਦੇਵ ਜੀ ਨੇ ਇਸ ਪੰਥ ਨੂੰ ਅਪ੍ਰਵਾਨ ਕੀਤਾ ਸੀ। ਉਨ੍ਹਾਂ ਨੇ ਉਦਾਸੀ ਉਸ ਜੀਵ ਨੂੰ ਆਖਿਆ ਜਿਹੜਾ ਲੋਭ ਮੋਹ ਤੋਂ ਰਹਿਤ ਹੁੰਦਾ ਹੋਇਆ ਆਪਣੇ ਅੰਦਰ (ਚੰਨ ਸੂਰਜ ਦੀ ਗੰਢ) ਸੀਤਲਤਾ ਅਤੇ ਗਿਆਨ ਦਾ ਭੰਡਾਰ ਵਧਾਵੇ। ਇਸ ਤਰ੍ਹਾਂ ਅਜਿਹਾ ਉਦਾਸੀ ਹੀ ਅਮਰਪਦ ਦੀ ਪਦਵੀ ਪ੍ਰਾਪਤ ਕਰਦਾ ਹੈ -

ਮ : ੧॥

**ਸੋ ਉਦਾਸੀ ਜਿ ਪਾਲੇ ਉਦਾਸੁ ॥**
**ਅਰਧ ਉਰਧ ਕਰੇ ਨਿਰੰਜਨ ਵਾਸੁ ॥**
**ਚੰਦ ਸੂਰਜ ਕੀ ਪਾਏ ਗੰਢਿ ॥**
**ਤਿਸੁ ਉਦਾਸੀ ਕਾ ਪੜੈ ਨ ਕੰਧੁ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 952)

**ਬੈਰਾਗੀ ਮੱਤ -**

ਬੈਰਾਗੀ ਮੱਤ ਅਸਲ ਵਿਚ ਉਨ੍ਹਾਂ ਵਿਅਕਤੀਆਂ ਦਾ ਸਮੂਹ ਸੀ ਜੋ ਘਰ ਬਾਹਰ ਤੋਂ ਨਿਰਾਸ਼ ਅਤੇ ਪਰਿਵਾਰਿਕ ਝਮੇਲਿਆਂ ਦੇ ਮੋਹ ਬੰਧਨਾਂ ਤੋਂ ਮੁਕਤ ਹੋ ਕੇ ਪ੍ਰਮਾਤਮਾ ਦਾ ਭਜਨ ਕਰਕੇ ਜੀਵਨ ਮੁਕਤ ਕਰਨਾ ਚਾਹੁੰਦੇ ਸਨ। ਪਰ ਸਥਿਤੀ ਇਸ ਦੇ ਉਲਟ ਸੀ ਕਿਓਂਕਿ ਬੈਰਾਗੀ ਲੋਕ ਆਪਣਾ ਘਰ ਬਾਹਰ ਬੀਵੀ ਬੱਚੇ ਅਤੇ ਹੋਰ ਸੰਸਾਰਿਕ ਰਿਸ਼ਤਿਆਂ ਦਾ ਤਿਆਗ ਕਰ ਦਿੰਦੇ ਹਨ ਪਰ ਦੂਸਰੇ ਸੰਸਾਰੀ ਲੋਕਾਂ ਦੇ ਘਰਾਂ ਵਿਚ ਮੰਗਣ ਜਾਂਦੇ ਹਨ। ਆਪਣੀ ਨਾਰੀ ਦਾ ਤਿਆਗ ਕਰ ਕੇ ਦੂਸਰਿਆਂ ਨਾਰੀਆਂ ਪ੍ਰਤੀ ਉਨ੍ਹਾਂ ਦੇ ਮਨ ਦੀ ਖਿੱਚ ਬਣੀ ਰਹਿੰਦੀ ਹੈ। ਉਹ ਬੈਰਾਗੀ ਜਾਂ ਵੈਰਾਗੀ ਹੋ ਕੇ ਵੀ ਹਉਮੈ ,ਲੋਭ ,ਮੋਹ,ਕਾਮ ਅਤੇ ਕ੍ਰੋਧ ਕਰ ਕੇ ਦੁੱਖ ਭੋਗਦੇ ਹਨ। ਗੁਰੂ ਨਾਨਕ ਜੀ ਬੈਰਾਗੀਆਂ ਦੇ ਅਜਿਹੇ ਦ੍ਰਿਸ਼ਟੀਕੋਣ ਅਤੇ ਫੋਕਟ ਧਾਰਨਾਵਾਂ ਦਾ ਖੰਡਨ ਕਰਦਿਆਂ ਲਿਖਦੇ ਹਨ --------

ਮ: ੧ ॥

**ਸੋ ਬੈਰਾਗੀ ਜਿ ਉਲਟੇ ਬ੍ਰਹਮੁ ॥**
**ਗਗਨ ਮੰਡਲ ਮਹਿ ਰੋਪੈ ਥੰਮੁ ॥**
**ਅਹਿਨਿਸਿ ਅੰਤਰਿ ਰਹੈ ਧਿਆਨਿ ॥**
**ਤੇ ਬੈਰਾਗੀ ਸਤ ਸਮਾਨਿ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 953)

ਅਤੇ ਉਨ੍ਹਾਂ ਨੇ ਲਿਖਿਆ ਹੈ ਕਿ -

**ਬਿਨੁ ਬੈਰਾਗ ਕਹਾ ਬੈਰਾਗੀ ॥**

www.sikhbookclub.com

**ਬਿਨੁ ਹਉ ਤਿਆਗਿ ਕਹਾ ਕੋਊ ਤਿਆਗੀ ॥**
**ਬਿਨੁ ਬਸਿ ਪੰਚ ਕਹਾ ਮਨ ਚੂਰੇ ॥**
**ਨਾਮ ਬਿਨਾ ਸਦ ਸਦ ਹੀ ਝੂਰੇ ॥੪॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1140)

ਅਰਥਾਤ ਅਸਲੀ ਬੈਰਾਗੀ ਤਾਂ ਉਹ ਹੈ ਜੋ ਹਉਮੈ ਨੂੰ ਤਿਆਗ, ਨਾਮ ਰੂਪੀ ਅੰਮ੍ਰਿਤ ਚੱਖ ਕੇ ਸਹਿਜ ਦੀ ਅਵਸਥਾ ਪ੍ਰਾਪਤ ਕਰ ਜਾਂਦਾ ਹੈ। ਸਤਿਗੁਰ ਬਗੈਰ ਕੋਈ ਰਾਮ ਨਾਮ ਨਹੀਂ ਪ੍ਰਾਪਤ ਕਰ ਸਕਦਾ। ਅਮਰ ਰੂਪੀ ਅੰਮ੍ਰਿਤ ਦੀ ਬਖਸ਼ਿਸ਼ ਹੋ ਜਾਵੇ ਤਾਂ ਘਰ ਵਿਚ ਰਹਿੰਦਾ ਹੋਇਆ ਜੀਵ ਬੈਰਾਗ ਧਾਰਨ ਕਰ ਜਾਂਦਾ ਹੈ ਫਿਰ ਉਸ ਨੂੰ ਕਿਸੇ ਵੀ ਚੀਜ ਦਾ ਤਿਆਗ ਕਰਨ ਦੀ ਜ਼ਰੂਰਤ ਨਹੀਂ ਰਹਿੰਦੀ। ਗੁਰੂ ਸਾਹਿਬ ਨੇ ਫਰਮਾਇਆ ਹੈ ਕਿ -

**ਵਰਨੁ ਭੇਖੁ ਅਸਰੂਪੁ ਨ ਜਾਪੀ ਕਿਉ ਕਰਿ ਜਾਪਸਿ ਸਾਚਾ ॥**
**ਨਾਨਕ ਨਾਮਿ ਰਤੇ ਬੈਰਾਗੀ ਇਬ ਤਬ ਸਾਚੋ ਸਾਚਾ ॥੬੬॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 945)

**ਭਗਵਤੀ ਮੱਤ**-ਅਵਤਾਰਵਾਦ ਵਿਚ ਵਿਸ਼ਵਾਸ਼ ਰੱਖਣ ਵਾਲੇ ਅਤੇ ਸ੍ਰੀ ਮਦ ਭਗਵਤ ਗੀਤਾ ਦੇ ਉਪਾਸ਼ਕ ਆਪਣੇ ਆਪ ਨੂੰ ਭਗਵਤੀ ਮੱਤ ਦੇ ਅਨੁਯਾਈ ਅਖਵਾਂਦੇ ਹਨ। ਗੁਰੂ ਨਾਨਕ ਬਾਣੀ ਤੋਂ ਬਿਨਾ ਲੋਕਾਂ ਪ੍ਰਤੀ ਵੀ ਇਹ ਗੱਲ ਰੂਪਮਾਨ ਹੁੰਦੀ ਹੈ ਕਿ ਭਗਵਤੀ ਮੱਤ ਦੇ ਚੇਲੇ ਵੀ ਮੂਲ ਸਾਧਨਾ ਨੂੰ ਛੱਡ ਕੇ ਗਿਆਨ ਵਿਹੂਣੇ ਹੋ ਕੇ ਕੇਵਲ ਅਡੰਬਰਾਂ ਅਤੇ ਵਿਸ਼ੇ ਵਿਕਾਰਾਂ ਵਿਚ ਲੀਨ ਹੋ ਗਏ ਸਨ। ਗੁਰਮਤਿ ਅਨੁਸਾਰ ਸੱਚਾ ਭਗਵਤੀ ਉਹ ਹੈ ਜਿਹੜਾ ਗੁਰੂ ਦੀ ਕਿਰਪਾ ਨਾਲ ਆਤਮ ਗਿਆਨ ਪ੍ਰਾਪਤ ਕਰਦਾ ਹੋਇਆ ਪਰਮ-ਪਦ ਦੀ ਮੰਜ਼ਿਲ ਨੂੰ ਪ੍ਰਾਪਤ ਕਰ ਲੈਂਦਾ ਹੈ, ਨਹੀਂ ਤਾਂ ਹੋਰ ਸਭ ਫੋਕਟ ਭਰਮ ਵਸ ਜੀਵ ਆਪਣਾ ਸਮਾਂ ਵਿਅਰਥ ਹੀ ਗਵਾ ਰਿਹਾ ਹੈ -

**ਮ: ੩ ॥**
**ਸੋ ਭਗਉਤੀ ਜੁੋ ਭਗਵੰਤੈ ਜਾਣੈ ॥**
**ਗੁਰ ਪਰਸਾਦੀ ਆਪੁ ਪਛਾਣੈ ॥**
**ਧਾਵਤੁ ਰਾਖੈ ਇਕਤੁ ਘਰਿ ਆਣੈ ॥**
**ਜੀਵਤੁ ਮਰੈ ਹਰਿ ਨਾਮੁ ਵਖਾਣੈ ॥**
**ਐਸਾ ਭਗਉਤੀ ਉਤਮੁ ਹੋਇ ॥**
**ਨਾਨਕ ਸਚਿ ਸਮਾਵੈ ਸੋਇ ॥੨॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 88)

**ਮੋਨੀ, ਮੁੰਡੀ ਅਤੇ ਕਾਪੜੀਏ ਮੱਤ** - ਇਹ ਮੱਤ ਤਾਂ ਪੂਰਨ ਤੌਰ ਤੇ ਅਧਿਆਤਮਕ

www.sikhbookclub.com

ਤੋਂ ਕੋਰਾ ਹੀ ਹੈ। ਕਿਉਂਕਿ ਇਨ੍ਹਾਂ ਦਾ ਬਹੁਤਾ ਜ਼ੋਰ ਆਤਮਕ ਉੱਨਤੀ ਦੀ ਬਜਾਏ ਬਾਹਰੀ ਭੇਖ-ਪਾਖੰਡ ਤੇ ਜ਼ਿਆਦਾ ਕੇਂਦਰਿਤ ਰਿਹਾ ਹੈ ਸਦਾ ਚੁੱਪ ਕਰਨ ਵਾਲੇ ਨੂੰ ਮੌਨੀ ਅਰਥਾਤ ਮੌਨ ਧਾਰਨ ਕਰਨ ਵਾਲਾ, ਸਿਰ, ਦਾਹੜੀ, ਮੁੱਛਾ ਮੁੰਨਾ ਕੇ ਰੋਡ ਮੋਡ ਹੋਏ ਨੂੰ ਮੁੰਡੀ ਅਤੇ ਪੀਲੇ ਭਗਵੇ ਚਿੱਟੇ ਜਾਂ ਚੀਥੜੇ ਧਾਰਨ ਕਰਨ ਵਾਲਿਆਂ ਨੂੰ ਕਾਪੜੀਏ ਮੱਤ ਵਾਲੇ ਕਿਹਾ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਮੁਨੀ , ਮੁੰਡੀ ਅਤੇ ਕਾਪੜੀਏ ਮੱਤ ਵਾਲਿਆਂ ਨੂੰ ਹੰਕਾਰੀ ਕਾਮੀ ਕ੍ਰੋਧੀ ਲੋਭੀ, ਗਿਆਨ ਵਿਹੂਣੇ ਮਾਇਆ ਦੇ ਦੀਵਾਨੇ ਅੰਮ੍ਰਿਤ ਛੱਡ ਕੇ ਜ਼ਹਿਰ ਪੀਣ ਵਾਲੇ ਪ੍ਰਭੂ ਦੇ ਭਾਣੇ ਤੋਂ ਅਣਜਾਣ ਅਤੇ ਪਸ਼ੂਆਂ ਸਮਾਨ ਮੰਨਿਆ ਹੈ। ਉਨ੍ਹਾਂ ਨੇ ਫੁਰਮਾਇਆ ਹੈ -

**ਹਾਥ ਕਮੰਡਲੁ ਕਾਪੜੀਆ ਮਨਿ ਤ੍ਰਿਸਨਾ ਉਪਜੀ ਭਾਰੀ ॥**
**ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ ਚਿਤੁ ਲਾਇਆ ਪਰ ਨਾਰੀ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1013)

ਇਹ ਪ੍ਰਤੀਤ ਹੁੰਦਾ ਹੈ ਕਿ ਅਜਿਹੇ ਮੱਤ-ਮਤਾਂਤਰ ਮੱਧਕਾਲੀ ਪਾਖੰਡਾਂ ਦੀ ਉਪਜ ਹੋਣਗੇ। ਇਹਨਾਂ ਦੀ ਤਹਿ ਤੱਕ ਪਰਖ ਪੜਚੋਲ ਕਰਨ ਉਪਰੰਤ ਕੁਝ ਵੀ ਤੱਤ ਸਾਰ ਨਹੀਂ ਨਿਕਲਦਾ।

**ਤਪੱਸਵੀ ਅਤੇ ਸੰਨਿਆਸੀ -**

ਆਸ਼ਰਮ ਅਵਸਥਾ ਵਿਚ ਸੰਨਿਆਸ ਆਸ਼ਰਮ ਚੌਥਾ ਅਤੇ ਅੰਤਮ ਆਸ਼ਰਮ ਸੀ। ਯੋਗ ਅਵਸਥਾ ਪ੍ਰਾਪਤ ਕਰਨ ਉਤੇ ਜਦ ਵਿਅਕਤੀ ਇਸ ਆਸ਼ਰਮ ਵਿਚ ਪ੍ਰਵੇਸ਼ ਕਰਦਾ ਸੀ ਤਾਂ ਉਹ ਆਪਣਾ ਪਰਾਇਆ ਭੁੱਲ ਕੇ ਲੋਕ-ਕਲਿਆਣ ਵਿਚ ਜੁੜ ਜਾਂਦਾ ਸੀ। ਇਹੋ ਹੀ ਉਸ ਵਿਅਕਤੀ ਦੀ ਪ੍ਰਭੂ ਭਗਤੀ ਅਤੇ ਸੇਵਾ ਸਮਝੀ ਜਾਂਦੀ ਸੀ। ਤੀਜੇ ਆਸ਼ਰਮ ਵਣ-ਪ੍ਰਸਥਾਨ ਵਿਚ ਤਪਸਿਆ ਦੁਆਰਾ ਉਹ ਆਪਣੀਆਂ ਇੰਦ੍ਰੀਆਂ ਤੇ ਕਾਬੂ ਪਾ ਲੈਂਦਾ ਸੀ। ਭਾਵ ਇਹ ਹੈ ਉਸ ਅਵਸਥਾ ਵਿਚ ਹਰ ਵਿਅਕਤੀ ਉਮਰ ਦੀ ਪ੍ਰਪੱਕਤਾ ਅਨੁਸਾਰ ਪਹਿਲੇ ਤੱਪਸਵੀ ਤੇ ਫੇਰ ਸੰਨਿਆਸੀ ਹੁੰਦਾ ਸੀ। ਪਰ ਮੱਧ ਕਾਲ ਵਿਚ ਤੱਪ ਅਤੇ ਸੰਨਿਆਸ ਦਾ ਅਧਾਰ ਹੀ ਨਸ਼ਟ ਹੋ ਗਿਆ ਸੀ। ਇਹਨਾਂ ਦੇ ਅੱਗੇ ਜਿਥੇ ਕਈ ਫਿਰਕੇ ਬਣ ਗਏ, ਉਥੇ ਆਚਰਣ ਪੱਖੋਂ ਵੀ ਗਿਰ ਗਏ। ਇਹਨਾਂ ਵਿਚੋਂ ਤੱਪਸਵੀਆਂ ਦੀਆਂ 12 ਸੰਪਰਦਾਵਾਂ ਵਧੇਰੇ ਪ੍ਰਸਿੱਧ ਹੋਈਆਂ ਜਿਨ੍ਹਾਂ ਦਾ ਗੁਰੂ ਨਾਨਕ ਦੇਵ ਜੀ ਨੇ ਆਪਣੀ ਰਚਨਾ ਵਿਚ ਕਈ ਥਾਈਂ ਜ਼ਿਕਰ ਕੀਤਾ ਅਤੇ ਦੱਸ ਸੰਨਿਆਸੀ ਦੇ ਫਿਰਕੇ ਕਾਫੀ ਪ੍ਰਚਲਿਤ ਹੋਏ। ਗੁਰੂ ਸਾਹਿਬ ਨੇ ਅਜਿਹੇ ਦੰਭੀ ਅਤੇ ਪਾਖੰਡੀ ਤੱਪਸਵੀ ਅਤੇ ਸੰਨਿਆਸੀਆਂ ਨੂੰ ਕਰੜੇ ਹੱਥੀਂ ਲਿਆ ਹੈ। ਉਨ੍ਹਾਂ ਅਨੁਸਾਰ ਜਦ ਅਜਿਹੇ ਤੱਪਸਵੀ ਅਤੇ ਸੰਨਿਆਸੀ ਖੁਦ ਹੀ ਮੋਹ ਮਾਇਆ ਅਤੇ ਵਿਸ਼ੇ ਵਿਕਾਰਾਂ ਵਿਚ ਬੁਰੀ ਤਰਾਂ ਗ੍ਰਸੇ ਹੋਏ ਹਨ ਤਾਂ ਉਨ੍ਹਾਂ ਦੇ ਚੇਲੇ

www.sikhbookclub.com

ਕਿਵੇਂ ਪਰਮ ਪਦ ਪਾ ਸਕਦੇ ਹਨ। ਸਿਰਫ ਗੁਰੂ ਨਾਲ ਜੁੜ ਕੇ ਹੀ ਮੁਕਤੀ ਪ੍ਰਾਪਤ ਹੋ ਸਕਦੀ ਹੈ -

**ਬਾਰਹ ਮਹਿ ਜੋਗੀ ਭਰਮਾਏ ਸੰਨਿਆਸੀ ਛਿਅ ਚਾਰਿ ॥**
**ਗੁਰ ਕੈ ਸਬਦਿ ਜੋ ਮਰਿ ਜੀਵੈ ਸੋ ਪਾਏ ਮੋਖ ਦੁਆਰੁ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 941)

**ਜੋਗ ਮੱਤ** -ਵਿਆਕਰਣਤਾਵਾਂ ਅਨੁਸਾਰ ਯੋਗ ਸ਼ਬਦ ਦੀ ਉਤਪਤੀ ਯੁਜ ਧਾਤੂ ਤੋਂ ਹੋਈ ਹੈ ਜਿਸ ਦੇ ਅਰਥ ਹਨ ਜੋੜਨਾ। ਪਾਨਿਨੀ ਨੇ ਯੋਗ ਸ਼ਬਦ ਦੇ ਤਿੰਨ ਅਰਥ ਦੱਸੇ ਹਨ -ਸੰਯੋਗ (ਜੁੜਨ ਦੇ ਅਰਥਾਂ ਵਿਚ), ਸੰਯਮਨ (ਬੰਨਣ ਦੇ ਅਰਥਾਂ ਵਿਚ), ਅਤੇ ਸਮਾਧੀ (ਇਕਸੁਰਤਾ ਦੇ ਅਰਥਾਂ ਵਿਚ)। ਇਹ ਸਾਰੇ ਅਰਥ ਵਿਅਕਤੀ ਦੀ ਹੋਂਦ ਨੂੰ ਪ੍ਰਭੂ ਵਿਚ ਅਭੇਦ ਕਰ ਦੇਣ ਦੇ ਵਾਚਕ ਹਨ। ਪੁਰਾਤਨ ਅਤੇ ਸਮਕਾਲੀਨ ਦਾਰਸ਼ਨਿਕ ਸਾਹਿਤ ਵਿਚ ਯੋਗ ਸ਼ਬਦ ਦੀ ਵਰਤੋਂ ਭਿੰਨ ਭਿੰਨ ਅਰਥਾਂ ਵਿਚ ਹੋਈ ਹੈ। ਇਸ ਨੂੰ ਆਮ ਤੌਰ ਤੇ ਯੌਜਿਕ (ਜੁੜਨ) ਦੇ ਭਾਵ ਵਜੋਂ ਵਰਤਿਆ ਗਿਆ ਹੈ। ਬਹੁਤ ਸਾਰੀਆਂ ਰਚਨਾਵਾਂ ਵਿਚ ਯੋਗ ਸ਼ਬਦ ਜੀਵਾਤਮਾ ਦੀ ਪ੍ਰਮਾਤਮਾ ਨਾਲ ਅਭੇਦਤਾ ਲਈ ਵੀ ਵਰਤਿਆ ਗਿਆ ਹੈ। ਐਸ ਕੇ ਮਜੂਮਦਾਰ ਨੇ ਯੋਗ ਸ਼ਬਦ ਦਾ ਅਰਥ ਉੱਚਤਮ ਉਦੇਸ਼ ਭਾਵ ਬ੍ਰਹਮ ਦੀ ਪਛਾਣ ਕਰਨਾ ਦੱਸਿਆ ਹੈ। ਡਾਕਟਰ ਰਾਧਾ ਕ੍ਰਿਸ਼ਨਨ ਦੇ ਵਿਚਾਰ ਅਨੁਸਾਰ ਯੋਗ ਦਾ ਮਨੋਰਥ ਵਿਅਕਤੀ ਨੂੰ ਪਦਾਰਥ ਦੇ ਨਿਯੰਤਰਣ ਤੋਂ ਮੁਕਤ ਕਰਨਾ ਹੈ। ਪਦਾਰਥ ਦਾ ਸਿਖਰਲਾ ਰੂਪ ਚਿਤ ਹੈ ਅਤੇ ਯੋਗ ਦੁਆਰਾ ਮਨੁੱਖ ਆਪਣੇ ਆਪ ਨੂੰ ਚਿਤ ਦੀਆਂ ਜ਼ੰਜੀਰਾਂ ਤੋਂ ਮੁਕਤ ਕਰ ਸਕਦਾ ਹੈ।

ਗੁਰੂ ਨਾਨਕ ਦੇ ਸਮੇਂ ਜੋਗ ਮੱਤ ਬਹੁਤ ਪ੍ਰਚਲਿਤ ਸੀ। ਜੋਗੀਆਂ ਦੇ ਦੋ ਸੰਪਰਦਾਏ ਸਨ ਉੱਘੜ ਪੰਥੀ ਅਤੇ ਨਾਥ ਪੰਥੀ। ਨਾਥ ਪੰਥੀ ਜੋਗੀ ਗੋਰਖਨਾਥ ਦੇ ਅਨੁਯਾਈ ਸਨ ਤੇ ਇਹਨਾਂ ਵਿਚ ਹਰ ਜਾਤੀ ਦੇ ਲੋਕ ਸ਼ਾਮਲ ਹੋ ਸਕਦੇ ਸਨ। ਕਈ ਵਾਰ ਇਸਤ੍ਰੀਆਂ ਵੀ ਜੋਗਣੀਆਂ ਬਣ ਜਾਂਦੀਆਂ ਸਨ। ਜੋਗੀਆਂ ਨੂੰ ਕਈ ਕਿਸਮ ਦੇ ਇਮਤਿਹਾਨਾਂ ਵਿਚੋਂ ਲੰਘਣਾ ਪੈਂਦਾ ਸੀ। ਅੰਤ ਵਿਚ ਭੈਰਵੀ ਚਾਕੂ ਨਾਲ ਓਹਦੇ ਕੰਨਾਂ ਵਿਚ ਮੋਰੀਆਂ ਕਰ ਕੇ "ਮੁੰਦਰਾਂ" ਪਾ ਦਿੱਤੀਆਂ ਜਾਂਦੀਆਂ ਸਨ। ਤਦ ਤੋਂ ਉਹ ਕੰਨਪਾਟਾ ਜੋਗੀ ਅਖਵਾਉਂਦਾ ਸੀ ਅਤੇ ਆਪਣੇ ਨਾਂ ਦੇ ਪਿਛੇ ਨਾਥ ਸ਼ਬਦ ਦਾ ਵਾਧਾ ਕਰ ਲੈਂਦਾ ਸੀ ਅਤੇ ਜੋ ਜੋਗੀ ਕੰਨਪਾਟੇ ਨਹੀਂ ਹੁੰਦੇ ਸੀ ਉਨ੍ਹਾਂ ਨੂੰ ਔਘੜ ਕਿਹਾ ਜਾਂਦਾ ਸੀ। ਇਹ ਜੋਗੀ ਇੱਕ ਦੂਜੇ ਨੂੰ ਮਿਲਣ ਵੇਲੇ ਨਮਸਕਾਰ ਦੀ ਥਾਂ ਸ਼ਬਦ ਆਦੇਸ਼ ਵਰਤਦੇ ਸਨ ਤੇ ਆਪਣੇ ਕੋਲ ਖੱਪਰੀ ਤੇ ਸਿੰਙੀ ਰੱਖਦੇ ਸਨ।

ਜੋਗ ਮੱਤ ਅਨੁਸਾਰ ਸਾਡੇ ਸਰੀਰ ਵਿਚ ਅਨੇਕਾਂ ਹੀ ਨਾੜੀਆਂ ਹਨ ਜਿੰਨ੍ਹਾਂ ਵਿਚ

www.sikhbookclub.com

ਇੜਾ, ਪਿੰਗਲਾ ਤੇ ਸੁਖਮਨਾ ਨਾੜੀਆਂ ਮੁਖ ਹਨ। ਇੰਨ੍ਹਾਂ ਨਾੜੀਆਂ ਦੀ ਸ਼ੁਧੀ ਲਈ ਪ੍ਰਾਣਾਯਾਮ ਦਾ ਅਭਿਆਸ ਬੜੀ ਜ਼ਰੂਰੀ ਕਿਰਿਆ ਮੰਨੀ ਗਈ ਹੈ। ਇਹ ਖਿਆਲ ਕੀਤਾ ਜਾਂਦਾ ਸੀ ਕਿ ਪ੍ਰਾਣਾਯਾਮ ਕਰਨ ਨਾਲ ਸਾਰੇ ਪਾਪ ਝੜ ਜਾਂਦੇ ਹਨ ਅਤੇ ਜੋਗੀਆਂ ਨੂੰ ਸਿਧੀਆਂ ਪ੍ਰਾਪਤ ਹੁੰਦੀਆਂ ਹਨ।

ਸਿੱਧ ਮੱਤ ਅਨੁਸਾਰ ਜੇ ਕੋਈ ਵਿਅਕਤੀ ਅਭਿਆਸ ਨਾਲ ਸਿੱਧ ਦੇਹੀ ਹੋ ਜਾਏ ਤਾਂ ਉਹ ਦਿਬ ਦੇਹੀ (ਪ੍ਰਮਾਤਮਾ) ਵਿਚ ਅਮਰ ਹੋ ਜਾਂਦਾ ਹੈ। ਸਿਧੀ ਦੀ ਅਵਸਥਾ ਪਹੁੰਚਣ ਦਾ ਅਰਥ ਜੀਵਨ ਮੁਕਤ ਹੁੰਦਾ ਹੈ। ਇਹ ਉੱਚਤਮ ਅਵਸਥਾ ਸ਼ਿਵ ਹੋਣ ਦੀ ਅਵਸਥਾ ਸੀ ਅਤੇ ਇਹੋ ਹੀ ਨਾਥ ਪੰਥ ਦਾ ਅੰਤਰਸਟ ਸੀ। ਯੋਗ ਮੱਤ ਵਿਚ ਇਹ ਵਿਸ਼ਵਾਸ ਪ੍ਰਚਲਿਤ ਸੀ ਕਿ ਸਿੱਧ ਅਵਸਥਾ ਵਿਚ ਪਹੁੰਚ ਕੇ ਯੋਗੀ ਦੇ ਅੰਦਰ ਅੱਠ ਕਰਾਮਾਤਾਂ ਸ਼ਕਤੀਆਂ ਜਾਂ ਵਿਭੂਤੀਆਂ ਆ ਜਾਂਦੀਆਂ ਹਨ।

ਗੁਰੂ ਸਾਹਿਬ ਵਲੋਂ ਬਹੁਤ ਸਾਰੇ ਸ਼ਬਦ ਅਤੇ ਸਲੋਕ ਜੋਗੀਆਂ ਦੇ ਹਵਾਲੇ ਨਾਲ ਲਿਖੇ ਹੋਏ ਮਿਲਦੇ ਹਨ। ਸਿੱਧ ਗੋਸ਼ਟਿ ਤਾਂ ਪੂਰਨ ਤੌਰ ਤੇ ਜੋਗੀਆਂ ਬਾਰੇ ਹੀ ਲਿਖੀ ਹੋਈ ਹੈ। ਜੋਗ ਦਾ ਸ਼ਬਦੀ ਭਾਵ ਹੈ ਮਿਲਣਾ ਜਾਂ ਜੁੜਨਾ। ਜੋਗੀ ਤਨ ਮਨ ਦੀਆਂ ਬਿਰਤੀਆਂ ਇਕਾਗ੍ਰ ਕਰਨ ਦਾ ਯਤਨ ਕਰਦੇ ਸਨ। ਜਿਵੇਂ ਬੋਧੀ ਉਹ ਹੁੰਦਾ ਸੀ ਜਿਸ ਨੂੰ ਸਹੀ ਕਿਸਮ ਦੀ ਬੁੱਧ ਜਾਂ ਗਿਆਨ ਮਿਲ ਗਿਆ ਹੋਵੇ। ਉਵੇਂ ਜੋਗੀ ਉਹ ਸੀ ਜਿਸ ਨੇ ਖਿਲਰੇ ਹੋਏ ਮਨ ਅਤੇ ਤਨ ਨੂੰ ਕਿਸੇ ਜੁਗਤ ਨਾਲ ਇਕਾਗ੍ਰ ਕਰ ਲਿਆ ਹੋਵੇ। ਜੋਗੀਆਂ ਨੂੰ ਸਿੱਧ ਵੀ ਆਖਦੇ ਹਨ। ਸਿੱਧ ਉਹ ਹੈ ਜਿਸ ਨੇ ਤਨ ਮਨ ਨੂੰ ਨਿਯੰਤਰਣ ਹੇਠ ਲਿਆ ਕੇ ਅੰਦਰੋਂ ਉਹ ਅਵਾਜ਼ਾਂ ਸੁਣ ਲਈਆਂ ਹੋਣ ਜਿਨ੍ਹਾਂ ਨੂੰ ਸੁਣਨ ਤੋਂ ਪਿੱਛੋਂ ਸਿਧੀ ਅਧਿਆਤਮਕ ਸ਼ਕਤੀ ਹਾਸਲ ਕਰ ਸਕਦਾ ਹੈ। ਪੰਜਾਬ ਅੰਦਰ ਜੋਗੀਆਂ ਨੂੰ ਨਾਥ ਵੀ ਆਖਿਆ ਜਾਂਦਾ ਹੈ।

ਜੋਗ ਮੱਤ ਦੇ ਸ਼ੁਰੂ ਹੋਣ ਬਾਰੇ ਦੋ ਖਿਆਲ ਆਮ ਪ੍ਰਚਲਿਤ ਹਨ। ਇੱਕ ਤਾਂ ਇਹ ਕਿ ਜੋਗੀ ਸ਼ਿਵ ਜੀ ਦੇਵਤਾ ਦੇ ਉਪਾਸ਼ਕ ਹਨ ਅਤੇ ਦੂਜਾ ਇਹ ਕਿ ਜੋਗ ਪੰਥ ਮਹਾਤਮਾ ਬੁੱਧ ਤੋਂ ਬਾਅਦ ਬੋਧੀ ਭਿਕਸ਼ੂਆਂ ਦੀ ਪ੍ਰੰਪਰਾ ਉਤੇ ਪੈਦਾ ਹੋਇਆ ਹੈ। ਜਿਵੇਂ ਬੋਧੀ ਭਿਕਸ਼ੂ ਘਰ ਬਾਰ ਤਿਆਗ ਦਿੰਦੇ ਹਨ ਤੇ ਮੰਗ ਕੇ ਖਾਂਦੇ ਹਨ, ਇਸੇ ਤਰ੍ਹਾਂ ਹੀ ਜੋਗੀਆਂ ਨੇ ਵੀ ਗ੍ਰਿਹਸਤ ਜੀਵਨ ਨੂੰ ਤਿਆਗ ਦੇਣਾ ਅਤੇ ਭਿਕਸ਼ਾ ਮੰਗਣਾ ਆਪਣਾ ਨਿਯਮ ਬਣਾ ਲਿਆ। ਇਸ ਦੂਜੇ ਮੱਤ ਅਨੁਸਾਰ ਬੁੱਧ ਮੱਤ ਦੇ ਕਈ ਖਿਆਲ ਜੋਗ ਮੱਤ ਦਾ ਹਿੱਸਾ ਬਣ ਗਏ। ਸ਼ਿਵ ਜੀ ਦੇ ਉਪਾਸ਼ਕ ਹੋਣ ਦਾ ਭਾਵ ਇਹ ਹੈ ਕਿ ਜੋਗ ਮੱਤ ਦੇ ਕਈ ਹਿੱਸੇ ਬਹੁਤ ਹੀ ਪੁਰਾਣੇ ਹੋਣਗੇ। ਵੇਦਾਂ ਤੋਂ ਵੀ ਪੁਰਾਣੇ ਕਿਉਂਕਿ ਸ਼ਿਵ ਜੀ ਭਾਰਤ ਦਾ ਸਭ ਤੋਂ ਪੁਰਾਣਾ ਦੇਵਤਾ ਹੈ ਸ਼ਾਇਦ ਆਰੀਆ ਤੋਂ ਵੀ ਪਹਿਲਾਂ ਦਾ ਦੇਵਤਾ। ਪਰ ਜੋਗ ਮੱਤ ਦੇ

www.sikhbookclub.com

ਦਾਰਸ਼ਨਿਕ ਅੰਸ਼ ਹਿੰਦੂ ਧਰਮ ਦੀ ਦੇਣ ਹਨ। ਹਿੰਦੂ ਫਿਲਾਸਫੀ ਦੀਆਂ ਛੇ ਵੱਖ ਵੱਖ ਸ਼ਾਖਾਵਾਂ ਮੰਨਿਆਂ ਜਾਂਦੀਆਂ ਹਨ। ਉਹਨਾਂ ਵਿਚੋਂ ਇੱਕ ਸ਼ਾਖਾ, ਸ਼ਾਖਾ ਸ਼ਾਸ਼ਤ੍ਰ ਹੈ।ਅਤੇ ਇੱਕ ਹੋਰ ਯੋਗ ਸ਼ਾਸ਼ਤ੍ਰ। ਯੋਗ ਮੱਤ ਉਤੇ ਇਹਨਾਂ ਦੋਹਾਂ ਸ਼ਾਖਾਵਾਂ ਦਾ ਅਸਰ ਹੈ। ਜੋਗ ਮੱਤ ਦੇ ਚਾਰ ਰੂਪ ਮੰਨੇ ਗਏ ਹਨ -

1) ਮੰਤਰ ਯੋਗ 2) ਲਞਯ ਯੋਗ 3) ਰਾਜ ਯੋਗ ਅਤੇ 4) ਹੱਠ ਯੋਗ

ਇਹ ਚਾਰ ਯੋਗ ਹੋਣ ਤੋਂ ਭਾਵ ਵੀ ਇਹ ਹੈ ਕਿ ਜੋਗ ਮੱਤ ਬਹੁਤ ਸਾਰੀਆਂ ਚੀਜਾਂ ਦਾ ਮਿਲਗੋਭਾ ਹੈ। ਮੰਤਰ ਯੋਗ ਉਸ ਸਮੇਂ ਦੀ ਉਪਜ ਸੀ ਜਦੋਂ ਭਾਰਤੀ ਸਮਾਜ ਦੇ ਲੋਕ ਅਜੇ ਬਹੁਤ ਥੋੜੇ ਗਿਆਨ ਦੇ ਮਾਲਕ ਸਨ ਅਤੇ ਜਾਦੂ-ਟੂਨਿਆਂ ਰਾਹੀਂ ਕਸ਼ਟਾਂ ਦਾ ਨਿਵਾਰਨ ਕਰਨ ਦਾ ਯਤਨ ਕਰਦੇ ਸਨ। ਲਞਯ ਯੋਗ ਦਾ ਭਾਵ ਹੈ ਕਿਸੇ ਚੀਜ ਜਾਂ ਉਸ ਦੇ ਖਿਆਲ ਉਤੇ ਧਿਆਨ ਟਿਕਾ ਕੇ ਉਸੇ ਚੀਜ਼ ਨਾਲ ਇਕਮਿਕ ਹੋਣ ਦਾ ਯਤਨ ਕਰਨਾ। ਸਿੱਧੀ ਸਿਧਾਂਤ ਦੇ ਅਨੁਸਾਰ ਹੱਠ ਦਾ ਪਰਿਭਾਸ਼ਕ ਅਰਥ ਹੈ -ਸੂਰਜ ਅਤੇ ਚੰਦਰਮਾ ਦਾ ਮੇਲ ਕਿਉਂਕਿ 'ਹ' ਸੂਰਜ ਅਤੇ 'ਠ' ਚੰਦਰ ਦਾ ਪ੍ਰਤੀਕ ਹੈ। ਇਸ ਦ੍ਰਿਸ਼ਟੀ ਤੋਂ ਹੱਠ ਯੋਗ ਉਸ ਸਾਧਨਾ ਦਾ ਨਾਂ ਹੈ ਜਿਸ ਵਿਚ ਸੂਰਜ ਅਤੇ ਚੰਦਰ ਦਾ ਸੰਯੋਗ ਕੀਤਾ ਜਾਂਦਾ ਹੈ। ਹੱਠ ਯੋਗ ਸਰੀਰ ਦੇ ਕਠਿਨ ਆਸਣ ਲਾਉਣ ਅਤੇ ਸਰੀਰ ਨੂੰ ਸਾਧ ਕੇ ਉਸ ਨੂੰ ਲੰਮੇ ਸਮੇਂ ਤਕ ਜਿਉਂਦਾ ਰੱਖਣ ਦਾ ਯਤਨ ਸੀ। ਇਹ ਮੌਤ ਉਪਰ ਜਿੱਤ ਪ੍ਰਾਪਤ ਕਰਨ ਦਾ ਯਤਨ ਸੀ। ਇਸੇ ਕਰਕੇ ਜੋਗ ਨੂੰ ਸਰੀਰ ਧਰਮ ਸਿਖਿਆ ਵੀ ਆਖ ਦਿੱਤਾ ਜਾਂਦਾ ਹੈ। ਰਾਜ ਯੋਗ ਇੱਕ ਪਾਸੇ ਤਾਂ ਸਰੀਰ ਨੂੰ ਸਾਧਣ ਤੇ ਦੂਜੇ ਪਾਸੇ ਕੋਈ ਅਧਿਆਤਮਕ ਗਿਆਨ ਹਾਸਲ ਕਰਨ ਤੇ ਜ਼ੋਰ ਦਿੰਦਾ ਸੀ। ਇਸ ਲਈ ਅਸਲੀ ਜੋਗ ਮੱਤ ਰਾਜ ਜੋਗ ਨੂੰ ਮੰਨਿਆ ਜਾਂਦਾ ਹੈ।

ਜਿਵੇਂ ਬੋਧੀ ਅਸ਼ਟਾਂਗ (ਅੱਠ ਅੰਗਾਂ ਵਾਲੀ ਰਹੁ-ਰੀਤ ) ਅਪਣਾਉਂਦੇ ਸਨ ਇਵੇਂ ਹੀ ਜੋਗ ਮੱਤ ਦੇ ਅੱਠ ਹਿੱਸੇ ਬਣਾਏ ਗਏ ਹਨ ਜੋ ਇਸ ਪ੍ਰਕਾਰ ਹਨ -

1) ਯਮ 2) ਨਿਯਮ 3) ਆਸਣ 4) ਪ੍ਰਾਣਾਯਾਮ 5) ਪ੍ਰਤਿਆਹਾਰ 6) ਧਾਰਨਾ 7) ਧਿਆਨ 8) ਸਮਾਧੀ।

ਅੱਗੋਂ 'ਯਮ' ਪੰਜ ਜਾਂ ਦੱਸ ਮੰਨੇ ਗਏ ਹਨ। ਇਸ ਤਰ੍ਹਾਂ ਨਿਯਮ ਵੀ ਪੰਜ ਜਾਂ ਦੱਸ ਮੰਨੇ ਗਏ ਹਨ। ਆਸਣ ਚੁਰਾਸੀ ਮੰਨੇ ਗਏ ਹਨ। ਯਮ ਇੱਕ ਪ੍ਰਕਾਰ ਦੇ ਮੁੱਢਲੇ ਨਿਯਮ ਹਨ ਜਿਸ ਉਤੇ ਹਰ ਜੋਗੀ ਨੂੰ ਚਲਣਾ ਪੈਂਦਾ ਹੈ ਜਿਵੇਂ ਅਹਿੰਸਾ ਦਾ ਪਾਲਣ ਕਰਨਾ। ਸਤਯ (ਸੱਚ ਬੋਲਣਾ), ਅਸਤਯ (ਪਰਾਏ ਧਨ ਦਾ ਤਿਆਗ ਕਰਨਾ), ਬ੍ਰਹਮਚਾਰੀ ਰਹਿਣਾ, ਖਿਮਾ, ਧੀਰਜ ਅਤੇ ਦਇਆ ਦੇ ਨਿਯਮਾਂ ਦਾ ਪਾਲਣ ਕਰਨਾ। ਯਮ ਦਾ ਅਰਥ ਹੈ ਸੰਜਮ, ਸਤਿ, ਪ੍ਰੇਮ ਪਿਆਰ, ਚੰਗਾ ਵਿਹਾਰ, ਅਹਿੰਸਾ, ਬ੍ਰਹਮਚਰਯ ਆਦਿ ਨੂੰ ਯਮ ਦਾ

www.sikhbookclub.com

ਨਾਮ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਨਿਯਮਾਂ ਦਾ ਮਹੱਤਵ ਵਿਅਕਤੀਗਤ ਹੈ। ਇਹ ਉਹ ਬੰਦਸ਼ਾਂ ਹਨ ਜਿਸ ਨਾਲ ਯੋਗੀ ਆਪਣੇ ਮਨ ਨੂੰ ਸ਼ਾਂਤ ਰੱਖਦਾ ਹੈ। ਨਿਯਮਾਂ ਵਿਚ ਤੱਪਸਿਆ, ਸ਼ੌਚ ਭਾਵ ਅੰਦਰਲੀ ਸਫਾਈ, ਸੰਤੋਖ, ਦਾਨ, ਜਪੁ, ਸੁਖ ਦੁੱਖ, ਗਰਮੀ ਸਰਦੀ ਮਾਨ, ਅਪਮਾਨ, ਨੂੰ ਖਿੜੇ ਮੱਥੇ ਜਰਨਾ, ਸਵਾਧਿਆਏ ਅਰਥਾਤ ਕੇਵਲਯ ਸ਼ਾਸਤ੍ਰ ਦੀ ਪਰਾਇਣਤਾ ਅਤੇ ਓਅੰਕਾਰ ਦਾ ਜਾਪੁ ਅਤੇ ਪ੍ਰਭੂ ਪਾਣ -ਮਾਣ ਅਰਥਾਤ ਸਭ ਕੰਮਾਂ ਨੂੰ ਭਗਤੀ ਭਾਵਨਾ ਨਾਲ ਪ੍ਰਮਾਤਮਾ ਦੇ ਸਮਰਪਣ ਕਰਨਾ ਆਦਿ। ਹਵਨ ਆਦਿ ਨਿਯਮ ਮੰਨੇ ਗਏ ਹਨ। ਪਰੰਤੂ ਅਸਲੀ ਜੋਗ ਮੱਤ ਆਸਣਾਂ ਤੋਂ ਅਤੇ ਪ੍ਰਾਣਾਯਾਮ ਤੋਂ ਸ਼ੁਰੂ ਹੁੰਦਾ ਹੈ। ਇਥੇ ਆ ਕੇ ਹੱਠ ਯੋਗ (ਕੇਵਲ ਸਰੀਰ ਦੇ ਅਭਿਆਸ) ਅਤੇ ਰਾਜ ਯੋਗ ਇੱਕੱਠੇ ਹੋ ਜਾਂਦੇ ਹਨ। ਕਿਉਂਕਿ ਦੋਨਾਂ ਵਿਚ ਹੀ ਆਸਣਾਂ ਅਤੇ ਪ੍ਰਾਣਾਯਾਮ ਦੀ ਲੋੜ ਹੁੰਦੀ ਹੈ। ਆਸਣ ਕਰਨ ਨਾਲ ਆਲਸ ਦਾ ਨਾਸ ਹੁੰਦਾ ਹੈ ਤੇ ਪ੍ਰਾਣ ਆਦਿ ਰੋਕਣ ਦੀ ਸ਼ਕਤੀ ਮਿਲਦੀ ਹੈ। ਦੁੱਖ, ਸੁਖ, ਭੁੱਖ, ਪਿਆਸ , ਗਰਮੀ ਸਰਦੀ ਆਦਿ ਤੇ ਕਾਬੂ ਪਾਉਣ ਦਾ ਬੱਲ ਮਿਲਦਾ ਹੈ। ਮਨ ਨੂੰ ਸਥਿਰ ਰੱਖਣ ਲਈ ਸੁਖ ਦੇਣ ਵਾਲੇ ਢੰਗ ਨਾਲ ਬੈਠਣਾ ਹੀ ਆਸਣ ਹੈ। ਪ੍ਰਾਣਾਯਾਮ ਕੁੰਡਲਨੀ ਸ਼ਕਤੀ ਨੂੰ ਜਗਾਉਣ ਲਈ ਸੁਆਸਾਂ ਦਾ ਅਭਿਆਸ ਹੈ। ਸਾਡੇ ਸਰੀਰ ਅੰਦਰ ਜੋ ਹਵਾ ਦਾਖਲ ਹੁੰਦੀ ਹੈ ਉਸ ਦਾ ਨਾਮ ਪ੍ਰਾਣ ਹੈ। ਇਸ ਦੇ ਬਾਹਰ ਨਿਕਲਣ ਨੂੰ ਪਰ-ਸੁਆਸ ਆਖਦੇ ਹਨ। ਇਸ ਨਿਰੰਤਰ ਗਤੀ ਨੂੰ ਰੋਕਣਾ ਹੀ ਪ੍ਰਾਣਾਯਾਮ ਹੈ। ਇਹ ਹੱਠ ਯੋਗ ਦੀ ਕੇਂਦਰੀ ਸਾਧਨਾ ਹੈ ਜਿਸ ਦੇ ਬਲ ਨਾਲ ਯੋਗੀ ਸ਼ਕਤੀ ਪ੍ਰਾਪਤ ਕਰਦੇ ਹਨ। ਪ੍ਰਾਣਾਯਾਮ ਕਰਦਿਆਂ ਯੋਗੀ ਦਸਮ ਦੁਆਰ ਨੂੰ ਖੋਲ ਲੈਂਦਾ ਹੈ, ਜਿਥੇ ਅਨਹਦ ਨਾਦ ਹਮੇਸ਼ਾਂ ਸੁਣਾਈ ਦਿੰਦਾ ਰਹਿੰਦਾ ਹੈ ਅਤੇ ਅੰਮ੍ਰਿਤ ਦੀਆਂ ਬੂੰਦਾਂ ਹੋਲੀ-ਹੋਲੀ ਕਮਲ ਵਿਚ ਡਿਗਦੀਆਂ ਹਨ। ਇਸ ਦਾ ਆਨੰਦ ਅਕਹਿ ਹੈ।

ਸੁਖਮਨਾ ਨਾੜੀ ਦੇ ਆਰੰਭ ਤੋਂ ਲੈ ਕੇ ਦਸਮ ਦੁਆਰ ਤਕ ਪੁੱਜਣ ਲਈ ਯੋਗੀਆਂ ਨੂੰ ਨਾੜੀਆਂ ਦੇ ਛੇ ਚੱਕਰਾਂ ਵਿਚੋਂ ਪ੍ਰਾਨ ਵਾਯੂ ਨੂੰ ਲੰਘਾਉਣਾ ਪੈਂਦਾ ਹੈ ਜਿਨ੍ਹਾਂ ਦੇ ਨਾਂ ਹਨ-

(1) ਮੂਲਾਧਾਰ ਚੱਕਰ- ਇਸ ਦਾ ਸਥਾਨ ਕੁੰਡਲਨੀ ਦੇ ਧੂਰ ਪੇਡੂ ਵਿਚ ਹੈ।

(2) ਸਵਾਸੀ ਸੱਠਾਨ ਚੱਕਰ - ਇਸ ਦਾ ਸਥਾਨ ਹੈ ਲਿੰਗ ਮੂਲ।

(3) ਮਣੀ ਪੂਰਕ ਚੱਕਰ - ਇਹ ਧੁੰਨੀ ਅਰਥਾਤ ਨਾਭੀ ਦੇ ਨੇੜੇ ਹੈ।

(4) ਅਨਾਹਤ ਚੱਕਰ - ਹਿਰਦੇ ਦੇ ਪਾਸ ਹੈ।

(5) ਵਿਸ਼ੁੱਧ ਚੱਕਰ - ਇਹ ਗਲੇ ਜਾਂ ਕੰਠ ਪਾਸ ਹੈ।

(6) ਆਗਿਆ ਚੱਕਰ - ਇਹ ਭੌਆਂ ਵਿਚਕਾਰ ਹੈ।

ਇਹਨਾਂ ਛੇਆਂ ਚੱਕਰਾਂ ਨੂੰ ਪਾਰ ਕਰਨ ਮਗਰੋਂ ਮਸਤਕ ਵਿਚ ਉਸ ਸਥਾਨ ਤੇ ਪੁਜਣ

www.sikhbookclub.com

ਲਈ ਜਿਸ ਨੂੰ ਸੁੰਨ ਮੰਡਲ ਆਖਿਆ ਜਾਂਦਾ ਹੈ ਤਾਂ ਪ੍ਰਾਣ ਸੁਖਮਨਾ ਨਾੜੀ ਦੇ ਅਖੀਰ ਤੇ ਪੁੱਜ ਕੇ ਇਸ ਵਿਚਲੀ ਮਲ ਆਦਿ ਨੂੰ ਜ਼ੋਰ ਨਾਲ ਪਰੇ ਕਰ ਕੇ ਸੁੰਨ ਮੰਡਲ ਵਿਚ ਪ੍ਰਵੇਸ਼ ਕਰਦੇ ਹਨ। ਇਸ ਤਰ੍ਹਾਂ ਯੋਗੀ ਕੇਵਲਯ ਅਵਸਥਾ ਨੂੰ ਪ੍ਰਾਪਤ ਹੁੰਦਾ ਹੈ।

ਇੰਦਰੀਆਂ ਨੂੰ ਵਿਸ਼ਿਆਂ ਆਦਿ ਤੋਂ ਰੋਕ ਕੇ ਅੰਤਰਮੁਖੀ ਹੋਣ ਦਾ ਨਾਂ ਪ੍ਰਤਿਆਹਾਰ ਹੈ। ਸਾਧਕ ਯੋਗੀ ਇਸ ਤਰ੍ਹਾਂ ਇੰਦਰੀਆਂ ਤੇ ਕਾਬੂ ਪਾ ਕੇ ਆਤਮ ਸ਼ਕਤੀ ਇੱਕਠਿਆਂ ਕਰਦਾ ਹੈ। ਪੰਜ ਸਾਧਨਾ ਨੂੰ ਬਾਹਰੀ ਸਾਧਨ ਆਖਿਆ ਜਾਂਦਾ ਹੈ ਕਿਉਂਕਿ ਹਨਾ ਦਾ ਕਾਰਜ ਸਿਧਿ ਨਾਲ ਬਾਹਰ ਦਾ ਸਬੰਧ ਹੈ। ਬਾਕੀ ਦੇ ਤਿੰਨੇ ਸਾਧਨ ਅੰਤਰੀਵ ਹਨ ਜਿਨ੍ਹਾਂ ਦਾ ਆਪਣਾ ਮਹੱਤਵ ਹੈ।

ਚਿੱਤ ਨੂੰ ਕਿਸੇ ਵਿਸ਼ੇਸ਼ ਥਾਂ ਤੇ ਟਿਕਾਉਣ ਨੂੰ ਧਾਰਨਾ ਆਖਦੇ ਹਨ। ਇਹ ਥਾਂ ਨਾਭੀ ਚੱਕਰ, ਹਿਰਦੇ ਕਮਲ, ਨਾਸਕਾਗਿਰ, ਜਾਂ ਜੇਹਬਾਕਾਗਰ ਜਾਂ ਬਾਹਰੀ ਵਸਤੂ ਜਿਵੇਂ ਸੂਰਜ ਚੰਦਰਮਾ ਜਾਂ ਇਸ਼ਟ ਦੀ ਮੂਰਤੀ ਵੀ ਹੋ ਸਕਦੀ ਹੈ।

ਮਨ ਦੀ ਕਿਸੇ ਵਸਤੂ ਨਾਲ ਇੱਕ ਰੂਪਤਾ ਨੂੰ ਧਿਆਨ ਆਖਿਆ ਜਾਂਦਾ ਹੈ।

ਜਦੋਂ ਮਨ ਆਪਣੀ ਹੋਂਦ ਨੂੰ ਭੁੱਲ ਕੇ ਧਿਆਨ ਵਾਲੀ ਚੀਜ਼ ਦਾ ਰੂਪ ਹੀ ਹੋ ਜਾਵੇ ਉਸ ਅਵਸਥਾ ਨੂੰ ਸਮਾਧੀ ਆਖਦੇ ਹਨ। ਇਸ ਹਾਲਤ ਵਿਚ ਪੁੱਜਣ ਨਾਲ ਉਸ ਨੂੰ ਤਿੰਨ ਕਾਲਾਂ ਅਤੇ ਤਿੰਨਾਂ ਲੋਕਾਂ ਦਾ ਗਿਆਨ ਹੋ ਜਾਂਦਾ ਹੈ।

ਇਹਨਾਂ ਤੋਂ ਇਲਾਵਾ ਪ੍ਰਾਣਾਯਾਮ ਅੰਗ ਦੀ ਸਹਾਇਤਾ ਲਈ ਕੁਝ ਮੁਦਰਾਵਾਂ ਦਾ ਯੋਗ ਮੱਤ ਵਿਚ ਜ਼ਿਕਰ ਹੈ ਜਿਨ੍ਹਾਂ ਦੀ ਸੰਖਿਆ ਦੱਸ ਹੈ ਉਹ ਹਨ - 1. ਮਹਾਂਮੁਦ੍ਰਾ 2 . ਮਹਾਂਵੇਸ਼ 3. ਖੇਚਰੀ 4.। ਭੂਚਰੀ 5. ਚਾਚਰੀ 6. ਵਿਪਰੀਤ ਕਰਨੀ 7. ਵਜਰੌਲੀ 8. ਸ਼ਕਤੀ ਚਾਲਨ 9. ਅਗੋਚਰੀ 10. ਉਨਮਨੀ

ਇਹਨਾ ਮੁਦਰਾਵਾਂ ਦਾ ਬੜਾ ਹੀ ਮਹੱਤਵ ਹੈ। ਦੱਸਿਆ ਗਿਆ ਹੈ ਕਿ ਜਿਹੜਾ ਵਿਅਕਤੀ ਗੁਰੂ ਘਾਤੀ ,ਸ਼ਰਾਬੀ,ਚੋਰ ,ਗੁਰੂ ਦੀ ਇਸਤ੍ਰੀ ਨਾਲ ਭੋਗ ਕਰਨ ਵਾਲਾ ਪਾਪੀ ਹੈ ਉਹ ਵੀ ਮੁਦਰਾ ਬੰਧਨ ਦੁਆਰਾ ਪਾਪ ਮੁਕਤ ਹੋ ਜਾਂਦਾ ਹੈ। ਜੇਕਰ ਉਪਰੋਕਤ ਦੱਸੇ ਅੱਠ ਅੰਗਾਂ ਨਾਲ ਸਰੀਰ ਦੀ ਸ਼ੁਧੀ ਨਾ ਹੋ ਸਕੇ ਤਾਂ ਸਾਧਕ ਨੂੰ ਹੇਠ ਲਿਖੇ ਛੇ ਕਰਮ ਕਰਨੇ ਪੈਂਦੇ ਹਨ :-

**ਨੇਤੀ** - ਕਾਲੇ ਸੂਤਰ ਦਾ 11 ਇੰਚ ਲੰਮਾਂ ਧਾਗਾ ਲੈ ਕੇ ਇੱਕ ਨਾਸ ਰਾਹੀਂ ਚੜ੍ਹਾ ਕੇ ਮੂੰਹ ਥਾਣੀ ਕੱਢੋ ਤੇ ਦੋਹਾਂ ਸਿਰਿਆਂ ਤੋਂ ਫੜ ਕੇ ਨਾਸਾਂ ਦੀ ਸਫਾਈ ਕਰੋ ਇਸ ਨਾਲ ਮਸਤਕ ਹਲਕਾ ਫੁਲਕਾ ਹੋ ਜਾਵੇਗਾ।

**ਧੋਤੀ** - 15 ਹੱਥ ਲੰਮੀ ਤਿੰਨ ਇੰਚ ਚੌੜੀ ਨਰਮ ਬਰੀਕ ਜਿਹੀ ਲੀਰ ਪਾਣੀ ਵਿਚ ਭਿਉਂ ਕੇ ਮੂੰਹ ਵਿਚ ਨਿਗਲੀ ਜਾਓ। ਇੱਕ ਸਿਰਾ ਆਪਣੇ ਹੱਥ ਵਿਚ ਫ਼ੜੀ ਰੱਖੋ। ਜਦ

www.sikhbookclub.com

ਸਾਰੀ ਲੀਰ ਅੰਦਰ ਚਲੀ ਜਾਵੇ ਤਾਂ ਫਿਰ ਹੌਲੀ-ਹੌਲੀ ਬਾਹਰ ਖਿੱਚ ਲਓ ਫਿਰ ਮਿਹਦੇ ਦਾ ਪੁਲਾੜ ਸਾਫ ਹੋ ਜਾਵੇਗਾ।

**ਬਸਤੀ** - ਗੁੱਦਾ (ਟੱਟੀ ਦਾ ਰਾਹ ) ਰਾਹੀਂ ਪਾਣੀ ਨੂੰ ਉਪਰ ਨੂੰ ਖਿੱਚਣਾ ਤੇ ਬਾਹਰ ਕੱਢਣਾ। ਇਸ ਕਿਰਿਆ ਨੂੰ ਨੂੰ ਬਾਰ ਬਾਰ ਕਰਨ ਨਾਲ ਹੇਠਲਾ ਹਿੰਸਾ ਸਾਫ ਹੋ ਜਾਵੇਗਾ।

**ਨਿਊਲੀ** - ਨੱਕ ਤੇ ਢਿੱਡ ਸਿੱਧਾ ਰੱਖ ਕੇ ਤੇ ਨੀਵੇਂ ਹੋ ਕੇ ਆਂਦਰਾਂ ਨੂੰ ਚੱਕਰ ਦੇਣ ਦੀ ਵਿਧੀ ਨੂੰ ਨਿਊਲੀ ਕਰਮ ਆਖਦੇ ਹਨ।

**ਤਰਾਟਕ**- ਨੱਕ ਦੀ ਕੂਮਲੀ ਉਪਰ ਤਾੜੀ ਲਾਉਣੀ।

**ਗਜ ਕਰਮ** -- ਮਿਹਦੇ ਨੂੰ ਨੱਕੋ ਨੱਕ ਪਾਣੀ ਨਾਲ ਭਰ ਕੇ ਭੋਆਂ ਦੇ ਵਿਚਕਾਰ ਧਿਆਨ ਟਿਕਾ ਕੇ ਉਲਟੀ ਕਰਨ ਨੂੰ ਗਜ ਕਰਮ ਆਖਦੇ ਹਨ।

ਯੋਗੀਆਂ ਦਾ ਵਿਚਾਰ ਹੈ ਇਹਨਾਂ ਨਾਲ, ਸਾਡੇ ਸਰੀਰ ਦੇ ਅੰਦਰਲੇ ਪੁਲਾੜਾਂ ਦੀ ਸਫਾਈ ਹੋ ਜਾਂਦੀ ਹੈ।

ਪਹਿਲਾਂ ਪਹਿਲਾਂ ਤਾਂ ਯੋਗੀ ਈਸ਼ਵਰ ਦੀ ਹਸਤੀ ਨੂੰ ਮੰਨਦੇ ਹੀ ਨਹੀਂ ਸਨ ਸਿਰਫ ਆਪਣੇ ਅੰਦਰ ਦੇ ਉਸ ਗਿਆਨ ਨੂੰ ਮੰਨਦੇ ਸਨ ਜਿਸ ਨਾਲ ਰਿਧੀਆਂ ਸਿਧੀਆਂ ਪ੍ਰਾਪਤ ਹੁੰਦੀਆਂ ਸਨ। ਪਿੱਛੋਂ ਹੌਲੀ-ਹੌਲੀ ਉਹ ਈਸ਼ਵਰ ਦੀ ਹਸਤੀ ਮੰਨਣ ਲੱਗ ਪਏ ਪਰ ਇਹ ਈਸ਼ਵਰ ਇਸਲਾਮ ਦੇ ਖੁਦਾ ਅਤੇ ਗੁਰਬਾਣੀ ਦੇ ਵਾਹਿਗੁਰੂ ਜਾਂ ਪ੍ਰਮਾਤਮਾ ਤੋਂ ਵੱਖਰੀ ਕਿਸਮ ਦੀ ਹਸਤੀ ਹੈ। ਗੁਰੂ ਨਾਨਕ ਸਾਹਿਬ ਦੇ ਸਮੇਂ ਜੋਗੀ ਭੇਖ ਜਾਂ ਲਿਬਾਸ ਉਤੇ ਪਹਿਲਾਂ ਨਾਲੋਂ ਵਧੇਰੇ ਜ਼ੋਰ ਦੇਣ ਲੱਗ ਪਏ ਸਨ।

ਸਿਧੀਆਂ ਅਲੌਕਿਕ ਸ਼ਕਤੀਆਂ ਹਨ ਜੋ ਸਿੱਧ ਲੋਕ ਆਪਣੀ ਕਰੜੀ ਸਾਧਨਾ ਨਾਲ ਪ੍ਰਾਪਤ ਕਰਦੇ ਹਨ। ਇਹਨਾਂ ਨਾਲ ਉਹ ਦੁਨੀਆ ਦੀਆਂ ਸਭ ਚੀਜ਼ਾਂ ਨੂੰ ਆਪਣੇ ਵੱਸ ਵਿਚ ਕਰ ਲੈਂਦੇ ਹਨ। ਨਿਧਿ ਸ਼ਬਦ ਦਾ ਅਰਥ ਹੈ ਖ਼ਜ਼ਾਨਾ, ਕੋਸ਼, ਦਬਿਆ ਹੋਇਆ ਧਨ, ਕੁਬੇਰ ਦੇ ਨੌਂ ਰਤਨ, ਸਮੁੰਦਰ, ਘਰ, ਨਿਵਾਸ ਸਥਾਨ ਆਦਿ। ਇਹ ਨਿਧੀਆਂ ਯੋਗੀ ਲੋਕ ਬੜੀ ਕਠਿਨ ਸਾਧਨਾ ਕਰਨ ਮਗਰੋਂ ਪ੍ਰਾਪਤ ਕਰ ਲੈਂਦੇ ਹਨ। ਇਹਨਾਂ ਦੀ ਗਿਣਤੀ ਨੌਂ ਹੈ। ਪਦਮ, ਮਹਾਂ ਪਦਮ, ਸੰਖ, ਮਕਰ, ਕਛਪ, ਮਕੰਦ, ਕੁੰਦ, ਨੀਲ, ਵਰਚ। ਇਹਨਾਂ ਨੌਂ ਨਿਧੀਆਂ ਤੋਂ ਵੱਖ ਵੱਖ ਵਸਤੂਆਂ ਦੀ ਪ੍ਰਾਪਤੀ ਹੁੰਦੀ ਹੈ। ਕਿਸੇ ਤੋਂ ਪੁੱਤਰ, ਪੋਤਿਆਂ ਦੀ, ਕਿਸੇ ਤੋਂ ਸੰਗੀਤ ਦੀ, ਕਿਸੇ ਤੋਂ ਵਿਦਿਆ, ਕਿਸੇ ਤੋਂ ਧਨ, ਜਸ, ਕਿਸੇ ਤੋਂ ਸੋਨਾ, ਚਾਂਦੀ ਆਦਿ। ਇਹਨਾਂ ਰਿਧੀਆਂ, ਸਿਧੀਆਂ ਬਾਰੇ ਪੜ੍ਹ ਕੇ ਪਤਾ ਲਗਦਾ ਹੈ ਕਿ ਇਹ ਸਭ ਅਲੌਕਿਕ ਸ਼ਕਤੀਆਂ ਪਦਾਰਥਿਕ ਤੇ ਮਾਇਕ ਉਨਤੀ ਜਾਂ ਪ੍ਰਾਪਤੀ ਹੀ ਹਨ। ਅਧਿਆਤਮਿਕ ਉਨਤੀ ਤਾਂ ਇਸ ਤੋਂ ਪਰੇ ਦੀ ਗੱਲ ਹੈ ਜਿਸ ਕਰਕੇ ਹੀ ਗੁਰੂ ਸਾਹਿਬ ਨੇ ਆਖਿਆ ਹੈ **ਰਿਧਿ ਸਿਧਿ ਅਵਰਾ ਸਾਦ** ॥ ਸਾਧਕ ਬਸ ਮਾਇਆ ਦੇ ਪੰਜੇ ਵਿਚ

www.sikhbookclub.com

ਜਕੜਿਆ ਹੋਇਆ ਕਰਾਮਾਤਾਂ ਰਾਹੀਂ ਲੋਕਾਂ ਪਾਸੋਂ ਮਾਣ ਪ੍ਰਾਪਤ ਕਰਦਾ ਰਹਿੰਦਾ ਹੈ। ਪ੍ਰੰਤੂ ਪ੍ਰਮਾਤਮਾ ਦੇ ਘਰ ਇਨ੍ਹਾਂ ਦੀ ਕੋਈ ਵੀ ਕੀਮਤ ਨਹੀਂ ਹੈ। ਗੁਰਮਤਿ ਵਿਚ ਕਰਾਮਾਤ ਨੂੰ ਕਹਿਰ ਦਾ ਨਾਮ ਦਿੱਤਾ ਹੋਇਆ ਹੈ।

www.sikhbookclub.com

# ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ

## ਰਚਨਾ ਸਥਾਨ

ਸਿੱਧ ਗੋਸ਼ਟਿ ਸ਼ਬਦ ਸਿੱਧ ਤੇ ਗੋਸ਼ਟਿ ਨੂੰ ਰਲਾ ਕੇ ਬਣਿਆ ਹੈ ਜਿਸ ਦਾ ਅਰਥ ਹੈ ਸਿਧਾਂ ਨਾਲ ਵਿਚਾਰ। ਸਿੱਧ ਅਤੇ ਗੋਸ਼ਟਿ ਦੋਵੇਂ ਸੰਸਕ੍ਰਿਤ-ਮੂਲਕ ਸ਼ਬਦ ਹਨ। ਸਿੱਧ ਸ਼ਬਦ ਦੇ ਅਨੇਕ ਅਰਥਾਂ ਵਿਚ ਇੱਕ ਅਨੁਸਾਰ ਸਿੱਧ ਉਹ ਵਿਅਕਤੀ ਹੈ ਜਿਸ ਨੇ ਸਿਧੀਆਂ ਦੀ ਪ੍ਰਾਪਤੀ ਕਰ ਲਈ ਹੋਵੇ। ਭਾਈ ਵੀਰ ਸਿੰਘ ਸਿੱਧ ਸ਼ਬਦ ਦੀ ਵਿਉਤਪਤੀ ਬਾਰੇ ਵਿਚਾਰ ਕਰਦੇ ਹੋਏ ਲਿਖਦੇ ਹਨ ਕਿ ਇਹ ਸ਼ਬਦ ਖਿਧਿ ਧਾਤੂ ਤੋਂ ਬਣਿਆ ਹੈ ਜਿਸ ਦੇ ਅਰਥ ਹਨ ਸਿਰੇ ਚਾੜਨਾ। ਇਸ ਸ਼ਬਦ ਦੇ ਲਗਭਗ 34 ਅਰਥ ਬਣਦੇ ਹਨ ਜਿਨ੍ਹਾਂ ਵਿਚ ਕੋਈ ਨਾ ਕੋਈ ਅਰਥ ਸਿਰੇ ਚੜ੍ਹਨ ਦਾ ਭਾਵ ਦਿੰਦਾ ਰਹਿੰਦਾ ਹੈ। ਇਨ੍ਹਾਂ ਅਰਥਾਂ ਵਿਚੋਂ ਇੱਕ ਅਰਥ ਇਹ ਹੈ ਕਿ ਸਿੱਧ ਅਜਿਹਾ ਵਿਅਕਤੀ ਹੈ ਜਿਸ ਨੇ ਕਈ ਤਰਾਂ ਦੇ ਤਪ ਅਤੇ ਸਾਧਨ ਕਰ ਕੇ ਰਿਧੀਆਂ ਸਿਧੀਆਂ ਆਦਿ ਕਰਾਮਾਤਾਂ ਦੀ ਤਾਕਤ ਪੈਦਾ ਕਰ ਲਈ ਹੋਵੇ। ਗੋਸ਼ਟਿ ਸ਼ਬਦ ਗੋਸ਼ਠੀ ਤੋਂ ਬਣਿਆ ਹੈ ਮਹਾਨ ਕੋਸ਼ ਅਨੁਸਾਰ ਇਸ ਦੇ ਅਰਥ ਹਨ -ਸਭਾ, ਮਜਲਿਸ, ਸਮਾਗਮ, ਇਕੱਤਰਤਾ ਅਤੇ ਸਭ ਵਿਚ ਵਾਰਤਾਲਾਪ,ਬਾਤਚੀਤ ਚਰਚਾ, ਮੁਬਾਹਿਸਾ ਜਾਂ ਵਿਚਾਰ। ਇਸ ਬਾਣੀ ਵਿਚ ਗੋਸ਼ਠ ਸ਼ਬਦ ਦਾ ਪ੍ਰਯੋਗ ਵਾਰਤਾਲਾਪ ਅਥਵਾ ਚਰਚਾ ਦੇ ਅਰਥਾਂ ਵਿਚ ਹੋਇਆ ਹੈ। ਸਿੱਧ ਗੋਸ਼ਟਿ ਦੇ ਸਥਾਨ ਅਤੇ ਰਚਨਾ ਕਾਲ ਬਾਰੇ ਜਨਮਸਾਖੀਆਂ ਅਤੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚੋਂ ਮਿਲਦੇ ਹਵਾਲਿਆਂ ਦੇ ਅਧਾਰ ਤੇ ਵਿਦਵਾਨਾਂ ਨੇ ਆਪੋ ਆਪਣੇ ਅਨੁਮਾਨ ਪੇਸ਼ ਕੀਤੇ ਹਨ। ਸਿੱਧ ਗੋਸ਼ਟਿ ਕਿਸ ਸਥਾਨ ਤੇ ਹੋਈ ਇਸ ਬਾਰੇ ਪਹਿਲਾ ਇਸ਼ਾਰਾ ਪੁਰਾਤਨ ਜਨਮ ਸਾਖੀ ਵਿਚੋਂ ਮਿਲਦਾ ਹੈ। ਇਸ ਸਾਖੀ ਅਨੁਸਾਰ ਪਹਿਲੀ ਉਦਾਸੀ ਸਮੇਂ ਨਾਨਕ ਮਤੇ ਵਿਖੇ ਸਿਧਾਂ ਨਾਲ ਗੋਸ਼ਟਿ ਹੋਈ। ਗੁਰੂ ਜੀ ਦੇ ਨਾਲ ਭਾਈ ਮਰਦਾਨਾ ਜੀ ਸਨ। ਗੁਰੂ ਜੀ ਇੱਕ ਸੁਕੇ ਹੋਏ ਬੋਹੜ ਦੇ ਰੁੱਖ ਹੇਠ ਜਾ ਬੈਠੇ। ਇਹ ਰੁੱਖ ਹਰਾ ਹੋ ਗਿਆ। ਇਹ ਵੇਖ ਕੇ ਸਿੱਧ ਬੜੇ ਹੈਰਾਨ ਹੋਏ। ਉਨ੍ਹਾਂ ਨੇ ਗੁਰੂ ਜੀ ਤੋਂ ਫ਼ਕੀਰੀ ਬਾਰੇ ਕਈ ਸਵਾਲ ਕੀਤੇ। ਰਾਗ ਸੂਹੀ ਵਿਚ ਗੁਰੂ ਜੀ ਨੇ ਇਨ੍ਹਾਂ ਸਿਧਾਂ ਦੇ ਸਵਾਲਾਂ ਦਾ ਜਵਾਬ ਦਿਤਾ। ਜੋ ਇਸ ਪ੍ਰਕਾਰ ਹੈ-

www.sikhbookclub.com

ਸੂਹੀ ਮਹਲਾ ੧ ॥

ਕਉਣ ਤਰਾਜੀ ਕਵਣੁ ਤੁਲਾ ਤੇਰਾ ਕਵਣੁ ਸਰਾਫੁ ਬੁਲਾਵਾ ॥
ਕਉਣੁ ਗੁਰੂ ਕੈ ਪਹਿ ਦੀਖਿਆ ਲੇਵਾ ਕੈ ਪਹਿ ਮੁਲੁ ਕਰਾਵਾ ॥੧॥
ਮੇਰੇ ਲਾਲ ਜੀਉ ਤੇਰਾ ਅੰਤੁ ਨ ਜਾਣਾ ॥
ਤੂੰ ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ ਤੂੰ ਆਪੇ ਸਰਬ ਸਮਾਣਾ ॥੧॥ ਰਹਾਉ ॥
ਮਨੁ ਤਾਰਾਜੀ ਚਿਤੁ ਤੁਲਾ ਤੇਰੀ ਸੇਵ ਸਰਾਫੁ ਕਮਾਵਾ ॥
ਘਟ ਹੀ ਭੀਤਰਿ ਸੋ ਸਹੁ ਤੋਲੀ ਇਨ ਬਿਧਿ ਚਿਤੁ ਰਹਾਵਾ ॥੨॥
ਆਪੇ ਕੰਡਾ ਤੋਲੁ ਤਰਾਜੀ ਆਪੇ ਤੋਲਣਹਾਰਾ ॥
ਆਪੇ ਦੇਖੈ ਆਪੇ ਬੂਝੈ ਆਪੇ ਹੈ ਵਣਜਾਰਾ ॥੩॥
ਅੰਧੁਲਾ ਨੀਚ ਜਾਤਿ ਪਰਦੇਸੀ ਖਿਨੁ ਆਵੈ ਤਿਲੁ ਜਾਵੈ ॥
ਤਾ ਕੀ ਸੰਗਤਿ ਨਾਨਕੁ ਰਹਦਾ ਕਿਉ ਕਰਿ ਮੂੜਾ ਪਾਵੈ ॥੪॥੨॥੯॥

(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 730)

ਪੁਰਾਤਨ ਜਨਮ ਸਾਖੀ ਅਨੁਸਾਰ ਸਿਧਾਂ ਨੇ ਚਾਹਿਆ ਕਿ ਇਹ ਬਾਲਕ ਜੇ ਯੋਗ ਧਾਰਨ ਕਰ ਲਵੇ ਤਾਂ ਸਾਰਾ ਪੰਥ ਕਲਯੁਗ ਵਿਚ ਬਹੁਤ ਫ਼ੈਲ ਜਾਵੇਗਾ। ਭਾਈ ਗੁਰਦਾਸ ਜੀ ਵੀ ਇਸ ਤਰਾਂ ਲਿਖਦੇ ਹਨ ਕਿ -

**ਸਿਧੀ ਮਨੇ ਬੀਚਾਰਿਆ ਕਿਵੇ ਦਰਸਨ ਏ ਲੇਵੈ ਬਾਲਾ।**

ਐਸਾ ਜੋਗੀ ਕਲੀ ਮਹਿ ਹਮਰੇ ਪੰਥ ਕਰੇ ਉਜਿਆਲਾਖਪਰ ਦਿਤਾ ਨਾਥ ਜੀ ਪਾਣੀ ਭਰਿ ਲੈਵਣਿ ਉਠਿ ਚਾਲਾ।

ਬਾਬਾ ਆਇਆ ਪਾਣੀਐ ਡਿਠੇ ਰਤਨ ਜਵਾਹਰ ਲਾਲਾ।
ਸਤਿਗੁਰ ਅਗਮ ਅਗਾਧਿ ਪੁਰਖੁ ਕੇਹੜਾ ਝਲੇ ਗੁਰੂ ਦੀ ਝਾਲਾ।
ਫਿਰਿ ਆਇਆ ਗੁਰ ਨਾਥ ਜੀ ਪਾਣੀ ਠਉੜ ਨਹੀ ਉਸਿ ਤਾਲਾ।
ਸਬਦਿ ਜਿਤੀ ਸਿਧਿ ਮੰਡਲੀ ਕੀਤੋਸੁ ਅਪਣਾ ਪੰਥੁ ਨਿਰਾਲਾ।
ਕਲਿਜੁਗ ਨਾਨਕ ਨਾਮ ਸੁਖਾਲਾ ॥੩੧॥

ਉਪਰੋਕਤ ਵਾਰ ਰਾਹੀਂ ਸਪਸ਼ਟ ਹੋ ਰਿਹਾ ਹੈ ਕਿ ਨਾਥਾਂ ਨੇ ਬਾਬੇ ਨੂੰ ਖੱਪਰ ਦਿਤਾ ਕਿ ਤਾਲ ਵਿਚੋਂ ਪਾਣੀ ਭਰ ਲਿਆਓ। ਉਥੇ ਜੋਗੀਆਂ ਨੇ ਕਰਾਮਾਤ ਨਾਲ ਤਾਲ ਵਿਚ ਹੀਰੇ ਜਵਾਹਰ ਵਿਖਾ ਦਿਤੇ। ਗੁਰੂ ਸਹਿਬਾਂ ਨੇ ਵਾਪਸ ਆ ਕੇ ਆਖਿਆ ਕਿ ਤਾਲ ਵਿਚ ਪਾਣੀ ਕੋਈ ਨਹੀਂ ਹੈ। ਉਨ੍ਹਾਂ ਉਪਰ ਹੀਰੇ ਜਵਾਹਰ ਦਾ ਕੋਈ ਵੀ ਅਸਰ ਨਾ ਹੋਇਆ। ਪ੍ਰੰਤੂ ਜਨਮ ਸਾਖੀ ਵਾਲੇ ਲਿਖਾਰੀ ਨੇ ਲਿਖਿਆ ਹੈ ਕਿ ਬਾਬੇ ਨੇ ਖੱਪਰ ਭੰਨ ਕੇ ਫਿਰ ਜੋੜਿਆ ਜਿਸ ਨਾਲ ਨਾਥਾਂ ਦੇ ਮੰਤਰਾਂ ਦੀ ਕਲਾ ਦੂਰ ਹੋ ਗਈ ਤੇ ਬਾਬੇ ਨੇ ਪਾਣੀ ਭਰ ਕੇ ਸਾਰੇ ਸਿਧਾਂ

www.sikhbookclub.com

ਨੂੰ ਪਿਲਾਇਆ। ਫੇਰ ਆਪੋ ਵਿਚ ਚਰਚਾ ਹੋਈ ਜਿਸ ਦਾ ਸਾਰ ਸਲੋਕਾਂ ਵਿਚ ਦਿਤਾ ਗਿਆ ਜਿਹੜੇ ਰਾਮਕਲੀ ਰਾਗ ਵਿਚ ਹਨ ਅਤੇ ਇਹਨਾਂ ਸਲੋਕਾਂ ਵਿਚ ਈਸ਼ਰ, ਗੋਪੀ ਚੰਦ, ਗੋਰਖ, ਚਰਪਟ ਅਤੇ ਭਰਥਰੀ ਦੇ ਨਾਮ ਆਓਂਦੇ ਹਨ। ਇਸ ਤੋਂ ਅਗਲਾ ਮੇਲ ਬਟਾਲੇ ਦੇ ਕੋਲ ਅਚਲ ਵਿਚ ਹੋਇਆ, ਜੋ ਜੋਗੀਆਂ ਦਾ ਟਿਕਾਣਾ ਸੀ। ਭਾਈ ਗੁਰਦਾਸ ਨੇ ਗੋਸ਼ਟਿ ਦਾ ਹੋਣਾ ਇਥੇ ਦਾ ਲਿਖਿਆ ਹੈ। ਜਨਮ ਸਾਖੀ ਦਾ ਲਿਖਾਰੀ ਲਿਖਦਾ ਹੈ ਕਿ ਜਦੋਂ ਪਿਆਲੇ ਦਾ ਵਕਤ ਹੋਇਆ ਤਾਂ ਸੁਰਾਹੀ ਫਿਰੀ ਤਾਂ ਬਾਬੇ ਪਾਸ ਭੀ ਲੈ ਆਏ। ਉਨ੍ਹਾਂ ਨੇ ਸ਼ਰਾਬ ਪੀਣੋਂ ਨਾਂਹ ਕਰ ਦਿੱਤੀ ਤੇ ਗੁਰੂ ਜੀ ਨੇ ਭਰਥਰੀ ਨੂੰ ਮੁਖਾਤਿਬ ਹੋ ਕਿ ਕਿਹਾ-

**ਆਸਾ ਮਹਲਾ ੧ ॥**

**ਗੁੜੁ ਕਰਿ ਗਿਆਨੁ ਧਿਆਨੁ ਕਰਿ ਧਾਵੈ ਕਰਿ ਕਰਣੀ ਕਸੁ ਪਾਈਐ॥**
**ਭਾਠੀ ਭਵਨੁ ਪ੍ਰੇਮ ਕਾ ਪੋਚਾ ਇਤੁ ਰਸਿ ਅਮਿਉ ਚੁਆਈਐ॥੧॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 360)

ਜਨਮ ਸਾਖੀ ਵਾਲਾ ਪੰਜਵੀਂ ਉਦਾਸੀ ਵਿਚ ਬਾਬੇ ਜੀ ਦਾ ਗੋਰਖ ਹਟੜੀ ਜਾਣਾ ਲਿਖਦਾ ਹੈ ਅਤੇ ਉਥੇ ਸਿਧਾਂ ਨਾਲ ਗੋਸ਼ਟਿ ਹੋਈ ਮੰਨਦਾ ਹੈ। ਪਰੰਤੂ ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ ਕਿ ਇਹ ਲਿਖਾਰੀ ਦੀ ਭੁੱਲ ਹੈ। ਗੋਰਖ ਹਟੜੀ, ਪਿਸ਼ੌਰ ਦੇ ਨੇੜੇ ,ਜੋਗੀਆਂ ਦਾ ਅਸਥਾਨ ਜ਼ਰੂਰ ਹੈ ਅਤੇ ਬਾਬਾ ਨਾਨਕ ਦੀ ਯਾਦਗਾਰ ਵੀ ਉਥੇ ਬਣੀ ਹੋਈ ਹੈ ਪ੍ਰੰਤੂ ਗੋਰਖ ਹਟੜੀ ਅਚਲ ਵਟਾਲੇ ਜਿਤਨਾ ਮਹੱਤਵ ਪੂਰਨ ਅਸਥਾਨ ਨਹੀਂ ਹੈ। ਭਾਈ ਗੁਰਦਾਸ ਜੀ ਨੇ ਲਿਖਿਆ ਹੈ ਬਾਬੇ ਨੇ ਕਰਤਾਰਪੁਰ ਆ ਕੇ ਫ਼ਕੀਰੀ ਭੇਸ ਉਤਾਰ ਦਿੱਤਾ ਤੇ ਫਿਰ ਉਥੋਂ ਸ਼ਿਵਰਾਤਰੀ ਦਾ ਮੇਲਾ ਸੁਣ ਕੇ ਬਾਬਾ ਅਚਲ ਵਟਾਲੇ ਪੁਜਿਆ। ਜੋਗੀ ਭੰਗਰ ਨਾਥ ਨੇ ਉਨ੍ਹਾਂ ਦੇ ਮੁੜ ਗ੍ਰਿਹਸਤੀ ਬਣਾ ਪਹਿਨ ਕੇ ਟੱਬਰ ਵਿਚ ਰਹਿਣ ਤੇ ਤਰਕ ਵੀ ਕੀਤਾ ਸੀ।

ਗੁਰ ਜੀ ਦੀ ਪ੍ਰਤਿਭਾ ਅਤੇ ਵਡਿਆਈ ਨੂੰ ਦੇਖ ਕੇ ਸਿੱਧ ਯੋਗੀਆਂ ਨੇ ਆਪ ਜੀ ਨੂੰ ਯੋਗੀ ਬਣਾਉਣ ਦੀ ਪੇਸ਼ਕਸ਼ ਵੀ ਕੀਤੀ। ਪ੍ਰੰਤੂ ਗੁਰੂ ਜੀ ਨੇ ਸਚੇ ਯੋਗ ਦੀ ਪਰਿਭਾਸ਼ਾ ਬਿਆਨ ਕਰਦਿਆਂ ਹੋਇਆ ਸੂਹੀ ਰਾਗ ਵਿਚ ਇਕ ਹੋਰ ਸ਼ਬਦ ਉਚਾਰਿਆ ਜੋ ਇਸ ਪ੍ਰਕਾਰ ਹੈ-

**ਸੂਹੀ ਮਹਲਾ ੧ ਘਰੁ ੭**

**ੴ ਸਤਿਗੁਰ ਪ੍ਰਸਾਦਿ॥**

**ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ ॥**
**ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ ॥**

www.sikhbookclub.com

ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥੧॥
ਗਲੀ ਜੋਗੁ ਨ ਹੋਈ ॥
ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ ॥ ਰਹਾਉ ॥
ਜੋਗੁ ਨ ਬਾਹਰਿ ਮੜੀ ਮਸਾਣੀ ਜੋਗੁ ਨ ਤਾੜੀ ਲਾਈਐ ॥
ਜੋਗੁ ਨ ਦੇਸਿ ਦਿਸੰਤਰਿ ਭਵਿਐ ਜੋਗੁ ਨ ਤੀਰਥਿ ਨਾਈਐ ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥੨॥

(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 730)

ਇੱਕ ਜਨਮ ਸਾਖੀ ਜਿਸ ਨੂੰ ਭਾਈ ਵੀਰ ਸਿੰਘ ਜੀ ਨੇ ਪੁਰਾਤਨ ਜਨਮ ਸਾਖੀ ਲਿਖਿਆ ਹੈ ਦੀ ਸ਼ਾਖਾ ਨੰਬਰ 52 ਵਿਚ ਪੰਜਵੀਂ ਉਦਾਸੀ ਵੇਲੇ ਗੁਰੂ ਨਾਨਕ ਦੀ ਸਿਧਾਂ ਨਾਲ ਗੋਸ਼ਟਿ ਗੋਰਖ ਹਟੜੀ ਵਿਖੇ ਕਰਵਾਈ ਗਈ ਹੈ। ਸਾਖੀ ਦੇ ਮੂਲ ਸ਼ਬਦ ਹਨ, "ਉਦਾਸੀ ਪੰਜਵੀਂ ਸਿਧਾਂ ਨਾਲ ਗੋਸ਼ਟਿ ਬਾਬਾ ਗੋਰਖ ਹਟੜੀ ਗਇਆ, ਉਥੇ ਸਿਧਾਂ ਡਿਠਾ,ਸਿਧਾਂ ਪੁੱਛਣਾ ਕੀਤਾ ਜੋਂ ਤੂੰ ਕਉਣ ਖਤ੍ਰੀ ਹੈ। ਤਬ ਬਾਬੇ ਆਖਿਆ ਨਾਨਕ ਆਖਦੇ ਹੈਨ। ਤਬ ਚਉਰਾਸੀ ਸਿੱਧ ਆਸਣ ਕਰ ਬੈਠੇ। ਤਦਹੁ ਸਿਧਾਂ ਆਖਿਆ ਭਗਤ ਕੁਛ ਜੱਸ ਕਰ। ਤਬ ਬਾਬਾ ਬੋਲਿਆ, ਸ੍ਰੀ ਸਤਿਗੁਰ ਪ੍ਰਸਾਦ। ਗੋਸ਼ਟਿ ਮਹਲਾ 1, ਰਾਗ ਰਾਮਕਲੀ ਵਿਚ ਗੋਸ਼ਟਿ ਹੋਈ। ਗੋਰਖ ਹਟੜੀ ਪਿਸ਼ਾਵਰ ਵਿਖੇ ਇੱਕ ਥਾਂ ਹੈ ਜਿਥੇ ਗੋਰਖ ਨਾਥ ਦਾ ਥੇਹ ਅਤੇ ਇੱਕ ਮੰਦਰ ਵੀ ਹੈ।

ਜਨਮ ਸਾਖੀ ਪ੍ਰੰਪਰਾ ਵਿਚ ਦੂਜੀ ਮਹੱਤਵਪੂਰਨ ਸਾਖੀ ਮੇਹਰਬਾਨ ਵਾਲੀ ਜਨਮ ਸਾਖੀ ਹੈ ਇਸ ਵਿਚ ਇੱਕ ਸਾਖੀ ਗੋਰਖ ਹਟੜੀ ਬਾਰੇ ਹੈ। ਉਥੇ ਇਸ ਦਾ ਸਬੰਧ ਸਿੱਧ ਮੰਡਲੀ ਨਾਲ ਨਹੀਂ ਸਗੋਂ ਇਕਲੇ ਜੋਗੀ ਨਾਲ ਹੈ। ਇਸ ਤਰਾਂ ਜੋਗੀਆਂ ਨਾਲ ਸਬੰਧਿਤ ਹੋਰ ਕਈ ਸਾਖੀਆਂ ਹਨ। ਜਨਮਸਾਖੀਆਂ ਵਿਚਲੀਆਂ ਗੋਸ਼ਟਾਂ ਜਿਨ੍ਹਾਂ ਧਿਰਾਂ ਨਾਲ ਹੋਇਆ ਹਨ ਉਨ੍ਹਾਂ ਵਿਚ ਨਾਥ ਜੋਗੀ ਇੱਕ ਮੁਖ ਧਿਰ ਹੈ ਕਿਓਂਕਿ ਮੱਧਕਾਲੀ ਪੰਜਾਬ ਵਿਚ ਨਾਥਾਂ ਜੋਗੀਆਂ ਦਾ ਧਾਰਮਿਕ ਪ੍ਰਭਾਵ ਵਧੇਰੇ ਸੀ। ਮੇਹਰਬਾਨ ਵਾਲੀ ਉਪਰੋਕਤ ਜਨਮ ਸਾਖੀ ਇਸ ਤਰਾਂ ਚਲਦੀ ਹੈ, "ਕਲਯੁਗ ਨਿਸਤਾਰਣ ਕਿ ਨਿਮਿਤ ਗੁਰੂ ਬਾਬਾਫੇਰਿ ਇਸ ਜਹਾਨ ਮਹਿ ਆਇਆ। ਤਬ ਚਰਪਟ ਵਾਲੀ ਤੇ ਗੁਰੂ ਬਾਬਾ ਗੋਰਖ ਗੜੀ ਕੇ ਮਲੈ ਜੋਗੀਆਂ ਕੇ ਮਹਿ ਜਾਇ ਨਿਕਲਾ। ਆਗੇ ਜਬ ਦੇਖੇ ਉਹ ਜੋ ਜੋਗੀਆਂ ਕਾ ਗੁਰੂ ਹੈ ਸਿ ਬੈਠਾ ਹੈ। ਉਸ ਆਗਿਆ ਕਰਿ ਹੈ ਬਾਬਾ ਜੇ ਕੋਈ ਜਿਸ ਪੰਥ ਕਾ ਅਵੀ ਤੀਸ ਕਉ ਮਨਹਿ ਨਹੀਂ ਕਰਣਾ, ਇਕੇ ਸੀ ਭੁਗਤਿ ਦੇਣੀ, ਵੈਰਾਗੀ ਗ੍ਰਿਸਤੀ ਹੋਵੇ ਭੁਗਤਿ ਏਕੇ ਸੀ ਦੇਣੀ, ਭੰਡਾਰਾ ਨਾਥ ਕਾ ਏਕੇ ਸਾ ਬਾਟਨਾ। ਤਬ ਗੁਰੂ ਭੰਡਾਰੇ ਕਾ ਤਮਸੀ ਦੇਖਿਆ, ਦੇਖ ਕਰ ਉਸ ਸਨਮੁਖ ਕਉ ਜਾਈ ਮਿਲੇ, ਲਗੇ ਗਿਆਨ ਕੀਆ ਬਾਤਾਂ ਕਰਨ।" ਸਪੱਸ਼ਟ ਹੈ ਕਿ

www.sikhbookclub.com

ਗੋਰਖ ਹਟੜੀ ਦੇ ਸਿਧਾਂ ਨਾਲ ਹੋਈ ਜਿਸ ਗੋਸ਼ਟਿ ਦਾ ਜ਼ਿਕਰ ਪੁਰਾਤਨ ਜਨਮ ਸਾਖੀ ਵਿਚ ਹੋਇਆ ਹੈ। ਉਸ ਨਾਲ ਇਸ ਉਕਤ ਜਨਮ ਸਾਖੀ ਦਾ ਪ੍ਰਸੰਗ ਨਹੀਂ ਜੁੜਦਾ। ਦੋਵੇ ਸਾਖੀਆਂ ਵੱਖਰੀਆਂ ਵੱਖਰੀਆਂ ਹਨ। ਭਾਈ ਬਾਲੇ ਵਾਲੀ ਜਨਮ ਸਾਖੀ ਵਿਚ ਵੀ ਸਿਧਾਂ ਨਾਥਾਂ ਨਾਲ ਕਈ ਗੋਸ਼ਟਾਂ ਹਨ ਅਤੇ ਇੱਕ ਅਚਲ ਵਟਾਲੇ ਜਾਣਾ ਵੀ ਹੈ ਪਰ ਇਨ੍ਹਾਂ ਸਾਰੀਆਂ ਵਿਚ ਸਿੱਧ ਗੋਸ਼ਟਿ ਦੇ ਉਚਾਣ ਸਥਲ ਬਾਰੇ ਕੋਈ ਸਪਸ਼ਟ ਭਾਂਤ ਦੇ ਸੰਕੇਤ ਨਹੀਂ ਮਿਲੇ।

ਭਾਈ ਮਨੀ ਸਿੰਘ ਵਾਲੀ ਜਨਮ ਸਾਖੀ ਦਾ ਮੂਲਾਧਾਰ ਵੀ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਹੈ ਇਸ ਲਈ ਇਸ ਵਿਚਲਾ ਬਿਰਤਾਂਤ ਭਾਈ ਗੁਰਦਾਸ ਵਾਲੇ ਹੀ ਹਨ। ਭਾਈ ਗੁਰਦਾਸ ਜੀ ਦੀ ਨਿਮਨ ਦਰਜ ਵਾਰ ਵਿਚੋਂ ਸਿੱਧ ਗੋਸ਼ਟਿ ਦੇ ਰਚਨਾ ਸਥਲ ਸਬੰਧੀ ਬੜੀ ਠੋਸ ਅਤੇ ਪ੍ਰਮਾਣਿਕ ਜਾਣਕਾਰੀ ਪ੍ਰਾਪਤ ਹੁੰਦੀ ਹੈ। ਵਾਰ ਇਸ ਪ੍ਰਕਾਰ ਹੈ-

ਮੇਲਾ ਸੁਣਿ ਸਿਵਰਾਤਿ ਦਾ ਬਾਬਾ ਅਚਲ ਵਟਾਲੇ ਆਈ।
ਦਰਸਨੁ ਵੇਖਣਿ ਕਾਰਨੇ ਸਗਲੀ ਉਲਟਿ ਪਈ ਲੋਕਾਈ।
ਲਗੀ ਬਰਸਣਿ ਲਛਮੀ ਰਿਧਿ ਸਿਧਿ ਨਉ ਨਿਧਿ ਸਵਾਈ।
ਜੋਗੀ ਦੇਖਿ ਚਲਿਤ੍ਰ ਨੋ ਮਨ ਵਿਚਿ ਰਿਸਕਿ ਘਨੇਰੀ ਖਾਈ।
ਭਗਤੀਆ ਪਾਈ ਭਗਤਿ ਆਣਿ ਲੋਟਾ ਜੋਗੀ ਲਇਆ ਛਪਾਈ।
ਭਗਤੀਆ ਗਈ ਭਗਤਿ ਭੁਲਿ ਲੋਟੇ ਅੰਦਰਿ ਸੁਰਤਿ ਭੁਲਾਈ।
ਬਾਬਾ ਜਾਣੀ ਜਾਣ ਪੁਰਖ ਕਢਿਆ ਲੋਟਾ ਜਹਾ ਲੁਕਾਈ।
ਵੇਖਿ ਚਲਿਤ੍ਰ ਜੋਗੀ ਖੁਣਿਸਾਈ ॥੩੯॥

ਭਾਈ ਗੁਰਦਾਸ ਜੀ ਦੀਆਂ ਇਸ ਤੋਂ ਅਗਲੀਆਂ ਵਾਰਾਂ (40 ਤੋਂ 44) ਵਿਚ ਸਪਸ਼ਟ ਸਿੱਧ ਗੋਸ਼ਟਿ ਦੇ ਅਚਲ ਵਟਾਲੇ ਹੋਣ ਦੇ ਪ੍ਰਮਾਣ ਮਿਲਦੇ ਹਨ ਅਤੇ ਇਹ ਹਕੀਕਤ ਦੇ ਜ਼ਿਆਦਾ ਨੇੜੇ ਹਨ। ਇਸ ਲਈ ਇਹ ਸਿੱਧ ਹੁੰਦਾ ਹੈ ਕਿ ਗੋਸ਼ਟਿ ਅਚਲ ਵਟਾਲੇ ਵਿਖੇ ਹੀ ਹੋਈ ਸੀ।

In the History of the Si,h People Dr.Gopal singh on page 50. He mentions Nana,'s sojourn to Mecca and Bagdad to have a dialogue there with Musli m divines: to the Su meru (,ailash ) mountains to converse with the Jogis : to Multan to have a discourse with the Sufis there, and to Achal Vatala to debun, the co m monly held yogic belief that it is through miracles that a man of God establisheshis clai m to spirituality.

www.sikhbookclub.com

ਸਰੂਪ ਦਾਸ ਭੱਲਾ ਰਚਿਤ ਮਹਿਮਾ ਪ੍ਰਕਾਸ਼ (1776) ਦੇ ਦੋ ਭਾਗ ਛਾਪੇ ਹੋਏ ਮਿਲਦੇ ਹਨ। ਇੱਕ ਭਾਗ ਦਾ ਨਾਂ ਗੁਰੂ ਨਾਨਕ ਮਹਿਮਾ ਅਰਥਾਤ ਮਹਿਮਾ ਪ੍ਰਕਾਸ਼ (ਭਾਗ ਪਹਿਲਾ) ਹੈ ਇਸ ਵਿਚ ਵੀ ਇੱਕ ਸਾਖੀ ਅਚਲ ਤੀਰਥ ਵਿਖੇ ਚਰਚਾ ਨਾਲ ਸਬੰਧਿਤ ਹੈ। ਇਸ ਸਾਖੀ ਵਿਚ ਸਿਧਾਂ ਵਲੋਂ ਨਟਾਂ (ਬਾਜ਼ੀਗਰਾਂ) ਦਾ ਪੈਸਿਆਂ ਨਾਲ ਭਰਿਆ ਲੋਟਾ ਜਾਂ ਗੜਵਾ ਲੁਕਾਉਣ ਦਾ ਜ਼ਿਕਰ ਹੈ ਜਿਸ ਵਲ ਸੰਕੇਤ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਵੀ ਹੈ। ਸਰੂਪ ਦਾਸ ਭੱਲਾ ਵੀ ਸਿੱਧ ਗੋਸ਼ਟਿ ਦਾ ਰਚਨਾ ਸਥਲ ਅਪ੍ਰਤੱਖ ਤੌਰ ਤੇ ਅਚਲ ਵਟਾਲੇ ਹੀ ਮੰਨਦਾ ਹੈ। ਇਸ ਤੋਂ ਇੱਕ ਸਾਲ ਬਾਅਦ ਦੀ ਲਿਖੀ ਹੋਈ ਸੰਤ ਦਾਸ ਛਿਹਿਬਰ ਦੀ ਜਨਮਸਾਖੀ ਸ਼੍ਰੀ ਗੁਰੂ ਨਾਨਕ ਸ਼ਾਹ ਕਿ (1777) ਮਿਲਦੀ ਹੈ। ਇਸ ਵਿਚ ਗੁਰੂ ਨਾਨਕ ਦੀਆਂ ਸਿਧਾਂ ਨਾਲ ਹੋਈਆਂ ਤਿੰਨ ਗੋਸ਼ਟਾਂ (ਸਾਖੀ ਨੰਬਰ 39, 49 ਅਤੇ 69) ਦਾ ਪਤਾ ਲੱਗਦਾ ਹੈ। ਪਹਿਲੀਆਂ ਦੋ ਸਾਖੀਆਂ ਨਾਨਕ ਮਤੇ ਅਤੇ ਸੁਮੇਰ ਪਰਬਤ ਉਪਰ ਜਾਣ ਸਬੰਧੀ ਹਨ ਜਦੋਂ ਕਿ ਸਾਖੀ ਨੰਬਰ 69 ਗੁਰੂ ਜੀ ਦੇ ਅਚਲ ਵਟਾਲੇ ਸ਼ਿਵਰਾਤਰੀ ਦੇ ਮੌਕੇ ਮੇਲਾ ਵੇਖਣ ਜਾਣ ਬਾਰੇ ਹੈ। ਲੋਟੇ ਵਾਲੀ ਘਟਨਾ ਦਾ ਜ਼ਿਕਰ ਇਸ ਸਾਖੀ ਵਿਚ ਹੋਣ ਕਾਰਨ ਕਿਹਾ ਜਾ ਸਕਦਾ ਹੈ ਸਿੱਧ ਗੋਸ਼ਟਿ ਦੀ ਰਚਨਾ ਦੇ ਸਬੰਧ ਅਚਲ ਵਟਾਲੇ ਨਾਲ ਹੀ ਹੈ।

ਭਾਈ ਸੰਤੋਖ ਸਿੰਘ ਰਚਿਤ ਗੁਰਪ੍ਰਤਾਪ ਸੂਰਜ ਗਰੰਥ (1843 ਈਸਵੀ) ਦੇ ਦੂਜੇ ਭਾਗ (ਉਤਰਾਰਥ) ਦੇ 39 ਵੇਂ ਅਧਿਆਏ ਵਿਚ ਅਚਲ ਵਟਾਲੇ ਜਾਣ ਅਤੇ ਸਿਧਾਂ ਨਾਲ ਵਿਚਾਰ ਚਰਚਾ ਦਾ ਉਲੇਖ ਇਸ ਪ੍ਰਕਾਰ ਹੈ-

ਕੇਤਕ ਦਿਵਸ ਤਹਿ ਰਹਿਤ ਗੁਜਾਰੇ।
ਬੋਧ ਅਨੇਕਨ ਕੇ ਨਿਰਵਾਰੇ।
ਬਹੁਰ ਸਮਾਂ ਆਇਓ ਸਿਵਰਤੀ।
ਮੇਲਾ ਅਨਲ ਹੋਤ ਭਲ ਭਾਤਿ।
ਸਰਬ ਸਿੱਧ ਤਹਿ ਆਸਨ ਲਾਇ।
ਬੈਠੇ ਜਬ ਪੂਜਨ ਕਰ ਆਇ।
ਵਹਿ ਦਿਨ ਮੰਨਤਾ ਹੋਤ ਬਧੇਰੀ।
ਭੇਟ ਚੜ੍ਹਾਵਹਿ ਆਨ ਘਨੇਰੀ।

(ਭਾਈ ਵੀਰ ਸਿੰਘ, ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥਾਵਲੀ 1 ਪੰਨੇ 092-1093)

ਉਨੀਵੀਂ ਸਦੀ ਦਾ ਹੀ ਹੋਰ ਅਹਿਮ ਗ੍ਰੰਥ ਸੁਖਬਾਸੀ ਰਾਏ (ਮ੍ਰਿਤੂ 1848 ਈਸਵੀ) ਕ੍ਰਿਤ ਗੁਰੂ ਨਾਨਕ ਬੰਸ ਪ੍ਰਕਾਸ਼ ਹੈ। ਇਸ ਵਿਚਲੀ ਇੱਕ ਸਾਖੀ ਦੇ ਅੰਤ ਤੇ ਸੁਖਬਾਸੀ ਰਾਏ ਸਪਸ਼ਟ ਸ਼ਬਦਾਂ ਵਿਚ ਲਿਖਦਾ ਹੈ ਕਿ------

www.sikhbookclub.com

**ਸਿਧਨ ਸੋ ਗੋਸ਼ਟਿ ਕਰੀ ,ਸਿੱਧ ਗੋਸ਼ਟਿ ਤਿਹ ਨਾਮ।**
**ਦੋ ਸਹੰਸਰ ਉਤਰ ਪ੍ਰਸ਼ਨ ਸਤਿਗੁਰ ਸੇ ਅਭਿਰਾਮ।**

(ਗੁਰਮੁਖ ਸਿੰਘ, ਗੁਰੂ ਨਾਨਕ ਬੰਸ ਪ੍ਰਕਾਸ਼ ਪੰਨਾ 317)

ਬਟਾਲਾ ਪੰਜਾਬ ਦਾ ਮਹੱਤਵਪੂਰਨ ਸ਼ਹਿਰ ਹੈ। ਇਥੇ ਸ਼ਿਵ ਜੀ ਦਾ ਇੱਕ ਮੰਦਰ ਹੈ ਜਿਸ ਦਾ ਨਾਮ ਅਚੱਲ ਹੈ। ਇਸ ਮੰਦਰ ਦੇ ਨਾਂ ਤੇ ਹੀ ਪਿੰਡ ਦਾ ਨਾਂ ਅਚਲ ਵਟਾਲੇ ਹੋ ਗਿਆ ਹੈ। ਹਰ ਸਾਲ ਇਥੇ ਸ਼ਿਵਰਾਤਰੀ ਦੇ ਮੌਕੇ ਤੇ ਬੜਾ ਹੀ ਭਾਰੀ ਮੇਲਾ ਲਗਦਾ ਹੈ। ਉਹਨਾਂ ਦਿਨਾਂ ਵਿਚ ਇਸ ਮੇਲੇ ਤੇ ਜੋਗੀ, ਸਿਧਨਾਥ ਆਦਿ ਹੁਮ ਹੁੰਮਾ ਕੇ ਆਓਂਦੇ ਸਨ ਤੇ ਲੋਕਾਂ ਨੂੰ ਆਪਣੀਆਂ ਕਰਾਮਾਤਾਂ ਨਾਲ ਚਕਾਚੌਂਧ ਕਰਦੇ ਸਨ। ਜਦੋਂ ਆਸ ਪਾਸ ਦੇ ਲੋਕਾਂ ਨੂੰ ਪਤਾ ਲੱਗਾ ਕੇ ਇਸ ਵਾਰ ਸ਼੍ਰੀ ਗੁਰੂ ਨਾਨਕ ਦੇਵ ਜੀ ਵੀ ਮੇਲੇ ਤੇ ਆ ਰਹੇ ਹਨ ਤਾਂ ਲੋਕ ਭਾਰੀ ਗਿਣਤੀ ਵਿਚ ਉਥੇ ਪੁੱਜ ਗਏ। ਇਸ ਵਾਰ ਸਾਰੀ ਲੋਕਾਈ ਅਕਾਲ ਸਰੂਪ ਬਾਬੇ ਦੇ ਚਰਨਾਂ ਵਿਚ ਸੱਜ ਗਈ ਤਾਂ ਸਿਧਾਂ ਨੂੰ ਗੁੱਸਾ ਆਇਆ ਤੇ ਉਹ ਖਿਝ ਗਏ ਅਤੇ ਆ ਗਏ ਆਪਣੇ ਹੋਛੇ ਹਥਿਆਰਾਂ ਤੇ। ਉਹ ਵੀ ਗੁਰੂ ਜੀ ਪਾਸ ਆ ਗਏ। ਉਥੇ ਰਾਸਧਾਰੀ ਰਾਸ ਪਾ ਰਹੇ ਸਨ। ਕੁਝ ਲੋਕ ਤਮਾਸ਼ਾ ਦੇਖ ਰਹੇ ਸਨ। ਜੋਗੀਆਂ ਨੇ ਲੋਕਾਂ ਉਪਰ ਰੋਹਬ ਪਾਉਣ ਲਈ ਕਰਾਮਾਤਾਂ ਵਿਖਾਉਣੀਆਂ ਸ਼ੁਰੂ ਕਰ ਦਿੱਤੀਆਂ। ਓਹਨਾ ਨੇ ਆਪਣੀ ਕਰਾਮਾਤ ਦੇ ਬਲ ਨਾਲ ਓਹਨਾ ਗ਼ਰੀਬ ਰਾਸਧਾਰੀਆਂ ਦਾ ਲੋਟਾ ਜਿਸ ਵਿਚ ਓਹਨਾ ਦੇ ਪੈਸੇ ਪਏ ਸਨ ਲੁਕੋ ਲਿਆ। ਰਾਸਧਾਰੀਆਂ ਨੇ ਜੋਗੀਆਂ ਦੇ ਬਹੁਤ ਤਰਲੇ ਕੀਤੇ ਪਰ ਜੋਗੀ ਨਾ ਮੰਨੇ ਤਾਂ ਆਖਣ ਲੱਗੇ ਪੂਜਾ ਤਾਂ ਗੁਰੂ ਨਾਨਕ ਕਰਵਾ ਰਿਹਾ ਹੈ ਉਸ ਕੋਲੋਂ ਜਾ ਕੇ ਪੁਛੋਂ। ਉਹ ਗ਼ਰੀਬ ਗੁਰੂ ਨਾਨਕ ਦੇ ਚਰਨਾਂ ਵਿਚ ਹਾਜ਼ਰ ਹੋਏ ਤੇ ਬੇਨਤੀ ਕੀਤੀ ਤਾਂ ਓਹਨਾ ਦਾ ਲੋਟਾ ਓਹਨਾ ਨੂੰ ਲੱਭਾ ਦਿੱਤਾ। ਭਾਈ ਗੁਰਦਾਸ ਜੀ ਨੇ ਇਸ ਘਟਨਾ ਦਾ ਵੇਰਵਾ 39 ਵੀਂ ਵਾਰ ਵਿਚ ਦਿੱਤੋ ਹੈ ਜੋ ਪਹਿਲਾਂ ਉਪਰ ਦਰਜ ਕੀਤੀ ਹੋਈ ਹੈ।

ਇਹਨਾਂ ਜੋਗੀਆਂ ਨੇ ਇੱਕ ਚਾਲ ਹੋਰ ਖੇਡੀ। ਗੁਰੂ ਸਾਹਿਬ ਕੋਲ ਆ ਕੇ ਆਖਣ ਲੱਗੇ ਕਿ ਇਹ ਧਰਤੀ ਤਾਂ ਸਾਡੀ ਹੈ ਇਸ ਲਈ ਤੁਸੀਂ ਇਥੋਂ ਚਲੇ ਜਾਓ। ਬਾਬਾ ਜੀ ਆਖਣ ਲੱਗੇ ਕਿ ਅਸੀਂ ਕਿਧਰੇ ਹੋਰ ਚਲੇ ਜਾਂਦੇ ਹਾਂ। ਪ੍ਰੰਤੂ ਭਾਈ ਸੀਹਾਂ ਨੇ ਆਖਿਆ ਇਹ ਗ਼ਲਤ ਹੈ। ਜੋਗੀਆਂ ਨੇ ਆਖਿਆ ਅਸੀਂ ਧਰਤੀ ਪਾਸੋਂ ਅਖਵਾ ਦਿੰਦੇ ਹਾਂ। ਬਾਬਾ ਜੀ ਅਡੋਲ ਸਹਿਜ ਅਵਸਥਾ ਵਿਚ ਟਿਕੇ ਉਥੇ ਖੜੇ ਰਹੇ ਤਾਂ ਜੋਗੀਆਂ ਨੇ ਆਵਾਜ਼ ਦਿੱਤੀ-ਹੈ ਧਰਤੀ ਤੂੰ ਕਿਨ੍ਹਾਂ ਦੀ ਹੈਂ ? ਤਾਂ ਇੱਕ ਬਰੀਕ ਜਿਹੀ ਆਵਾਜ਼ ਆਈ, "ਮੈਂ ਜੋਗੀਆਂ ਦੀ ਹਾਂ।"

ਇਸ ਤਰਾਂ ਜੋਗੀਆਂ ਨੇ ਦੂਜੀ ਵਾਰੀ ਆਖਿਆ ਤਾਂ ਫਿਰ ਓਹੀ ਆਵਾਜ਼ ਆਈ। ਅਹੰਕਾਰ ਵਿਚ ਮਾਰੇ ਜੋਗੀਆਂ ਨੇ ਆਖਿਆ ਅਸੀਂ ਤੀਜੀ ਵਾਰੀ ਵੀ ਅਖਵਾ ਦਿੰਦੇ ਹਾਂ। ਓਹਨਾ ਨੇ ਫੇਰ ਪੁੱਛਿਆ ਤਾਂ ਸਿਰਫ ਮੈਂ ਹੀ ਆਵਾਜ਼ ਆਈ ਤੇ ਫਿਰ ਅਗਾਂਹ ਕੁਝ ਬੋਲ

www.sikhbookclub.com

ਨਾ ਨਿਕਲਿਆ। ਥੋੜੀ ਦੇਰ ਬਾਅਦ ਇੱਕ ਚੀਕਦੀ ਰੋਂਦੀ ਬੁੱਢੀ ਆ ਗਈ। ਸਾਰੇ ਪਾਸੇ ਰੌਲਾ ਜਿਹਾ ਪੈ ਗਿਆ। ਇੱਕ ਮਾਂ ਆਪਣੇ ਮੋਏ ਹੋਏ ਬਾਲ ਨੂੰ ਗੋਦੀ ਵਿਚ ਲਈ ਗੁਰੂ ਜੀ ਦੇ ਪਾਸ ਆ ਗਈ ਤੇ ਚਰਨਾਂ ਵਿਚ ਸਿਰ ਰੱਖ ਕੇ ਹਾਲ ਦੁਹਾਈ ਪਾਉਣ ਲਗੀ। ਸਤਿਗੁਰੂ ਜੀ ਨੇ ਆਖਿਆ ਕਿ ਬੇਟੀ ਸਾਰਾ ਹਾਲ ਖੋਹਲ ਕੇ ਸੁਣਾ। ਤਾਂ ਉਸ ਨੇ ਦੱਸਿਆ ਕਿ ਇਹ ਜੋਗੀ ਮੇਰੇ ਪਾਸ ਸਵੇਰੇ ਗਏ ਸਨ ਤੇ ਮੈਨੂੰ ਪੈਸੇ ਦੇ ਕੇ ਦੋ ਘੰਟਿਆਂ ਲਈ ਬਾਲਕ ਲੈ ਗਏ ਕਿ ਜ਼ਰਾ ਲੋੜ ਹੈ ਪਰ ਹੁਣ ਆਖਦੇ ਹਨ ਸੱਪ ਲੜਨ ਨਾਲ ਮਰ ਗਿਆ ਹੈ। ਹੁਣ ਅਸੀਂ ਕੀ ਕਰੀਏ ? ਮਾਂ ਦਾ ਵਿਰਲਾਪ ਸੁਣ ਕੇ ਮੇਹਰਾਂ ਦੇ ਸਾਈਂ ਨੇ ਦਇਆ ਕੀਤੀ। ਬਾਲਕ ਜੀਅ ਪਿਆ ਅਤੇ ਜੋਗੀਆਂ ਦਾ ਪਾਖੰਡ ਉੱਘੜ ਕੇ ਸਾਹਮਣੇ ਆ ਗਿਆ ਅਤੇ ਓਹਨਾ ਦੀ ਜਗ ਹੱਸਾਉਣੀ ਹੋ ਗਈ।

ਹੁਣ ਜੋਗੀਆਂ ਦਾ ਪ੍ਰਚੰਡ ਗੁਸੇ ਦਾ ਮਾਰਿਆ ਹੋਇਆ ਰੂਪ ਸਾਹਮਣੇ ਆ ਗਿਆ। ਉਹ ਆਪਣੇ ਸਿਧਿ ਬੱਲ ਨਾਲ ਕਰਾਮਾਤਾਂ ਵਿਖਾਉਣ ਲੱਗੇ। ਆਪਣੇ ਰੂਪ ਵਟਾ ਲਏ। ਸ਼ੇਰ ਬਣ ਕੇ ਭਬਕਾਂ ਮਾਰਨ ਲੱਗੇ। ਬਘਿਆੜ ਬਣ ਕੇ ਲੋਕਾਂ ਨੂੰ ਭੈਭੀਤ ਕਰਨ ਲੱਗੇ। ਅਕਾਸ਼ ਵਿਚ ਜਹਾਜ਼ਾਂ ਦੀ ਤਰਾਂ ਘੂਕਰਾਂ ਪਾਉਂਦੇ ਫਿਰਨ। ਸੱਪ ਬਣ ਫੁੰਕਾਰੇ ਮਾਰਨ ਲੱਗੇ। ਅਗਨੀ ਦਾ ਮੀਂਹ ਵਰਸਾਵਣ ਲੱਗੇ। ਭੰਗਰ ਨਾਥ ਤਾਂ ਤਾਰੇ ਤੋੜ ਕੇ ਧਰਤੀ ਤੇ ਸੁੱਟਣ ਲਗ ਪਿਆ। ਕੁਝ ਸਿੱਧ ਆਪਣੀ ਮਿਰਗਾਣੀ ਤੇ ਬੈਠ ਕੇ ਜਲ ਵਿਚ ਤਰਨ ਲੱਗੇ। ਗੱਲ ਕਿ ਆਪਣਾ ਖੋਇਆ ਹੋਇਆ ਮਾਣ ਸਥਾਪਿਤ ਕਰਨ ਲਈ ਸਰਗਰਮ ਹੋ ਗਏ। ਭਾਈ ਗੁਰਦਾਸ ਜੀ ਲਿਖਦੇ ਹਨ ਕਿ-

**ਸਿਧਿ ਬੋਲਨਿ ਸਭਿ ਅਵਖਧੀਆ ਤੰਤ੍ਰ ਮੰਤ੍ਰ ਕੀ ਧੁਨੋ ਚੜ੍ਹਾਈ।**
**ਰੂਪ ਵਟਾਏ ਜੋਗੀਆ ਸਿੰਘ ਬਾਘਿ ਬਹੁ ਚਲਿਤਿ ਦਿਖਾਈ।**
**ਇਕਿ ਪਰਿ ਕਰਿਕੈ ਉਡਰਨਿ ਪੰਖੀ ਜਿਵੈ ਰਹੇ ਲੀਲਾਈ।**
**ਇਕਨਾ ਨਾਗਹੋਇ ਪਉਣ ਛੋੜਿਆ ਇਕਨਾ ਵਰਖਾ ਅਗਨਿ ਵਸਾਈ।**
**ਤਾਰੇ ਤੋੜੇ ਭੰਗਰਿਨਾਥ, ਇਕ ਚੜਿ ਮਿਰਗਾਨੀ ਜਲੁ ਤਰਿ ਜਾਈ।**
**ਸਿਧਾ ਅਗਨਿ ਨ ਬੁਝੈ ਬੁਝਾਈ ॥੪੧॥**

ਜੋਗੀਆਂ ਨੇ ਦੇਖਿਆ ਕਿ ਅਕਾਲ ਰੂਪ ਬਾਬਾ ਨਿਰਭਉ ਦਾ ਜਪ ਕਰਨ ਵਾਲਾ ਹੈ ਉਸ ਨੂੰ ਜੋਗ ਦੀ ਮਾਇਆ ਤੋਂ ਰਤਾ ਵੀ ਡਰ ਨਹੀਂ ਲੱਗਾ ਹੈ। ਓਹਨਾ ਨੇ ਫਿਰ ਆਖਿਆ ਕਿ ਅਸੀਂ ਲੁਕਦੇ ਹਾਂ, ਤੁਸੀਂ ਸਾਨੂੰ ਲੱਭਣਾ। ਫਿਰ ਤੁਸੀਂ ਲੁਕਣਾ ਅਸੀਂ ਤੁਹਾਨੂੰ ਲਭਾਂਗੇ। ਬਾਬਾ ਜੀ ਹੱਸ ਪਏ ਤੇ ਆਖਣ ਲੱਗੇ ਜਾਓ ਲੁਕ ਜਾਓ। ਬਸ ਜੋਗੀ ਦਿਸਣੋ ਬੰਦ ਹੋ ਗਏ। ਪ੍ਰੰਤੂ ਹਾਲੇ ਕੁਝ ਦੇਰ ਹੀ ਹੋਈ ਸੀ ਕਿ ਇਕ ਜੋਗੀ ਆ ਗਿਆ ਤੇ ਬੋਲਿਆ ਬਾਬਾ ਤੇਰੀ ਖੂੰਡੀ ਮੇਰੀ ਮੁੰਦਰਾਂ ਵਿਚ ਆ ਕੇ ਅੜ ਗਈ। ਮੇਰਾ ਤਾਂ ਕੰਨ ਹੀ ਫੱਟ ਜਾਣਾ ਸੀ। ਇਤਨੇ

www.sikhbookclub.com

ਨੂੰ ਇੱਕ ਹੋਰ ਜੋਗੀ ਆ ਗਿਆ ਜੋ ਬਚਾਓ, ਬਚਾਓ ਪੁਕਾਰ ਰਿਹਾ ਸੀ। ਬਾਬਾ ਤੁਹਾਡੀ ਖੜਾਮ ਨੇ ਮੇਰਾ ਸਿਰ ਹੀ ਭੰਨ ਛੱਡਿਆ ਹੈ। ਇਸ ਤਰਾਂ ਸਾਰੇ ਜੋਗੀ ਵਾਪਿਸ ਆ ਗਏ।

ਹੁਣ ਬਾਬਾ ਜੀ ਨੂੰ ਲੁਕਣ ਲਈ ਆਖਿਆ ਤੇ ਉਹ ਲੁੱਕਣ ਨੂੰ ਤਿਆਰ ਹੋ ਗਏ। ਸੰਗਤਾਂ ਨੇ ਬੇਨਤੀ ਕੀਤੀ ਕਿ ਸਾਹਿਬਾ ਇਨ੍ਹਾਂ ਤੋਂ ਲੱਭਿਆ ਨਹੀਂ ਜਾਣਾ ਤੇ ਫੇਰ ਅਸੀਂ ਕੀ ਕਰਾਂਗੇ। ਬਾਬੇ ਨੇ ਆਖਿਆ ਇਨ੍ਹਾਂ ਨਾਲ ਵਾਅਦਾ ਕੀਤਾ ਹੈ ਪੂਰਾ ਤਾਂ ਕਰਨਾ ਹੀ ਹੈ। ਤੁਸੀਂ ਚਿੰਤਾ ਨਹੀਂ ਕਰਨੀ, ਜਦੋਂ ਜੋਗੀ ਹਾਰ ਮੰਨ ਜਾਣ ਤਾਂ ਕੀਰਤਨ ਸ਼ੁਰੂ ਕਰ ਲੈਣਾ ਅਸੀਂ ਆ ਜਾਵਾਂਗੇ। ਇਹ ਆਖ ਬਾਬਾ ਅਲੋਪ ਹੋ ਗਿਆ।

ਇਕ ਜੋਗੀ ਆਖਣ ਲੱਗਾ ਕਿ ਮੈਂ ਸਾਰੀ ਧਰਤੀ ਦੇਖ ਆਇਆ ਹਾਂ, ਦੂਜਾ ਆਖ ਰਿਹਾ ਸੀ ਮੈਂ ਸਾਰਾ ਪਤਾਲ ਵੇਖ ਆਇਆ ਹਾਂ ਤੀਜਾ ਆਖ ਰਿਹਾ ਸੀ ਕਿ ਮੈਂ ਮੰਗਲ ਲੋਕ, ਧਰੂ ਲੋਕ ਅਤੇ ਚੰਦਰ ਲੋਕ ਦੀ ਤਲਾਸ਼ ਕਰ ਆਇਆ ਹਾਂ ਪਰ ਗੁਰੂ ਜੀ ਨਹੀਂ ਲਭੇ। ਫਿਰ ਸੰਗਤਾਂ ਨੇ ਇਲਾਹੀ ਬਾਨੀ ਦਾ ਕੀਰਤਨ ਸ਼ੁਰੂ ਕਰ ਦਿਤਾ ਤੇ ਬਾਬਾ ਜੀ ਪ੍ਰਗਟ ਹੋ ਗਏ। ਜੋਗੀਆਂ ਦੇ ਪੁੱਛਣ ਤੇ ਦੱਸਿਆ ਕਿ ਅਸਾਂ ਤਾਂ ਪੰਜਾਂ ਤੱਤਾਂ ਵਿਚ ਆਪਣੇ ਸਰੀਰ ਦੇ ਪੰਜੇ ਤੱਤ ਮਿਲਾ ਦਿਤੇ ਤੇ ਆਪ ਸੱਚ ਖੰਡ ਪੁੱਜ ਕੇ ਗੁਰੂ ਜੀ ਦੇ ਦੀਦਾਰ ਕਰ ਰਹੇ ਸੀ।

ਹੁਣ ਤਾਂ ਜੋਗੀਆਂ ਕੋਲ ਇਕੋ ਹੀ ਹਥਿਆਰ ਬਾਕੀ ਰਹਿ ਗਿਆ ਸੀ ਅਤੇ ਉਹ ਸੀ ਵਾਦ ਵਿਵਾਦ-ਬਹਿਸ। ਉਹ ਬਾਬੇ ਪਾਸ ਬੈਠ ਗਏ ਤੇ ਆਖਣ ਲੱਗੇ ਕਿ ਸਾਨੂੰ ਕਰਾਮਾਤ ਦਿਖਾਓ। ਬਾਬੇ ਨੇ ਹੱਸ ਕੇ ਆਖਿਆ ਕਿ ਇਹ ਤਾਂ ਮਦਾਰੀਆਂ ਦਾ ਕੰਮ ਹੈ। ਸਾਡੇ ਕੋਲ ਗੁਰ ਸੰਗਤ ਤੋਂ ਬਿਨਾ ਕੋਈ ਕਰਾਮਾਤ ਨਹੀਂ ਹੈ ਭਾਈ ਗੁਰਦਾਸ ਜੀ ਲਿਖਦੇ ਹਨ ਕਿ-

**ਸਿਧਿ ਬੋਲਨਿ ਸੁਣਿ ਨਾਨਕਾ ਤੁਹਿ ਜਗ ਨੋ ਕਿਆ ਕਰਾਮਾਤਿ ਦਿਖਾਈ।**
**ਕੁਝ ਵਿਖਾਲੇਂ ਅਸਾਨੋ, ਤੁਹਿ ਕਿਉ ਢਿਲ ਅਵੇਹੀ ਲਾਈ।**
**ਬਾਬਾ ਬੋਲੇ ਨਾਥ ਜੀ ਅਸਾਂ ਤੇ ਵੇਖਣਿ ਜੋਗੀ ਵਸਤੁ ਨ ਕਾਈ।**
**ਗੁਰ ਸੰਗਤਿ ਬਾਣੀ ਬਿਨਾ ਦੂਜੀ ਓਟ ਨਹੀਂ ਹਹਿ ਰਾਈ।**
**ਸਿਵ ਰੂਪੀ ਕਰਤਾ ਪੁਰਖੁ ਚਲੇ ਨਾਹੀ ਧਰਤਿ ਚਲਾਈ**
**ਸਿਧ ਤੰਤ੍ਰ ਮੰਤ੍ਰਿ ਕਰਿ ਝੜਿ ਪਏ ਸਬਦਿ ਗੁਰੂ ਕੇ ਕਲਾ ਛਪਾਈ।**
**ਦਦੇ ਦਾਤਾ ਗੁਰੂ ਹੈ ਕਕੇ ਕੀਮਤ ਕਿਨੈ ਨ ਪਾਈ।**
**ਸੋ ਦੀਨ ਨਾਨਕ ਸਤਿਗੁਰ ਸਰਣਾਈ॥੪੨॥**
**ਬਾਬਾ ਬੋਲੇ ਨਾਥ ਜੀ ਸਬਦੁ ਸੁਨਹੁ ਸਚੁ ਮੁਖਹੁ ਅਲਾਈ।**
**ਬਾਝੋਂ ਸਚੇ ਨਾਮ ਦੇ ਹੋਰੁ ਕਰਾਮਾਤਿ ਅਸਾਂ ਤੇ ਨਾਹੀ।**
**ਬਸਤਰਿ ਪਹਿਰੋਂ ਅਗਨਿ ਕੈ ਬਰਫ ਹਿਮਾਲੇ ਮੰਦਰੁ ਛਾਈ।**
**ਕਰੌਂ ਰਸੋਈ ਸਾਰ ਦੀ ਸਗਲੀ ਧਰਤੀ ਨਥਿ ਚਲਾਈ।**

www.sikhbookclub.com

**ਏਵਡੁ ਕਰੀ ਵਿਥਾਰ ਕਉ ਸਗਲੀ ਧਰਤੀ ਨਥਿ ਚਲਾਈ ।**
**ਤੋਲੀ ਧਰਤਿ ਅਕਾਸਿ ਦੁਇ ਪਿਛੇ ਛਾਬੇ ਟੰਕੁ ਚੜਾਈ ।**
**ਇਹ ਬਲੁ ਰਖਾ ਆਪਿ ਵਿਚਿ ਜਿਸੁ ਆਖਾ ਤਿਸੁ ਪਾਸਿ ਕਰਾਈ ।**
**ਸਤਿਨਾਮ ਬਿਨੁ ਬਾਦਰਿ ਛਾਈ ।।੪੩।।**

ਅਖੀਰ ਜੋਗੀਆਂ ਨੇ ਦੇਖਿਆ ਕੇ ਇਥੇ ਗੁਸੇ ਨਾਲ ਜਾਂ ਗਰਮਾਈ ਵਿਖਾ ਕੇ ਕੁਝ ਨਹੀਂ ਬਣੇਗਾ ।ਫਿਰ ਉਨ੍ਹਾਂ ਨੇ ਗੁਰ ਸਾਹਿਬ ਨਾਲ ਮਿੱਠੇ ਪਿਆਰੇ ਹੋ ਕੇ ਢੰਗ ਨਾਲ ਗਲਬਾਤ ਸ਼ੁਰੂ ਕੀਤੀ ਆਪਣੇ ਪ੍ਰਸ਼ਨ ਸਤਿਗੁਰੂ ਨੂੰ ਦੱਸੇ। ਸਾਹਿਬਾਨ ਨੇ ਗੁਰਮੱਤ ਅਨੁਸਾਰ ਓਹਨਾ ਦੇ ਉੱਤਰ ਦਿੱਤੇ। ਜੋਗੀਆਂ ਦੀ ਸੰਤੁਸ਼ਟੀ ਹੋ ਗਈ। ਭਾਈ ਗੁਰਦਾਸ ਜੀ ਨੇ ਲਿਖਿਆ ਹੈ ਕਿ-

**ਬਾਹਬੇ ਕੀਤੀ ਸਿਧਿ ਗੋਸਟਿ ਸਬਦਿ ਸਾਂਤਿ ਸਿਧਾਂ ਵਿਚਿ ਆਈ ।**
**ਜਿਣਿ ਮੇਲਾ ਸਿਵਰਾਤਿ ਦਾ ਖਟ ਦਰਸਨ ਆਦੇਸਿ ਕਰਾਈ ।**
**ਸਿਧਿ ਬੋਲਨਿ ਸੁਭ ਬਚਨਿ ਧਨੁ ਨਾਨਕ ਤੇਰੀ ਵਡੀ ਕਮਾਈ ।**
**ਵਡਾ ਪੁਰਖੁ ਪਰਗਟਿਆ ਕਲਿਜੁਗਿ ਅੰਦਰਿ ਜੋਤਿ ਜਗਾਈ ।**

ਉਪਰੋਕਤ ਵਿਚਾਰ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਸਾਹਿਬਾਨ ਨੇ ਸਿੱਧ ਗੋਸ਼ਟਿ ਅਚਲ ਵਟਾਲੇ ਵਿਖੇ ਸ਼ਿਵਰਾਤਰੀ ਦੇ ਮੌਕੇ ਤੇ ਉਚਾਰੀ। ਜਿਸ ਦੀ ਸਾਡੇ ਕੋਲ ਸਭ ਤੋਂ ਵੱਧ ਪ੍ਰਮਾਣਿਤ ਗਵਾਹੀ ਭਾਈ ਗੁਰਦਾਸ ਜੀ ਦੀ ਹੈ। ਉਨ੍ਹਾਂ ਨਾਲੋਂ ਗੁਰੂ ਘਰ ਦੇ ਵਧੇਰੇ ਨੇੜੇ ਹੋਰ ਕੋਈ ਨਹੀਂ ਸੀ। ਉਨ੍ਹਾਂ ਨੇ ਆਪਣੀ ਸਾਰੀ ਆਯੂ ਗੁਰੂ ਜੀ ਦੀ ਬਾਣੀ ਦੀ ਵਿਆਖਿਆ ਕਰਨ ਅਤੇ ਪ੍ਰਚਾਰ ਵਿਚ ਲਗਾਈ। ਪੰਜਵੇਂ ਪਾਤਸ਼ਾਹ ਨੇ ਉਨ੍ਹਾਂ ਦੀ ਬਾਣੀ ਨੂੰ ਕੁੰਜੀ ਆਖਿਆ ਸੀ।

www.sikhbookclub.com

# ਜੈਸੇ ਜਲ ਮਹਿ ਕਮਲੁ ਨਿਰਾਲਮੁ

## ਕਾਵਿਕ ਕਲਾ

ਸਿੱਧ ਗੋਸ਼ਟਿ ਪਹਿਲੇ ਪਾਤਸ਼ਾਹ ਜੀ ਦੀ ਇੱਕ ਪ੍ਰਤੀਨਿਧ ਅਤੇ ਮਹੱਤਵਪੂਰਨ ਬਾਣੀ ਹੈ। ਇਹ ਬਾਣੀ ਰਾਮਕਲੀ ਰਾਗ ਵਿਚ ਦਰਜ ਹੈ ਜਿਸ ਵਿਚ ਗੁਰੂ ਜੀ ਨੇ ਯੋਗ ਸਾਧਨਾ ਦੇ ਪ੍ਰਕਰਣ ਵਿਚ ਆ ਆਪਣੀ ਸਾਧਨਾ ਪੱਧਤੀ ਦੀ ਵਿਸ਼ਿਸ਼ਟਤਾ ਬੜੇ ਹੀ ਸਹਿਜ ਰੂਪ ਵਿਚ ਅਤੇ ਗੰਭੀਰਤਾ ਨਾਲ ਪ੍ਰਗਟ ਕੀਤੀ ਹੈ। ਸੂਖਮ ਦਾਰਸ਼ਨਿਕ ਵਿਚਾਰਾਂ ਦਾ ਵਿਸ਼ਲੇਸ਼ਣ ਕਰਨ ਜਾਂ ਆਪਣੇ ਪੱਖ ਦੀ ਪ੍ਰਬਲਤਾ ਅਤੇ ਦੂਸਰੇ ਪੱਖ ਦਾ ਨਿਸਤਾਰਾ ਕਰਨ ਲਈ ਗੋਸ਼ਟਿ ਬੜੀ ਹੀ ਪੁਰਾਣੀ ਕਲਾ ਵਿਧੀ ਹੈ। ਇਸ ਬਾਣੀ ਦੇ ਸਿਰਲੇਖ ਵਿਚ ਗੋਸ਼ਟਿ ਸ਼ਬਦ ਲਗਾ ਕੇ ਗੁਰੂ ਜੀ ਨੇ ਇਸ ਬਾਣੀ ਦੇ ਰੂਪਕਾਰਿਕ ਅਤੇ ਕਾਵਿਕ ਲੱਛਣਾਂ ਦਾ ਪਰਿਚੈ ਦਿੱਤਾ ਹੈ। ਗੋਸ਼ਟਿ ਹੋਣ ਕਾਰਨ ਇਸ ਬਾਣੀ ਵਿਚ ਅਧਿਆਤਮਕ ਪ੍ਰਸ਼ਨ ਉੱਤਰ ਵਰਨਣ ਕੀਤੇ ਹਨ।

ਭਾਸ਼ਾ ਕਿਸੇ ਰਚਨਾ ਵਿਚ ਨਦੀ ਵਿਚ ਵਹਿੰਦੇ ਪਾਣੀ ਦੀ ਤਰ੍ਹਾਂ ਹੁੰਦੀ ਹੈ। ਠੀਕ ਉਸੇ ਤਰ੍ਹਾਂ ਸਾਹਿਤਿਕ ਕ੍ਰਿਤ/ਰਚਨਾ ਦਾ ਗੌਰਵ ਵੀ ਉਸ ਵਿਚ ਵਰਤੀ ਗਈ ਭਾਸ਼ਾ ਤੇ ਨਿਰਭਰ ਕਰਦਾ ਹੈ ਕਿਉਂਕਿ ਭਾਸ਼ਾ ਦੀ ਵਰਤੋਂ ਹੀ ਉਸ ਦਾ ਸੁਹਜ ਹੈ ਅਤੇ ਉਹ ਹੀ ਰੂਪ ਰੂਪ ਸੁਹਜ ਪ੍ਰਦਾਨ ਕਰਦੀ ਹੈ। ਸਾਹਿਤਿਕ ਕ੍ਰਿਤ/ਰਚਨਾ ਦਾ ਇੱਕ ਵਿਸ਼ੇਸ਼ ਪ੍ਰਕਾਰ ਦਾ ਸੰਗੀਤ ਹੁੰਦਾ ਜਿਸ ਦਾ ਇੱਕ ਧੁਰਾ ਸ਼ਬਦਾਂ ਦੀ ਅਰਥ ਕੁਸ਼ਲਤਾ ਵਿਚ ਉਭਰਦਾ ਹੈ ਅਤੇ ਦੂਜਾ ਧੁਰਾ ਸ਼ਬਦਾਂ ਦੇ ਸੁਹਜ ਪ੍ਰਬੰਧ ਸ਼ਬਦਾਂ ਦੀਆਂ ਧੁਨੀਆਂ ਅਤੇ ਧੁਨੀਆਂ ਦੇ ਸੁਮੇਲ ਵਿਚੋਂ ਉਭਰਦਾ ਹੈ। ਲਿਖਤੀ ਭਾਸ਼ਾ ਵਿਚ ਇਹ ਦੋਵੇਂ ਇੱਕ ਦੂਜੇ ਵਿਚ ਘੁਲ-ਮਿਲ ਕੇ ਇੱਕ ਤਾਲ ਵਿਚ ਪ੍ਰਗਟ ਹੁੰਦਾ ਹੈ। ਇਹੋ ਤਾਲ ਹੀ ਲਿਖਤੀ ਭਾਸ਼ਾ ਦੀ ਆਤਮਾ ਹੈ ਜੋ ਕਿ ਇੱਕ ਲਿਖਤੀ ਵੰਨਗੀ ਨੂੰ ਦੂਜੀ ਤੋਂ ਨਿਖੇੜਦੀ ਹੈ। ਇਸ ਬਾਣੀ ਦਾ ਵਾਹਕ ਰੂਪ ਭਾਸ਼ਾ ਵਿਚ ਵੀ ਨਿਵੇਕਲੀਆਂ ਭਾਸ਼ਾਈ ਜੁਗਤਾਂ ਦਾ ਵਰਤਾਰਾ ਨਜ਼ਰ ਆਉਂਦਾ ਹੈ ਜੋ ਇਸ ਨੂੰ ਹੋਰਨਾਂ ਬਾਣੀਆਂ ਤੋਂ ਵਖਰਾਉਂਦਾ ਹੈ। ਭਾਸ਼ਾਈ ਜੁਗਤਾਂ ਦੇ ਵਰਤਾਰੇ ਅਧੀਨ ਭਾਸ਼ਾ ਦਾ ਤਹਿ ਦਰ ਤਹਿ ਅਧਿਐਨ ਕੀਤਾ ਜਾਂਦਾ ਹੈ ਜਿਸ ਅਧੀਨ ਵਾਕਾਂ ਦੀਆਂ ਤਹਿਆਂ,

www.sikhbookclub.com

ਸ਼ਬਦਾਂ ਦੀਆਂ ਤਹਿਆਂ ਤੇ ਚਲਦੀਆਂ ਹੋਈਆਂ ਧੁਨੀਆਂ ਦੇ ਧਰਾਤਲ ਤੱਕ ਪਹੁੰਚਿਆ ਜਾਂਦਾ ਹੈ।

ਸਿੱਧ ਗੋਸ਼ਟਿ ਬਾਣੀ ਵਿਚ ਭਾਸ਼ਾਈ ਪੱਧਰ ਤੇ ਸਭ ਤੋਂ ਨਿਵੇਕਲੀ ਜੁਗਤ ਵਾਕਾਂ ਦੀ ਵਰਤੋਂ ਸਬੰਧੀ ਹੈ। ਇਹ ਬਾਣੀ ਮੂਲ ਰੂਪ ਵਿਚ ਬਾਬਾ ਨਾਨਕ ਜੀ ਸਿਧਾਂ ਨਾਲ ਗੋਸ਼ਟਿ ਦੇ ਰੂਪ ਵਿਚ ਹੋਈ ਵਾਰਤਾਲਾਪ ਨੂੰ ਕਾਵਿਕ ਰੂਪ ਵਿਚ ਪ੍ਰਗਟ ਕਰਦੀ ਹੈ। ਕਾਵਿਕ ਰੂਪ ਵਿਚ ਹੋਣ ਕਾਰਨ ਇਸ ਵਿਚ ਵਾਰਤਕ ਰੂਪ ਵਾਲੀਆਂ ਭਾਸ਼ਾਈ ਯੁਗਤਾਂ ਦੀ ਕਮੀ ਤਾਂ ਹੋਵੇਗੀ ਹੀ ਪ੍ਰੰਤੂ ਨਾਲ ਹੀ ਕਾਵਿਕ ਰੂਪ ਵਿਚਲੇ ਕੁਝ ਵਾਧੇ ਵੀ ਨਜ਼ਰੀ ਪੈਂਦੇ ਹਨ। ਕਾਵਿਕ ਸਰੂਪ ਵਾਲੀ ਛੰਦਾਬੰਦੀ, ਤੁਕਬੰਦੀ, ਸੰਗੀਤਕ ਲੈਅ ਅਤੇ ਤੋਲ ਤੁਕਾਂਤ ਪੂਰਾ ਕਰਨ ਲਈ ਵਾਧੂ ਸ਼ਬਦਾਂ ਦੀ ਵਰਤੋਂ, ਜਾਂ ਇੱਕ ਸ਼ਬਦ ਹੀ ਪੂਰੇ ਵਾਕ ਦਾ ਧਾਰਨੀ, ਜਾਂ ਸ਼ਬਦਾਂ ਦੀ ਨਵੀਂ ਘਾੜਤ ਵੀ ਮਿਲਦੀ ਹੈ। ਵਾਕਾਂ ਦੀ ਬਣਤਰ ਵਿਚ ਪ੍ਰਸ਼ਨਿਕ ਵਾਕ ਵਿਸ਼ੇਸ਼ ਧਿਆਨ ਦਾ ਕੇਂਦਰ ਬਿੰਦੂ ਬਣਦੇ ਹਨ। ਬੇਸ਼ਕ ਆਧੁਨਿਕ ਪ੍ਰਸ਼ਨਿਕ ਚਿਨ੍ਹਾਂ (?) ਦੀ ਇਸ ਬਾਣੀ ਦੇ ਅੰਦਰ ਅਣਹੋਂਦ ਹੈ। ਡਾਕਟਰ ਹਰਕੀਰਤ ਸਿੰਘ ਗੁਰਬਾਣੀ ਵਿਚ ਵਰਤੇ ਵਿਸ਼ਰਾਮ ਚਿੰਨ੍ਹਾਂ ਬਾਰੇ ਲਿਖਦੇ ਹਨ ਕਿ -

ਗੁਰਬਾਣੀ ਦੇ ਸੰਦਰਭ ਵਿਚ ਅੱਜ ਵਾਲੇ ਵਿਸ਼ਰਾਮ ਚਿਨ੍ਹ ਨਹੀਂ ਵਰਤੇ ਗਏ। ਵਿਸ਼ਰਾਮ ਚਿੰਨ੍ਹ ਅਸਲ ਵਿਚ ਅਸੀਂ ਅੰਗਰੇਜ਼ੀ ਤੋਂ ਲਏ ਹਨ। ਭਾਰਤੀ ਭਾਸ਼ਾਵਾਂ ਦੀਆਂ ਪੁਰਾਣੀਆਂ ਰਚਨਾਵਾਂ ਵਿਚ ਅੰਗਰੇਜ਼ੀ ਵਾਲੇ ਵਿਸ਼ਰਾਮ ਚਿੰਨ੍ਹ ਦੀ ਵਰਤੋਂ ਨਹੀਂ ਮਿਲਦੀ ਹੈ।

ਲਿਖਤੀ ਭਾਸ਼ਾ ਦੇ ਅੰਦਰ ਪ੍ਰਸ਼ਨਵਾਚੀ ਵਾਕਾਂ ਦੇ ਅੰਤ ਵਿਚ ਇਹ ਪ੍ਰਸ਼ਨਵਾਚੀ ਵਿਸ਼ਰਾਮ ਚਿੰਨ੍ਹ ਪਾਉਣ ਦਾ ਆਰੰਭ ਅੰਗਰੇਜ਼ਾਂ ਨਾਲ ਅਦਾਨ-ਪ੍ਰਦਾਨ ਦੇ ਸਿੱਟੇ ਵਜੋਂ ਹੁੰਦਾ ਹੈ। ਪ੍ਰੰਤੂ ਗੁਰਬਾਣੀ (ਬਾਬਾ ਨਾਨਕ ਜੀ ਦੀ ਬਾਣੀ) ਤਾਂ ਅਦਾਨ-ਪ੍ਰਦਾਨ ਦੇ ਸਮੇਂ ਤੋਂ ਕਾਫੀ ਸਮਾਂ ਪਹਿਲਾਂ ਦੀ ਸਿਰਜਣਾ ਹੈ ਜਿਸ ਵਿਚ ਸੁਭਾਵਕ ਹੀ ਇਨ੍ਹਾਂ ਚਿੰਨ੍ਹਾਂ ਦੀ ਵਰਤੋਂ ਦੀ ਅਣਹੋਂਦ ਹੈ। ਇਸ ਬਾਣੀ ਦੇ ਵਿਚ ਪ੍ਰਸ਼ਨਿਕ ਵਾਕਾਂ ਦੀ ਪਛਾਣ ਦਾ ਚਿਨ੍ਹ ਪ੍ਰਸ਼ਨਸੂਚਕ ਸ਼ਬਦ ਹੀ ਹਨ ਜਿਹੜੇ ਇਨ੍ਹਾਂ ਵਾਕਾਂ ਦੀ ਬਣਤਰ ਵਿਚ ਵਰਤੇ ਗਏ ਹਨ। ਇਨ੍ਹਾਂ ਤੋਂ ਇਲਾਵਾ ਵਾਕ ਸੁਰ ਅਧਾਰਿਤ ਪ੍ਰਸ਼ਨਿਕ ਵਾਕਾਂ ਦੀ ਪਛਾਣ ਦਾ ਚਿੰਨ੍ਹ ਕੋਈ ਵੀ ਨਹੀਂ ਹੈ ਸਗੋਂ ਇਨ੍ਹਾਂ ਦੀ ਪਛਾਣ ਦਾ ਇਕੋ ਇੱਕ ਅਧਾਰ ਗੁਰਮਤਿ ਅਤੇ ਯੋਗ ਮਤ ਦੀ ਵਿਚਾਰਧਾਰਾ ਹੀ ਹੈ। ਇਸ ਬਾਣੀ ਦੀਆਂ 73 ਪਉੜੀਆਂ ਵਿਚ 73 ਪ੍ਰਸ਼ਨਵਾਚੀ ਤੁਕਾਂ ਮਿਲਦੀਆਂ ਹਨ। ਜਿਨ੍ਹਾਂ ਵਿਚ 94 ਪ੍ਰਸ਼ਨਿਕ ਵਾਕ ਹਨ ਜਿਹੜੇ ਕੇ ਪ੍ਰਸ਼ਨਸੂਚਕ ਸ਼ਬਦਾਂ ਅਤੇ ਵਾਕ ਸੁਰ ਤੇ ਅਧਾਰਿਤ ਹਨ। ਇਨ੍ਹਾਂ ਵਿਚ ਪ੍ਰਸ਼ਨੋਤਰੀ ਪ੍ਰਸ਼ਨਵਾਚਕ ਵਾਕ ਵੀ ਸ਼ਾਮਿਲ ਹਨ।

www.sikhbookclub.com

ਇਸ ਬਾਣੀ ਵਿਚਲੇ ਪ੍ਰਸ਼ਨਿਕ ਵਾਕਾਂ ਨੂੰ ਤਿੰਨ ਸ਼੍ਰੇਣੀਆਂ ਵਿੱਚ ਵੰਡਿਆ ਜਾ ਸਕਦਾ ਹੈ –

(1.) ਪ੍ਰਸ਼ਨਸੂਚਕ ਸ਼ਬਦਾਂ ਦੇ ਅਧਾਰ ਤੇ

(2.) ਵਾਕ ਸੁਰ ਅਧਾਰਿਤ

(3.) ਪ੍ਰਸ਼ਨੋਤਰੀ ਵਾਕ

(1) ਪ੍ਰਸ਼ਨਸੂਚਕ ਸ਼ਬਦ ਅਧਾਰਿਤ – ਅਜਿਹੇ ਵਾਕਾਂ ਦੀ ਬਣਤਰ ਵਿਚ 'ਕ' ਧੁਨੀ /ਵਰਨ ਨਾਲ ਆਰੰਭ ਹੋਣ ਵਾਲੇ ਪ੍ਰਸ਼ਨਸੂਚਕ ਸ਼ਬਦਾਂ ਵਿਚੋਂ ਇੱਕ ਜ਼ਰੂਰ ਸ਼ਾਮਲ ਹੁੰਦਾ ਹੈ। ਇਨ੍ਹਾਂ ਪ੍ਰਸ਼ਨਸੂਚਕ ਸ਼ਬਦਾਂ ਵਿਚ ਪੜਨਾਂਵ ਸ਼ਬਦ ਸ਼੍ਰੇਣੀ ਅਤੇ ਕਿਰਿਆ ਵਿਸ਼ੇਸ਼ਣ ਸ਼ਬਦ ਸ਼੍ਰੇਣੀ ਦੇ ਸ਼ਬਦ ਵਿਚਰਦੇ ਹਨ। ਇਸੇ ਅਧਾਰ ਤੇ ਇਨ੍ਹਾਂ ਨੂੰ ਦੋ ਵੰਨਗੀਆਂ ਵਿਚ ਵੰਡਿਆਂ ਗਿਆ ਹੈ –

(ਕ) ਪ੍ਰਸ਼ਨਸੂਚਕ ਪੜਨਾਂਵ ਅਧਾਰਿਤ –ਜਿਹੜੇ ਪੜਨਾਂਵੀਂ ਸ਼ਬਦ ਪ੍ਰਸ਼ਨ ਪੁੱਛਣ ਦਾ ਕਾਰਜ ਕਰਨ, ਉਨ੍ਹਾਂ ਨੂੰ ਪ੍ਰਸ਼ਨਸੂਚਕ ਪੜਨਾਂਵ ਆਖਿਆ ਜਾਂਦਾ ਹੈ। ਇਸ ਬਾਣੀ ਵਿਚ ਕਿਆ, ਕਵਨ, ਕਉਣ, ਕਿਸੁ, ਕਿਤ, ਕਵਣ, ਕਵੁਣ, ਸ਼ਬਦ ਪੜਨਾਂਵੀ ਪ੍ਰਸ਼ਨਕ ਸ਼ਬਦ ਹਨ। ਇਨ੍ਹਾਂ ਸ਼ਬਦਾਂ ਨਾਲ ਸੰਬਧਿਤ ਪ੍ਰਸ਼ਨਿਕ ਤੁਕਾਂ ਇਸ ਤਰ੍ਹਾਂ ਹਨ –

1) ਕਿਆ : ਇਸ ਪੜਨਾਂਵ ਦੀ ਵਰਤੋਂ ਇਸ ਬਾਣੀਂ ਦੀਆਂ ਦੋ ਤੁਕਾਂ ਵਿਚ ਹੋਈ ਹੈ ਜਿਥੇ ਇਹ ਪੰਜਾਬੀ ਦੇ ਕੀ ਅਤੇ ਕਿਹੜਾ ਪ੍ਰਸ਼ਨਿਕ ਪੜਨਾਂਵ ਦੇ ਅਰਥਾਂ ਵਿਚ ਵਰਤਿਆ ਗਿਆ ਹੈ :

**ਕਿਆ - ਕੀ - ਕਿਆ ਨਾਂਉ ਤੁਮਾਰਾ ॥2॥**

**ਕੀਆ - ਕਿਹੜਾ - ਕਿਆ ਤੁਮਾਰਾ ਰਾਹੋ ॥2॥**

2. ਕਵਨ : ਇਸ ਪੜਨਾਂਵ ਦੀ ਵਰਤੋਂ ਇਸ ਬਾਣੀ ਦੀਆਂ 9 ਪ੍ਰਸ਼ਨਵਾਚੀ ਤੁਕਾਂ ਵਿਚ ਹੋਈ ਹੈ। ਇਨ੍ਹਾਂ ਵਿਚ ਇਹ ਕੀ, ਕੌਣ ਤੇ ਕਿਹੜਾ-ਕਿਹੜੀ ਦੇ ਰੂਪ ਵਿਚ ਵਰਤਿਆ ਗਿਆ ਹੈ ਜਿਵੇਂ :-

**ਕੌਣ -ਕਵਨ ਤੁਮੇ ਕਿਆ ਨਾਉ ਤੁਮਾਰਾ ॥2॥**

**ਘਟਿ ਘਟਿ ਕਵਨ ਨਿਵਾਸੋ ॥21॥**

**ਕਿਹੜਾ -ਗਿਆਨ ਕੀ ਮੁਦ੍ਰਾ ਕਵਨ ਕਥੀਅਲੇ॥21॥**

**ਗਿਆਨ ਕੀ ਮੁਦ੍ਰਾ ਕਵਨ ਅਉਧੂ ॥61॥**

**ਕਿਹੜੀ -ਕਵਨ ਬੁਧਿ ਜਿਤੁ ਅਸਥਿਰੁ ਰਹੀਐ॥61॥**

**ਕਵਨ ਗੁਫਾ ਜਿਤੁ ਰਹੈ ਅਵਾਹਨੁ ॥45॥**

**ਕਿਹੜੇ -ਕਵਨ ਧਿਆਨੁ ਮਨੁ ਮਨਹਿ ਸਮਾਵੈ ॥45॥**

www.sikhbookclub.com

ਪਵਨੁ ਕਵਨ ਘਰਿ ਸਹਤਾ ॥66॥

ਕੀ -ਸਿਧ ਕੀ ਕਵਨ ਕਮਾਈ ॥61॥

3. ਕਉਨੁ – ਇਸ ਪ੍ਰਸ਼ਨਸੂਚਕ ਪੜਨਾਂਵ ਦੀ ਸਿੱਧ ਗੋਸ਼ਟਿ ਬਾਣੀ ਵਿਚ ਵਰਤੋਂ ਕੇਵਲ ਦੋ ਵਾਰ ਹੋਈ ਹੈ। ਜਿਥੇ ਇਹ ਆਧੁਨਿਕ ਪੰਜਾਬੀ ਭਾਸ਼ਾ ਦੇ ਪ੍ਰਸ਼ਨਸੂਚਕ 'ਕਿਹੜਾ' ਅਤੇ 'ਕੀ' ਦੇ ਅਰਥਾਂ ਵਿਚ ਵਰਤਿਆ ਗਿਆ ਹੈ।

ਕਉਨੁ-ਕਿਹੜਾ-ਕਉਨੁ ਮਾਰਗੁ ਕਉਨੁ ਸੁਆਓ ॥2॥

ਕੀ-ਕਉਨੁ ਮਾਰਗੁ ਕਉਨੁ ਸੁਆਓ ॥2॥

4. ਕਵਨੁ–ਇਸ ਪ੍ਰਸ਼ਨਵਾਚਕ ਸ਼ਬਦ ਦੀ ਵਰਤੋਂ ਸਿੱਧ ਗੋਸ਼ਟਿ ਬਾਣੀ ਵਿਚ 6 ਪ੍ਰਸ਼ਨਾਵਲੀ ਤੁਕਾਂ ਵਿਚ ਕੀਤੀ ਹੋਈ ਹੈ। ਜਿਥੇ ਇਹ ਆਧੁਨਿਕ ਪੰਜਾਬੀ ਭਾਸ਼ਾ ਦੇ ਪ੍ਰਸ਼ਨਸੂਚਕ ਪੜਨਾਂਵ ਸ਼ਬਦ 'ਕੌਣ' ਅਤੇ 'ਕੀ' ਦੇ ਅਰਥਾਂ ਵਿਚ ਲਿਆ ਗਿਆ ਹੈ :-

ਕਵਨੁ-ਕੌਣ-ਕਵਨੁ ਸੁ ਗੁਪਤਾ ਕਵਨੁ ਸੁ ਮੁਕਤਾ ॥12॥

ਕੌਣ-ਕਵਨੁ ਸੁ ਅੰਤਰਿ ਬਾਹਰਿ ਜੁਗਤਾ ॥12॥

ਕੀ-ਆਦਿ ਕਉ ਕਵਨੁ ਬੀਚਾਰੁ ਕਥੀਅਲੇ॥21॥

ਕੀ-ਤ੍ਰੈ ਸਤ ਅੰਗੁਲ ਵਾਈ ਕਹੀਐ ਤਿਸੁ ਕਹੁ ਕਵਨੁ ਅਧਾਰੋ ॥58॥

5. ਕਿਸੁ : ਇਸ ਪ੍ਰਸ਼ਨਸੂਚਕ ਪੜਨਾਂਵ ਦੀ ਵਰਤੋਂ ਦੋ ਪ੍ਰਸ਼ਨਵਾਚੀ ਤੁਕਾਂ ਵਿਚ ਹੋਈ ਹੈ।

ਕਿਸੁ-ਕਿਸ-ਇਤ ਉਤ ਕਿਸ ਕਉ ਜਾਣਿ ਸਮਾਵੈ ॥45॥

ਕਿਸ-ਕਿਸੁ ਵਖਰ ਕੇ ਤੁਮ ਵਣਜਾਰੇ ॥17॥

6. ਕਿਤੁ–ਇਸ ਪ੍ਰਸ਼ਨਸੂਚਕ ਪੜਨਾਂਵ ਦੀ ਸਿੱਧ ਗੋਸ਼ਟਿ ਬਾਣੀ ਵਿਚ ਵਰਤੋਂ ਦੋ ਪ੍ਰਸ਼ਨਵਾਚੀ ਤੁਕਾਂ ਵਿਚ ਕੀਤੀ ਹੋਈ ਹੈ ਜਿਥੇ ਇਹ ਆਧੁਨਿਕ ਪੰਜਾਬੀ ਭਾਸ਼ਾ ਦੇ ਪ੍ਰਸ਼ਨਸੂਚਕ ਪੜਨਾਂਵ ਸ਼ਬਦ 'ਕਿਹੜੀ' ਅਤੇ 'ਕਿਹੜੇ' ਦੇ ਅਰਥਾਂ ਵਿਚ ਵਰਤਿਆ ਗਿਆ ਹੈ:

-ਕਿਤੁ-ਕਿਹੜੀ-ਕੁਬੁਧਿ ਚਵਾਵੈ ਸੋ ਕਿਤੁ ਠਾਇ ॥55॥

ਕਿਹੜੇ-ਕਿਤੁ ਭੋਜਨਿ ਤ੍ਰਿਪਤਾਸੈ ॥61॥

7. ਕਵਣ : ਇਸ ਪ੍ਰਸ਼ਨਸੂਚਕ ਪੜਨਾਂਵ ਸ਼ਬਦ ਰੂਪ ਦੀ ਸਿੱਧ ਗੋਸ਼ਟਿ ਬਾਣੀ ਵਿਚ ਵਰਤੋਂ ਤਿੰਨ ਪ੍ਰਸ਼ਨਵਾਚੀ ਤੁਕਾਂ ਵਿਚ ਹੋਈ ਹੈ ਜਿਥੇ ਇਹ ਆਧੁਨਿਕ ਪੰਜਾਬੀ ਭਾਸ਼ਾ ਦੇ ਪ੍ਰਸ਼ਨਸੂਚਕ ਪੜਨਾਂਵ ਸ਼ਬਦ 'ਕੀ', 'ਕਿਹੜਾ' ਅਤੇ 'ਕਿਹੜੀ' ਪ੍ਰਸ਼ਨਸੂਚਕ ਪੜਨਾਂਵ ਸ਼ਬਦਾਂ ਦੇ ਅਰਥਾਂ ਵਿਚ ਵਰਤਿਆ ਗਿਆ ਹੈ :-

ਕਵਣ-ਕੀ-ਕਵਣ ਮੂਲੁ ਕਵਣ ਮਤਿ ਵੇਲਾ ॥43॥

www.sikhbookclub.com

**ਕਿਹੜਾ-ਕਵਣ ਮੂਲੁ ਕਵਣ ਮਤਿ ਵੇਲਾ ॥43॥**

**ਕਿਹੜੀ-ਕਵਣ ਕਥਾ ਲੇ ਰਹਹੁ ਨਿਰਾਲੇ ॥43॥**

8. ਕਵਣੁ : ਕਵਣੁ ਪ੍ਰਸ਼ਨਸੂਚਕ ਪੜਨਾਂਵ ਸ਼ਬਦ ਦੀ ਵਰਤੋਂ ਦੋ ਪ੍ਰਸ਼ਨਵਾਚੀ ਤੁਕਾਂ ਵਿਚ ਹੋਈ ਹੈ। ਜਿਥੇ ਇਹ ਆਧੁਨਿਕ ਪੰਜਾਬੀ ਭਾਸ਼ਾ ਦੇ ਪ੍ਰਸ਼ਨਸੂਚਕ ਪੜਨਾਂਵ ਸ਼ਬਦ 'ਕੌਣ' ਅਤੇ 'ਕਿਹੜਾ' ਦੇ ਅਰਥਾਂ ਵਿਚ ਵਰਤਿਆ ਗਿਆ ਹੈ-

**ਕਵਣੁ-ਕੌਣ-ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ ॥43॥**

**ਕਿਹੜਾ-ਜਿਤੁ ਗਰਬੁ ਜਾਇ ਸੁ ਕਵਣੁ ਆਹਾਰੁ ॥45॥**

9. ਕੈਸੇ : ਇਸ ਪ੍ਰਸ਼ਨਸੂਚਕ ਸ਼ਬਦ ਰੂਪ ਦੀ ਵਰਤੋਂ ਸਿੱਧ ਗੋਸ਼ਟਿ ਬਾਨੀ ਵਿਚ ਕੇਵਲ ਇਕੋ ਹੀ ਤੁਕ ਵਿਚ ਹੋਈ ਹੈ ਜਿਥੇ ਇਹ ਆਧੁਨਿਕ ਪੰਜਾਬੀ ਭਾਸ਼ਾ ਦੇ ਪ੍ਰਸ਼ਨਸੂਚਕ ਸ਼ਬਦਾਂ 'ਕਿਹੋ ਜਿਹੇ', ਕਿਸ ਤਰਾਂ ਦੇ ਅਰਥਾਂ ਵਿਚ ਵਰਤਿਆ ਗਿਆ ਹੈ :-

**ਕੈਸੇ-ਕਿਹੋ ਜਿਹੇ-ਅਨਹਤ ਸੁੰਨਿ ਰਤੇ ਸੇ ਕੈਸੇ ॥52॥**

ਇਹਨਾਂ ਪ੍ਰਸ਼ਨਸੂਚਕ ਪੜਨਾਂਵ ਸ਼ਬਦਾਂ ਅਧਾਰਿਤ ਪ੍ਰਸ਼ਨਵਾਚੀ ਵਾਕਾਂ ਵਿਚ ਇਹ ਸ਼ਬਦ ਸਿਰਫ ਪ੍ਰਸ਼ਨਵਾਚਕ ਪੜਨਾਂਵ ਸ਼੍ਰੇਣੀ ਦੇ ਸ਼ਬਦਾਂ ਵਜੋਂ ਹੀ ਕਾਰਜ ਨਹੀਂ ਕਰਦੇ ਸਗੋਂ ਜਿਸ ਪ੍ਰਸ਼ਨਵਾਚੀ ਵਾਕ ਵਿਚ ਇਹ ਸ਼ਬਦ ਨਾਂਵ ਸ਼ਬਦ ਦੇ ਨਾਲ ਆਉਂਦੇ ਹਨ ਉਥੇ ਇਹ ਪ੍ਰਸ਼ਨਸੂਚਕ ਪੜਨਾਂਵ ਦੀ ਥਾਂ ਤੇ ਪ੍ਰਸ਼ਨਸੂਚਕ ਵਿਸ਼ੇਸ਼ਣ ਦਾ ਕਾਰਜ ਵੀ ਕਰਦੇ ਹਨ। ਸਿੱਧ ਗੋਸ਼ਟਿ ਬਾਨੀ ਵਿਚ ਵੀ ਅਜਿਹੀਆਂ ਕਈ ਪ੍ਰਸ਼ਨਵਾਚੀ ਤੁਕਾਂ ਹਨ ਜਿਨ੍ਹਾਂ ਵਿਚ ਇਹ ਪ੍ਰਸ਼ਨਵਾਚਕ ਪੜਨਾਂਵ ਪ੍ਰਸ਼ਨਸੂਚਕ ਵਿਸ਼ੇਸ਼ਣ ਦਾ ਕਾਰਜ ਕਰਦਾ ਹੈ, ਜਿਵੇਂ-

**ਕਵਨ ਗੁਫਾ ਜਿਤੁ ਰਹੈ ਅਵਾਹਨੁ ॥45॥**

**ਕਉਨੁ ਮਾਰਗੁ ਕਉਨੁ ਸੁਆਓ ॥2॥**

ਇਹਨਾਂ ਦੋਵਾਂ ਪ੍ਰਸ਼ਨਵਾਚੀ ਤੁਕਾਂ ਵਿਚ ਕ੍ਰਮਵਾਰ 'ਕਵਨ' ਅਤੇ 'ਕਉਨੁ' ਪ੍ਰਸ਼ਨਸੂਚਕ ਪੜਨਾਂਵ ਸ਼ਬਦ ਨਾਂਵ ਸ਼ਬਦ 'ਗੁਫਾ' ਅਤੇ 'ਮਾਰਗੁ' ਨਾਲ ਆਏ ਹਨ। ਇਸ ਬਾਨੀ ਵਿਚ ਅਜਿਹੇ ਕਈ ਪ੍ਰਸ਼ਨਸੂਚਕ ਪੜਨਾਂਵ ਸ਼ਬਦ ਹਨ ਜਿਹੜੇ ਪ੍ਰਸ਼ਨਵਾਚੀ ਤੁਕ ਵਿਚ ਪ੍ਰਸ਼ਨਸੂਚਕ ਵਿਸ਼ੇਸ਼ਣ ਵਜੋਂ ਵਰਤੇ ਗਏ ਹਨ।

(ਖ) ਪ੍ਰਸ਼ਨਸੂਚਕ ਕਿਰਿਆ ਵਿਸ਼ੇਸ਼ਣ-ਜਿਹੜੇ ਕਿਰਿਆ ਵਿਸ਼ੇਸ਼ਣ ਸ਼ਬਦ ਪ੍ਰਸ਼ਨਸੂਚਕ ਸ਼ਬਦਾਂ ਵਜੋਂ ਕਾਰਜ ਕਰਦੇ ਹਨ, ਉਹਨਾਂ ਨੂੰ ਪ੍ਰਸ਼ਨਸੂਚਕ ਕਿਰਿਆ ਵਿਸ਼ੇਸ਼ਣ ਆਖਿਆ ਜਾਂਦਾ ਹੈ। ਸਿੱਧ ਗੋਸ਼ਟਿ ਬਾਨੀ ਵਿਚ 'ਕਹ' 'ਕਿਉ-ਕਰਿ' 'ਕਿਉ' 'ਕਿਸ ਕਾਰਣ' 'ਕਿਤੁ' 'ਕਾਹੇ' ਕਉ 'ਕਹਾ' ਅਤੇ 'ਕੈਂਠੇ' ਸ਼ਬਦ ਰੂਪ ਆਧੁਨਿਕ ਭਾਸ਼ਾ ਦੇ ਪ੍ਰਸ਼ਨਸੂਚਕ ਕਿਰਿਆ ਵਿਸ਼ੇਸ਼ਣ ਦਾ ਕਾਰਜ ਕਰਦੇ ਹਨ। ਇਹਨਾਂ ਪ੍ਰਸ਼ਨਸੂਚਕ ਕਿਰਿਆ ਵਿਸ਼ੇਸ਼ਣ ਸ਼ਬਦਾਂ ਅਧਾਰਿਤ ਪ੍ਰਸ਼ਨਵਾਚੀ ਤੁਕਾਂ ਦਾ ਵਰਨਣ ਇਸ ਤਰ੍ਹਾਂ ਹੈ-

www.sikhbookclub.com

1. ਕਹ–ਇਸ ਪ੍ਰਸ਼ਨਸੂਚਕ ਕਿਰਿਆ ਵਿਸ਼ੇਸ਼ਣ ਦੀ ਵਰਤੋਂ ਚਾਰ ਪ੍ਰਸ਼ਨਵਾਚੀ ਤੁਕਾਂ ਵਿਚ ਹੋਈ ਹੈ। ਜਿਥੇ ਇਹ ਆਧੁਨਿਕ ਪੰਜਾਬੀ ਭਾਸ਼ਾ ਦੇ ਸਥਾਨਸੂਚਕ ਕਿਰਿਆ ਵਿਸ਼ੇਸ਼ਣ, ਪ੍ਰਸ਼ਨਸੂਚਕ 'ਕਿਥੇ' ਅਤੇ ਦਿਸ਼ਾਸੂਚਕ ਕਿਰਿਆ ਵਿਸ਼ੇਸ਼ਣ 'ਕਿਥੋਂ' ਦੇ ਅਰਥਾਂ ਵਿਚ ਵਰਤਿਆ ਗਿਆ ਹੈ –

ਕਹ-ਕਿਥੇ-ਕਹ ਬੈਸਹੁ ਕਹ ਰਹੀਐ ਬਾਲੇ ॥2॥

ਕਿਥੋਂ-ਕਹ ਆਵਹੁ ਕਹ ਜਾਹੋ ॥2॥

2. ਕਿਉਂ ਕਰਿ–ਇਸ ਪ੍ਰਸ਼ਨਸੂਚਕ ਦੀ ਵਰਤੋਂ ਦੱਸ ਪ੍ਰਸ਼ਨਵਾਚੀ ਤੁਕਾਂ ਵਿਚ ਹੋਈ ਹੈ ਜਿਥੇ ਇਹ ਆਧੁਨਿਕ ਪੰਜਾਬੀ ਭਾਸ਼ਾ ਦੇ ਕਾਰਨ ਸੂਚਕ ਕਿਰਿਆ ਵਿਸ਼ੇਸ਼ਣ 'ਕਿਸ ਕਰਕੇ' 'ਕਿਸ ਕਾਰਨ ' ਅਤੇ ਵਿਧੀ ਸੂਚਕ ਕਿਰਿਆ ਵਿਸ਼ੇਸ਼ਣ ਸ਼ਬਦ ਕਿਵੇਂ ਦੇ ਅਰਥ ਵਿਚ ਵਰਤਿਆ ਗਿਆ ਹੈ :–

ਕਿਉਂ ਕਰਿ-ਕਿਉਂ-ਕਿਉ ਕਰਿ ਬਾਧਾ ਸਰਪਨਿ ਖਾਧਾ ॥14॥

ਕਿਉ ਕਰਿ ਖੋਇਆ ਕਿਉ ਕਰਿ ਲਾਧਾ ॥14॥

ਕਿਉ ਕਰਿ ਨਿਰਮਲੁ ਕਿਉ ਕਰਿ ਅੰਧਿਆਰਾ ॥14॥

ਕਿਵੇਂ–

ਦੁਨੀਆ ਸਾਗਰੁ ਦੁਤਰੁ ਕਹੀਐ ਕਿਉ ਕਰਿ ਪਾਈਐ ਪਾਰੋ ॥4॥

ਕਿਉ ਕਰਿ ਸਾਥੁ ਲੰਘਾਵਹੁ ਪਾਰੇ ॥17॥

ਕਿਉ ਕਰਿ ਬੂਝੈ ਪਾਵੈ ਪਾਰੁ ॥55॥

ਕਿਉ ਕਰਿ ਅਲਖੁ ਲਖਾਏ ॥58॥

3. ਕਿਉਂ–ਇਹ ਪ੍ਰਸ਼ਨਸੂਚਕ ਦੀ ਵਰਤੋਂ ਦਸ ਪ੍ਰਸ਼ਨਵਾਚੀ ਤੁਕਾਂ ਵਿਚ ਹੋਈ ਹੈ ਜਿਥੇ ਇਹ ਸ਼ਬਦ ਆਧੁਨਿਕ ਪੰਜਾਬੀ ਭਾਸ਼ਾ ਦੇ ਕਾਰਨਸੂਚਕ ਕਿਰਿਆ ਵਿਸ਼ੇਸ਼ਣ ਸ਼ਬਦ ਕਿਉਂ ਅਤੇ ਵਿਧੀਸੂਚਕ ਕਿਰਿਆ ਵਿਸ਼ੇਸ਼ਣ ਸ਼ਬਦ ਕਿਵੇਂ ਦੇ ਅਰਥਾਂ ਵਿਚ ਵਰਤਿਆ ਗਿਆ ਹੈ–

ਕਿਓਂ-ਕਿਉਂ-ਕਿਉ ਤਤੁ ਨ ਬੂਝੈ ਚੋਟਾ ਖਾਇ ॥55॥

ਕਿਉ ਪਾਈਐ ਗੁਰ ਦੁਆਰੋ ॥6॥

ਕਿਵੇਂ ਬਿਨੁ ਦੰਤਾ ਕਿਉ ਖਾਈਐ ਸਾਰੁ ॥19॥

ਕਾਲ ਕਾ ਠੀਗਾ ਕਿਉ ਜਲਾਈਅਲੇ ॥21॥

ਕਿਉ ਨਿਰਭਉ ਘਰਿ ਜਾਈਐ ॥21॥

ਕਿਉ ਤਤੈ ਅਵਿਗਤੈ ਪਾਵੈ ਗੁਰਮੁਖਿ ਲਗੈ ਪਿਆਰੋ ॥22॥

ਮੈਣ ਕੇ ਦੰਤ ਕਿਉ ਖਾਈਐ ਸਾਰੁ ॥45॥

www.sikhbookclub.com

**ਕਿਉ ਮੂਲੁ ਪਛਾਣੈ ਆਤਮੁ ਜਾਣੈ ॥64॥**

**ਕਿਉ ਸਸਿ ਘਰਿ ਸੂਰੁ ਸਮਾਵੈ ॥64॥**

4. ਕਿਸ ਕਾਰਣਿ–ਇਸ ਪ੍ਰਸ਼ਨਸੂਚਕ ਦੀ ਵਰਤੋਂ ਦੋ ਪ੍ਰਸ਼ਨਵਾਰੀ ਤੁਕਾਂ ਵਿਚ ਹੋਈ ਹੈ ।ਜਿਥੇ ਇਹ ਆਧੁਨਿਕ ਪੰਜਾਬੀ ਭਾਸ਼ਾ ਦੇ ਕਾਰਨ ਸੂਚਕ ਕਿਰਿਆ ਵਿਸ਼ੇਸ਼ਣੀ ਸ਼ਬਦ 'ਕਿਸ ਕਾਰਨ' ਅਤੇ 'ਕਿਸ ਲਈ' ਦੇ ਅਰਥਾਂ ਵਿਚ ਕੀਤਾ ਜਾਂਦਾ ਹੈ–

**ਕਿਸ ਕਾਰਣਿ-ਕਿਸ ਕਾਰਨ-ਕਿਸੁ ਕਾਰਣਿ ਗ੍ਰਿਹੁ ਤਜਿਓ ਉਦਾਸੀ ॥17॥**

**ਕਿਸ ਕਾਰਨ-ਕਿਸੁ ਕਾਰਣਿ ਇਹੁ ਭੇਖੁ ਨਿਵਾਸੀ ॥17॥**

5. ਕਿਤੁ ਬਿਧਿ :–ਇਸ ਪ੍ਰਸ਼ਨਸੂਚਕ ਦੀ ਵਰਤੋਂ ਤਿੰਨ ਪ੍ਰਸ਼ਨਾਵਾਚੀ ਤੁਕਾਂ ਵਿਚ ਹੋਈ ਹੈ ਜਿਥੇ ਇਹ ਸ਼ਬਦ ਆਧੁਨਿਕ ਪੰਜਾਬੀ ਭਾਸ਼ਾ ਦੇ ਵਿਧੀਸੂਚਕ ਕਿਰਿਆ ਵਿਸ਼ੇਸ਼ਣ ਪ੍ਰਸ਼ਨਸੂਚਕ ਸ਼ਬਦ 'ਕਿਸ ਤਰਾਂ', 'ਕਿਵੇਂ' ਦੇ ਅਰਥਾਂ ਵਿਚ ਵਰਤਿਆ ਗਿਆ ਹੈ :-

ਕਿਸ ਤਰ੍ਹਾਂ/ਕਿਵੇਂ :-

**ਕਿਤੁ ਬਿਧਿ ਪੁਰਖਾ ਜਨਮੁ ਵਟਾਇਆ ॥19॥**

**ਕਿਤੁ ਬਿਧਿ ਜੋਤਿ ਨਿਰੰਤਰਿ ਪਾਈ ॥19॥**

**ਕਿਤੁ ਬਿਧਿ ਆਸਾ ਮਨਸਾ ਖਾਈ ॥19॥**

6. ਕਾਹੇ ਕਉ :–ਇਹ ਪ੍ਰਸ਼ਨਸੂਚਕ ਸ਼ਬਦ ਰੂਪ ਦੀ ਸਿੱਧ ਗੋਸ਼ਟਿ ਬਾਣੀ ਵਿਚ ਵਰਤੋਂ ਇੱਕ ਪ੍ਰਸ਼ਨਵਾਚੀ ਤੁਕ ਵਿਚ ਹੋਈ ਹੈ। ਜਿਥੇ ਇਹ ਸ਼ਬਦ ਆਧੁਨਿਕ ਪੰਜਾਬੀ ਭਾਸ਼ਾ ਦੇ ਕਾਰਨ ਸੂਚਕ ਕਿਰਿਆ ਵਿਸ਼ੇਸ਼ਣ ਸ਼ਬਦ 'ਕਿਸ ਲਈ' ਦੇ ਅਰਥਾਂ ਵਿਚ ਹੋਈ ਹੈ ।

**ਕਾਹੇ ਕਉ-ਕਿਸ ਲਈ-ਕਾਹੇ ਕਉ ਤੁਝੁ ਇਹੁ ਮਨੁ ਲਾਇਆ ॥19॥**

7. ਕਹਾ : ਇਸ ਸ਼ਬਦ ਦੀ ਵਰਤੋਂ 9 ਪ੍ਰਸ਼ਨਵਾਚੀ ਤੁਕਾਂ ਵਿਚ ਹੋਈ ਹੈ ਜਿਥੇ ਇਹ ਸ਼ਬਦ ਆਧੁਨਿਕ ਪੰਜਾਬੀ ਭਾਸ਼ਾ ਦੇ ਦਿਸ਼ਾ ਸੂਚਕ ਕਿਰਿਆ ਵਿਸ਼ੇਸ਼ਣ ਪ੍ਰਸ਼ਨਵਾਚਕ ਸ਼ਬਦ 'ਕਿਥੋਂ' ਅਤੇ ਸਥਾਨਵਾਚਕ ਕਿਰਿਆ ਵਿਸ਼ੇਸ਼ਣ 'ਕਿਥੇ' ਦੇ ਅਰਥਾਂ ਵਿਚ ਵਰਤਿਆ ਗਿਆ ਹੈ :

ਕਹਾ–ਕਿਥੋਂ–

**ਕਹਾ ਤੇ ਆਵੈ ਕਹਾ ਇਹੁ ਜਾਵੈ ਕਹਾ ਇਹੁ ਰਹੈ ਸਮਾਈ ॥22॥**

**ਅਨਹਤ ਸੁੰਨ ਕਹਾ ਤੇ ਹੋਈ ॥52॥**

**ਪਵਨੁ ਕਹਾ ਰਸੁ ਖਾਈ ॥61॥**

ਕਿਥੇ–

**ਸੁ ਸਬਦ ਕਾ ਕਹਾ ਵਾਸੁ ਕਥੀਅਲੇ ॥58॥**

**ਕਹਾ ਤੇ ਆਵੈ ਕਹਾ ਇਹੁ ਜਾਵੈ ਕਹਾ ਇਹੁ ਰਹੈ ਸਮਾਈ ॥22॥**

www.sikhbookclub.com

**ਇਹੁ ਮਨੁ ਮੈਗਲੁ ਕਹਾ ਬਸੀਅਲੇ ॥64॥**

**ਕਹਾ ਬਸੈ ਇਹੁ ਪਵਨਾ ॥64॥**

**ਕਹਾ ਬਸੈ ਸੁ ਸਬਦੁ ਅਉਧੂ ॥64॥**

8. ਕੈਠੈ-ਇਹ ਪ੍ਰਸ਼ਨਸੂਚਕ ਸ਼ਬਦ ਰੂਪ ਦੀ ਸਿੱਧ ਗੋਸ਼ਟਿ ਬਾਣੀ ਵਿਚ ਵਰਤੋਂ ਸਿਰਫ ਇੱਕ ਵਾਰ ਹੋਈ ਹੈ ਜਿਥੇ ਇਹ ਸ਼ਬਦ ਆਧੁਨਿਕ ਪੰਜਾਬੀ ਭਾਸ਼ਾ ਦੇ ਸਥਾਨਸੂਚਕ ਕਿਰਿਆ ਵਿਸ਼ੇਸ਼ਣ ਸ਼ਬਦ 'ਕਿਥੇ' ਦੇ ਅਰਥਾਂ ਵਿਚ ਵਰਤਿਆ ਗਿਆ ਹੈ :-

**ਕੈਠੈ-ਕਿਥੇ-ਜਾ ਇਹੁ ਹਿਰਦਾ ਦੇਹ ਨ ਹੋਤੀ ਤਉ ਮਨੁ ਕੈਠੈ ਰਹਤਾ ॥66॥**

9. ਕਿਤੁ ਕਿਤੁ ਬਿਧਿ :-ਇਸ ਪ੍ਰਸ਼ਨਸੂਚਕ ਦੀ ਵਰਤੋਂ ਦੋ ਪ੍ਰਸ਼ਨਵਾਚੀ ਤੁਕਾਂ ਵਿਚ ਹੋਈ ਹੈ ਜਿਥੇ ਇਹ ਸ਼ਬਦ ਆਧੁਨਿਕ ਪੰਜਾਬੀ ਭਾਸ਼ਾ ਦੇ ਕਾਰਨਸੂਚਕ ਕਿਰਿਆ ਵਿਸ਼ੇਸ਼ਣ ਸ਼ਬਦ 'ਕਿਸ ਕਿਸ ਤਰਾਂ' ਦੇ ਅਰਥਾਂ ਵਿਚ ਵਰਤਿਆ ਗਿਆ ਹੈ :-

**ਕਿਤੁ ਕਿਤੁ ਬਿਧਿ-ਕਿਸ ਕਿਸ ਤਰਾਂ-ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ ॥68॥**

**ਕਿਤੁ ਕਿਤੁ ਦੁਖਿ ਬਿਨਸਿ ਜਾਈ ॥68॥**

(2) ਵਾਕ ਸੁਰ ਅਧਾਰਿਤ ਪ੍ਰਸ਼ਨਵਾਚੀ ਵਾਕ-ਸਧਾਰਨ ਪ੍ਰਸ਼ਨਵਾਚੀ ਵਾਕਾਂ ਦਾ ਦੂਸਰਾ ਮੁਖ ਅਧਾਰ ਵਾਕ ਸੁਰ ਹੈ। ਜਿਥੇ ਪ੍ਰਸ਼ਨਵਾਚਕ ਸ਼ਬਦਾਂ ਅਧਾਰਿਤ ਪ੍ਰਸ਼ਨਵਾਚੀ ਵਾਕਾਂ ਦੀ ਪ੍ਰਸ਼ਨਵਾਚਕ ਸ਼ਬਦਾਂ ਤੋਂ ਪਛਾਣ ਕਰਨੀ ਬੜੀ ਅਸਾਨ ਹੈ ਉਥੇ ਵਾਕਾਂ-ਸੁਰ ਅਧਾਰਿਤ ਪ੍ਰਸ਼ਨਵਾਚੀ ਵਾਕਾਂ ਦੀ ਪਛਾਣ ਕਰਨੀ ਬੜੀ ਮੁਸ਼ਕਿਲ ਹੈ। ਇਹਨਾਂ ਵਾਕਾਂ ਦੀ ਪਛਾਣ ਦਾ ਇਕੋ ਇੱਕ ਮੁਖ ਅਧਾਰ ਇਹਨਾਂ ਵਾਕਾਂ ਦੇ ਅੰਤ ਤੇ ਕਰਤਾ ਵਲੋਂ ਵਰਤਿਆ ਪ੍ਰਸ਼ਨਸੂਚਕ ਵਿਸ਼ਰਾਮ ਚਿਨ੍ਹ (!) ਹੀ ਹੁੰਦਾ ਹੈ ਜਿਸ ਦੀ ਗੁਰਬਾਣੀ ਵਿਚ ਅਣਹੋਂਦ ਹੈ। ਇਥੇ ਇਸ ਦੀ ਪਛਾਣ ਦਾ ਅਧਾਰ ਦੋਹਾਂ ਮਤਾਂ ਦੀ ਵਿਚਾਰਧਾਰਾ ਨੂੰ ਬਣਾਇਆ ਗਿਆ ਹੈ। ਗੁਰਮਤਿ ਸਹਿਜਯੋਗ ਦੇ ਮਾਰਗ ਰਾਹੀਂ ਸ਼ਬਦ ਦੀ ਅਰਾਧਨਾ ਕਰ ਕੇ ਪ੍ਰਮਾਤਮਾ ਨੂੰ ਪਾਉਣ ਦਾ ਉਪਦੇਸ਼ ਦਿੰਦਾ ਹੈ। ਜਦੋਂ ਕਿ ਯੋਗ ਮੱਤ ਹਠਯੋਗ ਦੇ ਮਾਰਗ ਰਾਹੀਂ ਸਰੀਰ ਨੂੰ ਕਸ਼ਟ ਦੁਆਰਾ ਸਾਧ ਕੇ ਪਰਮਾਤਮਾ ਨੂੰ ਪਾਉਣ ਦਾ ਸਾਧਨ ਦਸਦੇ ਹਨ। ਇਹਨਾਂ ਵਾਕਾਂ (ਵਾਕ ਸੁਰ ਅਧਾਰਿਤ) ਦੀ ਪਛਾਣ ਵਿਚ ਇਹ ਵੀ ਬੜੀ ਸੱਮਿਸਿਆ ਹੈ ਕਿ ਇੱਕ ਪਉੜੀ ਵਿਚ ਸਿਧਾਂ ਦੇ ਪ੍ਰਸ਼ਨ ਹਨ ਤੇ ਉਸੇ ਹੀ ਪਉੜੀ ਵਿਚ ਗੁਰੂ ਜੀ ਦੇ ਉੱਤਰ ਵੀ ਸ਼ਾਮਲ ਹਨ। ਇਸ ਲਈ ਇਹਨਾਂ ਵਾਕ ਸੁਰ ਅਧਾਰਿਤ ਸਧਾਰਨ ਪ੍ਰਸ਼ਨਵਾਚਕ ਵਾਕਾਂ ਬਾਰੇ ਪੂਰੇ ਦਾਹਵੇ ਨਾਲ ਤਾਂ ਨਹੀਂ ਕਿਹਾ ਜਾ ਸਕਦਾ ਕਿ ਵਾਕ ਸੁਰ ਅਧਾਰਤ ਪ੍ਰਸ਼ਨਵਾਚੀ ਵਾਕ ਹਨ ਪ੍ਰੰਤੂ ਫਿਰ ਵੀ ਇਹਨਾਂ ਨੂੰ ਪਛਾਣਨ ਦੀ ਕੋਸ਼ਿਸ਼ ਜ਼ਰੂਰ ਕੀਤੀ ਗਈ ਹੈ। ਇਹ ਵਾਕ ਇਸ ਤਰਾਂ ਹਨ-

**ਰੰਗਿ ਨ ਰਾਤਾ ਰਸਿ ਨਹੀ ਮਾਤਾ ॥**

www.sikhbookclub.com

**ਬਿਨੁ ਗੁਰ ਸਬਦੈ ਜਲਿ ਬਲਿ ਤਾਤਾ ॥62॥**

**ਬਿਨੁ ਸਬਦੈ ਨਾਹੀ ਪਤਿ ਸਾਖੈ ॥55॥**

**ਏਸੁ ਕਥਾ ਕਾ ਦੇਇ ਬੀਚਾਰੁ ॥**

**ਭਵਜਲੁ ਸਬਦਿ ਲੰਘਾਵਣਹਾਰੁ ॥43॥**

**ਨਾਨਕ ਨਾਮਿ ਰਤੇ ਬੈਰਾਗੀ ਇਬ ਤਬ ਸਾਚੋ ਸਾਚਾ ॥66॥**

3. ਪ੍ਰਸ਼ਨੋਤਰੀ ਪ੍ਰਸ਼ਨਵਾਚੀ ਵਾਕ-ਪ੍ਰਸ਼ਨੋਤਰੀ ਪ੍ਰਸ਼ਨਵਾਚੀ ਵਾਕ ਉਨ੍ਹਾਂ ਵਾਕਾਂ ਨੂੰ ਕਿਹਾ ਜਾਂਦਾ ਹੈ ਜਿਨ੍ਹਾਂ ਦਾ ਸਰੋਤਾ ਕੋਈ ਉੱਤਰ ਨਹੀਂ ਦਿੰਦਾ। ਇੰਨ੍ਹਾਂ ਪ੍ਰਸ਼ਨਵਾਚੀ ਵਾਕਾਂ ਦੇ ਉੱਤਰ ਪ੍ਰਸ਼ਨਵਾਚੀ ਵਾਕ ਦੇ ਵਿਚ ਹੀ ਸ਼ਾਮਲ ਹੁੰਦੇ ਹਨ। ਸਿੱਧ ਗੋਸ਼ਟਿ ਵਿਚ ਵੀ ਇਸ ਪ੍ਰਸ਼ਨਵਾਚੀ ਸ਼੍ਰੇਣੀ ਦੇ ਪੰਜ ਪ੍ਰਸ਼ਨਵਾਚੀ ਵਾਕ ਮਿਲਦੇ ਹਨ ਜਿਹੜੇ ਪ੍ਰਸ਼ਨਸੂਚਕ ਪੜਨਾਂਵ ਅਤੇ ਕਿਰਿਆ ਵਿਸ਼ੇਸ਼ਣ ਸ਼ਬਦਾਂ ਤੇ ਅਧਾਰਤ ਹਨ।

ਪ੍ਰਸ਼ਨਸੂਚਕ ਪੜਨਾਂਵ-ਸਿੱਧ ਗੋਸ਼ਟਿ ਵਿਚ 'ਕਿਆ' ਪ੍ਰਸ਼ਨਸੂਚਕ ਸ਼ਬਦ ਰੂਪ ਨਾਲ ਸੰਬੰਧਤ ਚਾਰ ਪ੍ਰਸ਼ਨੋਤਰੀ ਵਾਕ ਮਿਲਦੇ ਹਨ-

**ਤੇਰੀ ਗਤਿ ਮਿਤਿ ਤੂਹੈ ਜਾਣਹਿ ਕਿਆ ਕੋ ਆਖਿ ਵਖਾਣੈ ॥73॥**

**ਕਿਆ ਭਵੀਐ ਸਚਿ ਸੂਚਾ ਹੋਇ ॥**

**ਸਾਚ ਸਬਦ ਬਿਨੁ ਮੁਕਤਿ ਨ ਕੋਇ ॥1॥ਰਹਾਉ॥**

**ਆਪੇ ਆਖੈ ਆਪੇ ਸਮਝੈ ਤਿਸੁ ਕਿਆ ਉਤਰੁ ਦੀਜੈ ॥4॥**

**ਸਾਚੁ ਕਹਹੁ ਤੁਮ ਪਾਰਗਰਾਮੀ ਤੁਝੁ ਕਿਆ ਬੈਸਣੁ ਦੀਜੈ ॥4॥**

ਇਹਨਾਂ ਪ੍ਰਸ਼ਨਵਾਚੀ ਵਾਕਾਂ ਦੇ ਉੱਤਰ ਇਹਨਾਂ ਪ੍ਰਸ਼ਨਵਾਚੀ ਵਾਕਾਂ ਦੀਆਂ ਤੁਕਾਂ ਵਿਚ ਹਨ ਜਾਂ ਗੁਰਮਤਿ ਵਿਚਾਰਧਾਰਾ ਵਿਚ ਹੀ ਹਨ। ਭਾਸ਼ਾ ਦੇ ਵਿਧੀਸੂਚਕ ਕਿਰਿਆ ਵਿਸ਼ੇਸ਼ਣ ਪ੍ਰਸ਼ਨਸੂਚਕ ਸ਼ਬਦ 'ਕਿਵੇਂ' ਦੇ ਅਰਥਾਂ ਵਿਚ ਵਰਤਿਆ ਗਿਆ ਹੈ।

ਆਧੁਨਿਕ ਪੰਜਾਬੀ ਭਾਸ਼ਾ ਦੇ ਇੱਕ ਹੀ ਪ੍ਰਸ਼ਨਸੂਚਕ ਸ਼ਬਦ ਲਈ ਸਿੱਧ ਗੋਸ਼ਟਿ ਬਾਣੀ ਵਿਚ ਕਈ ਪ੍ਰਸ਼ਨਸੂਚਕ ਸ਼ਬਦ ਮਿਲਦੇ ਹਨ ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ-

1. ਕੌਣ-ਕਵਨ, ਕਵਨੁ, ਕਵਣੁ
2. ਕਿਹੜਾ-ਕਉਨੁ, ਕਿਤੁ, ਕਵਣ, ਕਵਣੁ
3. ਕੀ-ਕਿਆ, ਕਵਨ, ਕਉਨੁ, ਕਵਨੁ, ਕਵਣ
4. ਕਿਥੇ-ਕਹ, ਕਹਾ, ਕੈਠੈ
5. ਕਿਥੋਂ-ਕਹ, ਕਹਾ
6. ਕਿਸ-ਕਿਸੁ ਕਿਤੁ
7. ਕਿਓਂ-ਕਿਸ ਕਾਰਣ, ਕਿਓਂ

www.sikhbookclub.com

8. ਕਿਸ ਤਰ੍ਹਾਂ-ਕਾਹੇ ਕਉ, ਕਿਸੇ, ਕਿਤੁ ਬਿਧਿ
9. ਕਿਵੇਂ-ਕਿਓਂ ਕਰਿ, ਕਿਉਂ

ਇਕੋ ਸ਼ਬਦ ਦੇ ਇੱਕ ਤੋਂ ਵਧੇਰੇ ਰੂਪਾਂ ਦੀ ਵਰਤੋਂ ਦੇ ਕਈ ਕਾਰਨ ਹੋ ਸਕਦੇ ਹਨ ਜਿਵੇਂ ਕਿ ---

1. ਕਵਿਤਾ ਦਾ ਵਜ਼ਨ ਕਾਇਮ ਰੱਖਣ ਲਈ ਪ੍ਰਸ਼ਨਿਕ ਸ਼ਬਦ ਦੇ ਰੂਪ ਵਿਚ ਕੁਝ ਫ਼ਰਕ ਪਾ ਲਿਆ ਜਾਂਦਾ ਹੈ।
2. ਬਾਣੀ ਨੂੰ ਰਾਗਾਂ ਵਿਚ ਲਿਖਿਆ ਹੋਇਆ ਹੈ ਅਤੇ ਸੰਗੀਤ ਦੀਆਂ ਬੰਦਸ਼ਾਂ ਤੇ ਸੰਕੇਤਾਂ ਅਨੁਸਾਰ ਵੀ ਸ਼ਬਦ ਦੀਆਂ ਮਾਤਰਾਵਾਂ ਘਟ ਵੱਧ ਕਰਨੀਆਂ ਪੈਂਦੀਆਂ ਹਨ।
3. ਕੁਝ ਸ਼ਬਦ ਅਜਿਹੇ ਹਨ ਜਿਨ੍ਹਾਂ ਦੇ ਤਤਕਾਲਿਕ ਭਾਸ਼ਾ ਵਿਚ ਵੱਖ ਵੱਖ ਰੂਪ ਪ੍ਰਚਲਿਤ ਸਨ, ਜਿਵੇਂ 'ਕਿਵ' ਅਤੇ 'ਕਿਉਂ'।
4. ਕੁਝ ਸ਼ਬਦ ਅਜਿਹੇ ਹਨ ਜਿਨ੍ਹਾਂ ਦੇ ਵੱਖ-ਵੱਖ ਰੂਪ ਵੱਖ-ਵੱਖ ਭਾਸ਼ਾਵਾਂ ਵਿਚ ਵਰਤੇ ਜਾਂਦੇ ਹਨ।
5. ਅਰਬੀ, ਫਾਰਸੀ ਮੂਲ ਦੇ ਕੁਝ ਸ਼ਬਦ ਵੱਖ-ਵੱਖ ਭਾਸ਼ਾਵਾਂ, ਉੱਪ-ਭਾਸ਼ਾਵਾਂ ਆਦਿ ਵਿਚ ਵੱਖ-ਵੱਖ ਰੂਪਾਂ ਵਿਚ ਪ੍ਰਚਲਿਤ ਸਨ ਜਿਵੇਂ 'ਕਾਗੁਲ' ਮੁਲਤਾਨੀ ਵਿਚ ਅੱਜ ਵੀ ਬੋਲਿਆ ਜਾਂਦਾ ਹੈ ਅਤੇ ਕਾਗਦ ਮਾਝੀ, ਮਲਵਈ, ਦੁਆਬੀ, ਪੇਂਡੂ ਇਲਾਕਿਆਂ ਵਿਚ ਅੱਜ ਵੀ ਵਰਤਿਆ ਜਾਂਦਾ ਹੈ।
6. ਸੰਸਕ੍ਰਿਤ ਮੂਲ ਦੇ ਸ਼ਬਦਾਂ ਦੀ ਵੀ ਤਤਕਾਲੀ ਭਾਸ਼ਾ ਵਿਚ ਕਈ ਕਈ ਰੂਪ ਨਾਲੋਂ-ਨਾਲ ਵਰਤੇ ਜਾਂਦੇ ਹਨ।
7. ਭਾਸ਼ਾਈ ਸੰਜੋਗਾਤਮਿਕਤਾ ਕਾਰਨ ਵੀ ਕਈ ਸ਼ਬਦਾਂ ਦੇ ਇੱਕ ਤੋਂ ਵਧੇਰੇ ਸ਼ਬਦ ਰੂਪ ਮਿਲਦੇ ਹਨ। ਕਈ ਸ਼ਬਦਾਂ ਨਾਲ ਲਗਦੀਆਂ ਇਹ ਲਗਾਂ-ਮਾਤਰਾਂ ਵਿਆਕਰਣਕ ਕਾਰਜ ਵੀ ਕਰਦੀਆਂ ਹਨ।

ਸਿੱਧ ਗੋਸ਼ਟਿ ਬਾਣੀ ਦੇ ਲਿਖਣ ਸਮੇਂ ਤੱਕ ਗੁਰੂ ਸਾਹਿਬ ਜੀ ਨਾ ਕੇਵਲ ਪੂਰੇ ਭਾਰਤ ਸਗੋਂ ਪੂਰੇ ਏਸ਼ੀਆ ਵਿਚ ਇੱਕ ਯੁਗ ਪੁਰਸ਼ ਦੇ ਤੌਰ ਤੇ ਵਿਖਿਆਤ ਹੋ ਚੁਕੇ ਸਨ। ਪੂਰਬ ਵਾਲੇ ਪਾਸੇ ਆਸਾਮ ਤੇ ਕਾਮਰੂਪ ਤਕ, ਪੱਛਮ ਵਿਚ ਮੱਕਾ ਮਦੀਨਾ ਅਤੇ ਬਗਦਾਦ ਤਕ, ਉੱਤਰ ਵਿਚ ਲੱਦਾਖ ਅਤੇ ਕਸ਼ਮੀਰ ਤਕ ਅਤੇ ਦੱਖਣ ਵਿਚ ਸੰਗਲਾਦੀਪ (ਸ਼੍ਰੀਲੰਕਾ) ਤਕ ਆਪ ਦੀਆਂ ਯਾਤਰਾਵਾਂ ਅਤੇ ਉਦਾਸੀਆਂ ਦੀ ਮਹਿਮਾ ਪੂਰਨ ਭਾਰਤ ਵਿਚ ਫੈਲ ਚੁਕੀ ਸੀ। ਜਦੋਂ ਆਪ ਆਪਣੀਆਂ ਜੀਵਨ ਯਾਤਰਾਵਾਂ ਦੇ ਆਖਰੀ ਚਰਨ ਵਿਚ ਅਚਲ ਵਟਾਲੇ ਪੁੱਜੇ ਤਾਂ ਉਥੇ ਇੱਕਠੇ ਹੋਏ ਜੋਗੀਆਂ ਅਤੇ ਨਾਥਾਂ ਨੇ ਆਪ ਤੋਂ ਅਧਿਆਤਮਕ

www.sikhbookclub.com

ਮਾਰਗ ਅਤੇ ਮੁਕਤੀ ਦੇ ਸੰਕਲਪਾਂ ਦੇ ਸਬੰਧ ਵਿਚ ਬਹੁਤ ਕੁਝ ਗ੍ਰਹਿਣ ਕਰਨ ਦਾ ਯਤਨ ਕੀਤਾ। ਇਸ ਵਾਰਤਾਲਾਪ ਨੂੰ ਗੁਰੂ ਸਾਹਿਬ ਨੇ ਸੰਭਾਲ ਲਿਆ ਅਤੇ ਸਿੱਧ ਗੋਸ਼ਟਿ ਰਾਹੀਂ ਪ੍ਰਸਤੁਤ ਕੀਤਾ ਸੀ। ਇਹ ਵਿਚਾਰ ਚਰਚਾ ਵਿਚਾਰ ਪ੍ਰਧਾਨ ਦਾਰਸ਼ਨਿਕ ਬਾਣੀ ਹੈ। ਇਸ ਵਿਚ ਸੱਚ ਸਰੂਪ ਪਰਮਾਤਮਾ ਨਾਲ ਅਭੇਦ ਹੋਣ ਲਈ ਗੁਰਮਤਿ ਮਾਰਗ ਅਤੇ ਸਿੱਧ ਮਾਰਗ ਦਾ ਤੁਲਨਾਤਮਕ ਅਧਿਐਨ ਕੀਤਾ ਗਿਆ ਹੈ।

ਇਸ ਪ੍ਰਸੰਗ ਵਿਚ ਬ੍ਰਹਮ ਦੇ ਰੂਪ, ਗੁਣਾਂ, ਲੱਛਣਾਂ ਬਾਰੇ ਵਿਚਾਰ, ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਦੀ ਦਸ਼ਾ, ਕਰਮ ਆਵਾਗਵਣ ਆਦਿ ਦਾਰਸ਼ਨਿਕ ਵਿਸ਼ਿਆਂ ਅਤੇ ਪਰਮਾਤਮਾ ਦੀ ਪ੍ਰਾਪਤੀ ਦੇ ਸਾਧਨਾ ਬਾਰੇ ਖੁੱਲ੍ਹ ਕੇ ਵਿਚਾਰ ਕੀਤੀ ਗਈ ਹੈ। ਗੁਰੂ ਜੀ ਨੇ ਇਸ ਚਰਚਾ ਵਿਚ ਦੱਸਿਆ ਕਿ ਪ੍ਰਮਾਤਮਾ ਦੀ ਪ੍ਰਾਪਤੀ ਲਈ ਜੋਗੀਆਂ ਦੀ ਤਰ੍ਹਾਂ ਘਰ ਛੱਡ ਕੇ ਜੰਗਲਾਂ ਵਿਚ ਜਾ ਵਸਣ, ਕੰਦ ਮੂਲ ਖਾ ਕੇ ਨਿਰਬਾਹ ਕਰਨ, ਮੁੰਦਰਾਂ, ਗੋਦੜੀ ਲੰਗੋਟੀ, ਕੜਾਸਣ ਆਦਿ ਧਾਰਨ ਕਰਨ ਦੀ ਥਾਂ ਜਾਂ ਹੱਥ-ਸਾਧਨਾ ਦੀ ਲੋੜ ਨਹੀਂ ਹੈ। ਪ੍ਰੰਤੂ ਰੱਬ ਨੂੰ ਮਿਲਣ ਦਾ ਇਕੋ ਇਕ ਸਹੀ ਤਰੀਕਾ ਏਹੀ ਹੈ ਕਿ ਜੀਵ ਹਉਮੈ ਦਾ ਤਿਆਗ ਕਰ ਕੇ ਗੁਰੂ ਦੀ ਸ਼ਰਨ ਵਿਚ ਜਾ ਕੇ ਨਾਮ ਦਾ ਗਾਇਣ ਅਤੇ ਸੇਵਨ ਕਰੇ। ਇਹੋ ਜਿਹਾ ਗੰਭੀਰ ਦਾਰਸ਼ਨਿਕ ਅਧਿਐਨ ਆਮ ਕਰ ਕੇ ਵਾਰਤਕ ਵਿਚ ਹੀ ਹੋ ਸਕਦਾ ਹੈ ਅਤੇ ਜੇਕਰ ਇਹ ਕਵਿਤਾ ਵਿਚ ਕੀਤਾ ਜਾਵੇ ਤਾਂ ਫ਼ਲਸਫ਼ਾ ਕਵਿਤਾ ਤੇ ਭਾਰੂ ਹੋ ਜਾਂਦਾ ਹੈ ਤੇ ਕਵਿਤਾ ਦਾ ਗਲ ਘੁੱਟ ਦਿੰਦਾ ਹੈ ਤੇ ਕਵਿਤਾ ਨਿਰੀ ਤੁਕਬੰਦੀ ਹੀ ਰਹਿ ਜਾਇਆ ਕਰਦੀ ਹੈ। ਪ੍ਰੰਤੂ ਜਪੁਜੀ ਅਤੇ ਆਸਾ ਦੀ ਵਾਰ ਦੀ ਤਰ੍ਹਾਂ ਸਿੱਧ ਗੋਸ਼ਟਿ ਦੀ ਖ਼ੂਬੀ ਵੀ ਇਹ ਹੈ ਕਿ ਇਹ ਬਾਣੀ ਗੰਭੀਰ ਦਾਰਸ਼ਨਿਕ ਚਿੰਤਕ ਹੋਣ ਦੇ ਨਾਲ-ਨਾਲ ਆਪਣੇ ਵਿਚ ਉੱਚੀ ਕਵਿਤਾ ਦੇ ਗੁਣ ਵੀ ਸੰਭਾਲੀ ਬੈਠੀ ਹੈ। ਇਸੇ ਕਾਰਨ ਹੀ ਇਹ ਰਚਨਾ ਗੁਰੂ ਸਾਹਿਬ ਜੀ ਦੀ ਦਾਰਸ਼ਨਿਕ ਰਚਨਾ ਮੰਨੀ ਗਈ ਹੈ। ਇਹ ਇਕ ਪ੍ਰਮਾਣਿਕ ਰਚਨਾ ਹੈ ਕਿਉਂ ਜੋ ਸਤਿਗੁਰੂ ਜੀ ਨੇ ਆਪਣੇ ਪਾਵਨ ਕਰ ਕਮਲਾਂ ਨਾਲ ਇਸ ਨੂੰ ਲਾਮਬੰਦ ਕਰ ਕੇ ਜਗਿਆਸੂਆਂ ਤੇ ਉਪਕਾਰ ਕੀਤਾ ਹੈ।

ਸਿੱਧ ਗੋਸ਼ਟਿ ਦਾ ਮੁਹਾਵਰਾ ਜਾਂ ਸੁਰ ਸਾਹਿਤਕ ਅਤੇ ਬਿਆਨੀਆ ਹੈ ਇਸ ਦਾ ਸੁਰ ਨਾਟਕੀ ਨਹੀਂ ਹੈ। ਪਿਆਰਾ ਸਿੰਘ ਭੋਗਲ ਆਪਣੀ ਪੁਸਤਕ ਵਿਚ ਪੰਨਾ 59 ਉਪਰ ਲਿਖਦੇ ਹਨ ਕਿ ਭਾਈ ਗੁਰਦਾਸ ਨੇ ਪਹਿਲੀ ਵਾਰ ਵਿਚ ਅਚਲ ਵਟਾਲੇ ਦੀ ਜੋ ਗੱਲਬਾਤ ਬਿਆਨ ਕੀਤੀ ਹੈ ਉਸ ਦਾ ਮੁਹਾਵਰਾ ਨਾਟਕੀ ਹੈ ਅਤੇ ਸੱਚਮੁੱਚ ਵਾਦ ਵਿਵਾਦ ਵਾਲਾ ਹੈ। ਇਕ ਧਿਰ ਬੜਾ ਤਿੱਖੀ ਧਾਰ ਵਾਲਾ ਇਤਰਾਜ਼ ਕਰਦੀ ਹੈ ਤੇ ਦੂਜੀ ਧਿਰ ਉਤਨਾ ਹੀ ਕਾਟਵਾਂ ਉੱਤਰ ਦਿੰਦੀ ਹੈ।

ਸਿੱਧ ਪੁੱਛਦੇ ਹਨ-, ਤੂੰ ਉਦਾਸੀਆਂ ਦਾ ਭੇਖ ਧਾਰਨ ਤੋਂ ਪਿੱਛੋਂ ਮੁੜ ਕੇ ਗ੍ਰਹਿਸਤੀ

www.sikhbookclub.com

ਕਿਉਂ ਬਣ ਗਿਆ ਹੈਂ? ਤੂੰ ਦੁੱਧ ਵਿਚ ਕਾਂਜੀ ਪਾ ਦਿੱਤੀ ਹੈ ?

ਗੁਰੂ ਜੀ ਉੱਤਰ ਵਿਚ ਆਖਦੇ ਹਨ-ਦੁੱਧ ਵਿਚ ਕਾਂਜੀ ਮੈਂ ਨਹੀਂ ਤੁਹਾਡੀ ਮਾਂ (ਜੋਗ ਮੱਤ ਨੇ) ਪਾਈ ਹੈ ਕਿਉਂਕਿ ਤੁਸੀਂ ਗ੍ਰਹਿਸਤ ਦਾ ਤਿਆਗ ਕਰਕੇ ਮੁੜ ਕੇ ਗ੍ਰਹਿਸਤੀਆਂ ਪਾਸੋਂ ਰੋਟੀ ਮੰਗਣ ਜਾਂਦੇ ਹੋ।

ਸਿੱਧ ਗੋਸ਼ਟਿ ਦੀ ਸ਼ੈਲੀ ਇਹ ਨਹੀਂ ਹੈ। ਇਹ ਸ਼ੈਲੀ ਵਾਦ ਵਿਵਾਦ ਵਾਲੀ ਨਹੀਂ ਹੈ, ਇਹ ਤਾਂ ਸਾਹਿਤਕ ਸ਼ੈਲੀ ਹੈ ਜਿਸ ਵਿਚ ਪ੍ਰਸ਼ਨ-ਉੱਤਰ ਦੇ ਮਾਧਿਅਮ ਰਾਹੀਂ ਅਤੇ ਨਾਲ-ਨਾਲ ਆਪਣੇ ਵਲੋਂ ਦਿੱਤੇ ਗਏ ਸਿਧੇ ਬਿਆਨ ਰਾਹੀਂ ਗੁਰੂ ਜੀ ਨੇ ਆਪਣੇ ਵਿਚਾਰ ਪੇਸ਼ ਕੀਤੇ। 73 ਪਉੜੀਆਂ ਵਿਚੋਂ ਲਗਭਗ 33 ਪਉੜੀਆਂ ਗੁਰੂ ਜੀ ਦੇ ਸਿਧੇ ਕਥਨ ਪੇਸ਼ ਕਰਦੀਆਂ ਹਨ। ਬਾਕੀ 40 ਪਉੜੀਆਂ ਵਿਚ ਪ੍ਰਸ਼ਨ-ਉੱਤਰ ਹਨ। ਉਹ ਪ੍ਰਸ਼ਨ-ਉੱਤਰ ਵੀ ਇਸ ਤਰ੍ਹਾਂ ਚਲਦੇ ਹਨ ਜਿਸ ਤਰ੍ਹਾਂ ਕੋਈ ਸਾਹਿਤਕ ਰਚਨਾ ਕੀਤੀ ਜਾ ਰਹੀ ਹੋਵੇ ਅਤੇ ਸੱਚਮੁੱਚ ਦੀ ਗੱਲਬਾਤ ਨਾਲ ਚਲ ਰਹੀ ਹੋਵੇ ਅਤੇ ਇਸ ਗੋਸ਼ਟਿ ਨੂੰ ਇੱਕ ਮਾਧਿਅਮ ਬਣਾ ਕੇ ਗੁਰੂ ਜੀ ਨੇ ਸਿਧਾਂ ਦਾ ਮੱਤ ਅਤੇ ਆਪਣਾ ਮੱਤ ਬਿਆਨ ਕੀਤਾ ਹੈ।

ਗੋਸ਼ਟਿ ਦੀ ਵਿਧੀ ਦਾ ਅਤਿ ਮਹੱਤਵਪੂਰਨ ਤੱਤ ਇਸ ਦੀ ਪੇਸ਼ਕਾਰੀ ਦੀ ਵਾਰਤਾਲਾਪ ਸ਼ੈਲੀ ਹੈ। ਸਿੱਧ ਗੋਸ਼ਟਿ ਦੀ ਰਚਨਾ ਦਾ ਪ੍ਰਧਾਨ ਲੱਛਣ ਇਸ ਦੀ ਪ੍ਰਸ਼ਨ ਉੱਤਰ ਸ਼ੈਲੀ ਹੈ। ਯੋਗੀ ਪ੍ਰਸ਼ਨ ਕਰਦੇ ਹਨ ਅਤੇ ਗੁਰੂਜੀ ਉੱਤਰ ਦਿੰਦੇ ਹਨ ਪ੍ਰਸ਼ਨ ਉੱਤਰ ਦਾ ਇਹ ਸਿਲਸਿਲਾ ਬੜੇ ਨਿਯਮਬੱਧ ਤਾਰਕਿਕ ਅਤੇ ਸਟੀਕ ਢੰਗ ਨਾਲ ਅੱਗੇ ਵੱਲ ਵਧਦਾ ਹੈ। ਗੋਸ਼ਟਿ ਵਿਚ ਸੰਵਾਦ ਵਿਧੀ ਰਾਹੀਂ ਗਿਆਨ ਸ਼ਾਸ਼ਤ੍ਰ ਨਾਲ ਜੁੜੇ ਕਿਸੇ ਖ਼ਾਸ ਸੂਖਮ ਵਿਸ਼ੇ ਦਾ ਪ੍ਰਵਚਨ ਸਿਰਜਿਆ ਜਾਂਦਾ ਹੈ। ਗੋਸ਼ਟਿ ਵਿਚਲੇ ਵਾਰਤਾਲਾਪ ਆਮ ਸਧਾਰਨ ਵਾਰਤਾਲਾਪ ਦੇ ਮੁਕਾਬਲੇ ਵਧੇਰੇ ਸੰਯੋਜਤ ਅਤੇ ਸੰਗਠਿਤ ਹੁੰਦੇ ਹਨ। ਇਹ ਕਿਸੇ ਵਿਸ਼ੇ ਸਬੰਧੀ ਦੋ ਪਰਸਪਰ ਵਿਰੋਧੀ ਦ੍ਰਿਸ਼ਟੀਕੋਣਾਂ ਨਾਲ ਵੀ ਜੁੜੇ ਹੋ ਸਕਦੇ ਹਨ ਅਤੇ ਇਹ ਕਿਸੇ ਇੱਕ ਦਾਰਸ਼ਨਿਕ ਰਹੱਸਮਈ ਅਥਵਾ ਅਗਾਧ ਬੋਧ ਸੂਖਮ ਵਿਚਾਰ ਦੀ ਵਿਆਖਿਆ ਨਾਲ ਵੀ ਸਬੰਧਿਤ ਹੋ ਸਕਦੇ ਹਨ। ਇੱਕ ਉੱਚ ਪਾਏ ਦੀ ਗੋਸ਼ਟਿ ਵਿਚ ਆਏ ਸੰਵਾਦ ਇੱਕ ਲੜੀ ਦੇ ਰੂਪ ਵਿਚ ਉਸਰਦੇ ਹਨ। ਹਰੇਕ ਪ੍ਰਸ਼ਨ ਪਹਿਲੇ ਦਿੱਤੇ ਗਏ ਉੱਤਰ ਤੋਂ ਅਗਾਂਹ ਤੁਰਦਾ ਹੈ। ਹਰੇਕ ਵਿਚਾਰ ਆਪਣੇ ਤੋਂ ਪੂਰਬਲੇ ਵਿਚਾਰ ਨਾਲ ਜੁੜਿਆ ਹੁੰਦਾ ਹੈ।

ਇਸ ਲਈ ਗੋਸ਼ਟਿ ਸਾਹਿਤ ਦਾ ਅਜਿਹਾ ਰੂਪ ਹੈ ਜਿਸ ਵਿਚ ਕਿਸੇ ਦਾਰਸ਼ਨਿਕ ਅਧਿਆਤਮਕ ਰਹੱਸਮਈ ਜਾਂ ਗਿਆਨ ਸ਼ਾਸ਼ਤ੍ਰ ਨਾਲ ਜੁੜੇ ਕਿਸੇ ਵਿਸ਼ੇ ਦੇ ਸੰਬੰਧ ਵਿਚ ਇੱਕ ਤੋਂ ਵਧੇਰੇ ਪਾਤਰਾਂ ਦਰਮਿਆਨ ਦਲੀਲਯੁਕਤ ਵਾਰਤਾਲਾਪ ਹੁੰਦਾ ਹੈ। ਇਨ੍ਹਾਂ ਵਾਰਤਾਲਾਪਾਂ ਦੀ ਤਰਤੀਬਵਾਰ ਪੇਸ਼ਕਾਰੀ ਵਿਚੋਂ ਹੀ ਇੱਕ ਸਾਹਿਤਿਕ ਕਿਰਤ ਵਜੋਂ

www.sikhbookclub.com

ਗੋਸ਼ਟਿ ਆਪਣਾ ਰੂਪ ਅਖਤਿਆਰ ਕਰਦੀ ਹੈ। ਡਾਕਟਰ ਤਾਰਨ ਸਿੰਘ ਅਨੁਸਾਰ ਗੁਰੂ ਨਾਨਕ ਦੇਵ ਜੀ ਇੱਕ ਨਿਪੁੰਨ ਸ਼ੈਲੀਕਾਰ ਸਨ। ਇੱਕ ਨਿਪੁੰਨ ਸ਼ੈਲੀਕਾਰ ਆਪਣੀ ਰਚਨਾ ਵਿਚ ਸ਼ਬਦ ਦੀ ਜੜਤ ਅਜੇਹੀ ਕੁਸ਼ਲਤਾ ਦੁਆਰਾ ਕਰਦਾ ਹੈ ਕਿ ਨਾ ਤਾਂ ਕਿਸੇ ਸ਼ਬਦ ਨੂੰ ਬਦਲਿਆ ਜਾ ਸਕਦਾ ਹੈ ਅਤੇ ਨਾ ਆਪਣੇ ਸਥਾਨ ਤੋਂ ਹਿਲਾਇਆ ਜਾ ਸਕਦਾ ਹੈ। ਇਹ ਇੱਕ ਅਜਿਹਾ ਗੁਣ ਹੈ ਜਿਹੜਾ ਮਹਾਨ ਕਵੀਆਂ ਵਿਚ ਹੁੰਦਾ ਹੈ। ਆਪ ਦੀ ਸ਼ੈਲੀ ਦਾ ਇੱਕ ਹੋਰ ਸਰਬ-ਵਿਆਪੀ ਗੁਣ ਨਾਟਕੀਅਤਾ ਹੈ ਭਾਵ ਉਨ੍ਹਾਂ ਦੀ ਬਾਣੀ ਵਿਚ ਨਾਟਕੀ ਸੰਵਾਦਾਂ ਵਾਲੀ ਚੁਸਤੀ ਅਤੇ ਕਟਾਖਸ਼ ਹਿੰਦ ਹੈ। ਉਹ ਆਪਣੇ ਵਿਚਾਰਾਂ ਦੀ ਅਜੇਹੀ ਵਿਧੀ ਦੁਆਰਾ ਪੇਸ਼ਕਾਰੀ ਕਰਦੇ ਹਨ ਕਿ ਪਾਠਕ ਹੈਰਾਨ ਰਹਿ ਜਾਂਦਾ ਹੈ। ਆਪ ਆਪਣੇ ਮਜ਼ਮੂਨ ਨੂੰ ਇਕਦਮ ਸ਼ੁਰੂ ਕਰ ਦਿੰਦੇ ਹਨ। ਕੋਈ ਭੂਮਿਕਾਵਾਚੀ ਸ਼ਬਦ ਨਜ਼ਰ ਹੀ ਨਹੀਂ ਆਉਂਦਾ ਹੈ। ਇਸ ਤਰ੍ਹਾਂ ਆਪ ਦੀ ਸ਼ੈਲੀ ਵਿਚ ਸੂਤਰਬੱਧਤਾ ਅਤੇ ਸੰਖੇਪਤਾ ਦੇ ਗੁਣ ਵੀ ਸਹਿਜ ਸੁਭਾ ਪੈਦਾ ਹੋ ਜਾਂਦੇ ਹਨ।

ਪਉੜੀ ਦੀ ਪ੍ਰਕਿਰਤੀ-ਸਿੱਧ ਗੋਸ਼ਟਿ ਦਾ ਸਮੂਚਾ ਪਾਠ ਤਰਤੀਬਵਾਰ ਤਿਹੱਤਰ ਪਉੜੀਆਂ ਦੇ ਰੂਪ ਵਿਚ ਸੰਗਠਿਤ ਹੈ। ਇਸ ਲਈ ਸਿੱਧ ਗੋਸ਼ਟਿ ਦੀ ਰੂਪ ਰਚਨਾ ਅਤੇ ਕਾਵਿਕ ਕਲਾ ਨੂੰ ਸਮਝਣ ਲਈ ਪਾਉੜੀ ਦੀ ਮੂਲ ਪ੍ਰਕਿਰਤੀ ਨੂੰ ਸਮਝਣ ਦੀ ਜ਼ਰੂਰਤ ਹੈ। ਪਉੜੀ ਦੇ ਕੋਸ਼ਗਤ ਅਰਥ ਹਨ-ਪੈਰ ਰੱਖਣ ਦੀ ਥਾਂ। ਪਰ ਆਮ ਬੋਲ ਚਾਲ ਵਿਚ ਸੀੜੀ ਦੇ ਹਰ ਡੰਡੇ ਨੂੰ ਪੌੜੀ ਕਹਿੰਦੇ ਹਨ ਤੇ ਇਹਨਾਂ ਡੰਡਿਆਂ ਨਾਲ ਤਿਆਰ ਹੋਈ ਸੀੜੀ ਨੂੰ ਵੀ ਪੌੜੀ ਆਖਦੇ ਹਨ।

ਡਾਕਟਰ ਰਤਨ ਸਿੰਘ ਜੱਗੀ ਅਨੁਸਾਰ, ਸਾਹਿਤ ਖੇਤਰ ਵਿਚ ਇੱਕ ਕਾਵ ਰੂਪ ਹੈ ਜਿਸ ਅੰਦਰ ਵਿਚਾਰਾਂ ਦੀ ਉਸਾਰੀ ਪੌੜੀ ਦੇ ਡੰਡਿਆਂ ਅਨੁਸਾਰ ਹੁੰਦੀ ਹੈ। ਇਕ ਖਿਆਲ ਤੋਂ ਬਾਅਦ ਦੂਜਾ ਖਿਆਲ ਲੜੀਵਾਰ ਉਤਰੰਤਰ ਜੁੜਦਾ ਜਾਂਦਾ ਹੈ ਅਤੇ ਫਿਰ ਕੁਝ ਪਉੜੀਆਂ ਇਕੱਠੀਆਂ ਹੋ ਕੇ ਇੱਕ ਸਮੁੱਚਾ ਖਿਆਲ ਬਣਾਉਂਦੀਆਂ ਹਨ। ਲੰਮੇਰੇ ਮਜ਼ਮੂਨ ਨਿਭਾਉਣ ਲਈ ਇਸ ਦੀ ਪੰਜਾਬੀ ਕਾਵ ਵਿਚ ਠੀਕ ਇਸ ਤਰ੍ਹਾਂ ਵਰਤੋਂ ਹੁੰਦੀ ਹੈ ਜਿਵੇਂ ਮੁਸਦਸ ਦੀ ਉਰਦੂ, ਫਾਰਸੀ ਕਾਵ ਵਿਚ। ਜਪੁਜੀ, ਅਨੰਦੁ ਸਾਹਿਬ, ਬਾਵਨ ਅਖਰੀ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸਾਰੀਆਂ ਵਾਰਾਂ ਵਿਚ ਪਉੜੀਆਂ ਦੀ ਸੁਚੱਜੀ ਵਰਤੋਂ ਕੀਤੀ ਗਈ ਹੈ।

ਇਥੇ ਡਾਕਟਰ ਜੱਗੀ ਨੇ ਪਉੜੀ ਨੂੰ ਇੱਕ ਕਾਵ ਰੂਪ ਮੰਨਿਆ ਹੈ। ਪ੍ਰੰਤੂ ਬਾਵਨ ਅਖਰੀ ਅਤੇ ਵਾਰ ਜੋ ਬਜ਼ਾਤੇ-ਖੁਦ ਕਾਵ ਰੂਪ ਹਨ ਉਨ੍ਹਾਂ ਵਿਚ ਪਉੜੀਆਂ ਦੀ ਵਰਤੋਂ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਇਨ੍ਹਾਂ ਲੰਮੇਰੀਆਂ ਰਚਨਾਵਾਂ ਦੇ ਪ੍ਰਸੰਗ ਵਿਚ ਪਾਉਂਦੀ ਇੱਕ ਸੁੱਤਤਰ ਕਾਵ ਰੂਪ ਨਹੀਂ ਹੈ।

www.sikhbookclub.com

ਭਾਈ ਕਾਨ੍ਹ ਸਿੰਘ ਨਾਭਾ ਪਉੜੀ ਦਾ ਸਰੂਪ ਵਰਨਣ ਕਰਦੇ ਹੋਏ ਕਹਿੰਦੇ ਹਨ, "ਇੱਕ ਛੰਦ ਜਿਸ ਵਿਚ ਵਿਸ਼ੇਸ਼ ਕਰ ਕੇ ਯੁੱਧ ਦੀਆਂ ਵਾਰਾਂ ਰਚੀਆਂ ਜਾਂਦੀਆਂ ਹਨ ਢਾਢੀ ਲੋਕ ਯੁੱਧ ਦਾ ਪ੍ਰਸੰਗ ਵਾਰਤਿਕ ਵਿਚ ਸੁਣਾ ਕੇ ਉਸ ਦਾ ਸਾਰ ਪਉੜੀ ਛੰਦ ਵਿਚ ਲੈ ਤਾਰ ਨਾਲ ਮ੍ਰਿਦੰਗ ਦੀ ਸਹਾਇਤਾ ਸਾਥ ਗਾ ਕੇ ਪ੍ਰਕਰਣ ਸਮਾਪਤ ਕਰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਵਾਰਾਂ ਵਿਚ ਅਨੇਕ ਛੰਦ ਪਾਉੜੀ ਸਿਰਲੇਖ ਹੇਠ ਦੇਖੇ ਜਾਂਦੇ ਹਨ।" ਉਪਰੋਕਤ ਵੇਰਵੇ ਅਨੁਸਾਰ ਪਉੜੀ ਨੂੰ ਕਿਸੇ ਵਿਸ਼ੇਸ਼ ਛੰਦ ਵਜੋਂ ਨਹੀਂ ਸਵੀਕਾਰਿਆ ਜਾ ਸਕਦਾ। ਸ: ਪਿਆਰਾ ਸਿੰਘ ਪਦਮ ਅਨੁਸਾਰ, "ਪਉੜੀ ਪੰਜਾਬੀ ਬੀਰ ਕਾਵ ਦਾ ਇੱਕ ਖ਼ਾਸ ਬਹਿਰ ਜਾਂ ਚਰਣ ਪ੍ਰਬੰਧ ਹੈ ਜਿਸ ਵਿਚ ਕਈ ਪ੍ਰਕਾਰ ਦੇ ਛੰਦਾਂ ਦੀ ਵਰਤੋਂ ਕੀਤੀ ਮਿਲਦੀ ਹੈ ਅਤੇ ਵਾਰਾਂ ਵਿਚ ਇਸ ਦਾ ਵਧੇਰੇ ਪ੍ਰਯੋਗ ਹੋਇਆ ਹੈ। ਇਸ ਲਈ ਇਸ ਨੂੰ ਇੱਕ ਛੰਦ ਕਹਿਣਾ ਠੀਕ ਨਹੀਂ ਕਿਉਂਕਿ ਸਾਰੀਆਂ ਪਉੜੀਆਂ ਦਾ ਇੱਕ ਵਜ਼ਨ ਨਹੀਂ ਹੁੰਦਾ। ਕੁਝ ਅਜਿਹੀਆਂ ਪਉੜੀਆਂ ਵੀ ਹਨ ਜਿਨ੍ਹਾਂ ਵਿਚ 20 ਤੋਂ 30 ਮਾਤਰਾ ਤਕ ਦੀ ਵਰਤੋਂ ਕੀਤੀ ਗਈ ਮਿਲਦੀ ਹੈ। ਪਰ 20 ਤੋਂ 21 ਮਾਤਰਾ ਦੀ ਵਰਤੋਂ ਵਾਲੀਆਂ ਪਉੜੀਆਂ ਵਧੇਰੇ ਪ੍ਰਚਲਤ ਹਨ। ਛੰਦਾਬੰਦੀ ਦੇ ਪੱਖ ਤੋਂ ਪਉੜੀ ਦੇ ਕਲੇਵਰ ਵਿਚ ਨਿਸ਼ਾਨੀ ਸਿਰਖੰਡੀ ਹੰਸਗਤ ਆਦਿ ਕਈ ਛੰਦ ਦੇ ਵਚਨ ਹਨ ਅਤੇ ਚਰਣਾਂ ਦੀ ਗਿਣਤੀ ਵਿਚ ਵੀ ਕਾਫੀ ਭੇਦ ਹਨ। ਇਹ ਵੇਖਿਆ ਗਿਆ ਹੈ ਕਿ ਕਿਸੇ ਪਉੜੀ ਦੇ ਚਾਰ, ਪੰਜ, ਛੇ ਚਰਣ ਹਨ ਕਿਸੇ ਦੇ ਅੱਠ ਜਾਂ ਫੇਰ ਇਸ ਤੋਂ ਵੀ ਵੱਧ। ਬਾਵਨ ਅਖਰੀ ਵਿਚ ਚੌਪਈ ਦੀ ਬਣਤਰ ਵਾਲੀ ਰਚਨਾ ਵੀ ਪਉੜੀ ਕਹਿ ਕੇ ਅੰਕਿਤ ਕੀਤੀ ਗਈ ਹੈ।"

## ਅਲੰਕਾਰ ਪ੍ਰਬੰਧ

ਸਿੱਧ ਗੋਸ਼ਟਿ ਅਤਿ ਸੁੰਦਰ ਅਲੰਕਾਰਾਂ ਨਾਲ ਸੁਸੱਜਿਤ ਰਚਨਾ ਹੈ। ਇਨ੍ਹਾਂ ਅਲੰਕਾਰਾਂ ਦੀ ਵਰਤੋਂ ਸਿੱਧ ਗੋਸ਼ਟਿ ਦੇ ਰਚਨਾਤਮਕ ਪ੍ਰਵਾਹ ਵਿਚ ਸਹਿਜ ਰੂਪ ਵਿਚ ਹੀ ਹੋਈ ਹੈ। ਭਾਰਤੀ ਕਾਵ-ਸ਼ਾਸਤ੍ਰ ਵਿਚ ਅਲੰਕਾਰਾਂ ਨੂੰ ਕਵਿਤਾ ਦਾ ਅਤਿ ਮਹੱਤਵਪੂਰਨ ਸੁਹਜਾਤਮਕ ਤੱਤ ਸਵੀਕਾਰ ਕੀਤਾ ਗਿਆ ਹੈ। ਅਲੰਕਾਰ ਸ਼ਬਦ ਵਿਚ ਅਲੰ ਅਤੇ ਕਾਰ ਦੋ ਅੰਸ਼ ਹਨ। ਅਲੰ ਦਾ ਅਰਥ ਹੈ ਗਹਿਣਾ, ਭੂਸ਼ਣ, ਸਜਾਵਟ ਸੁਹਜ ਸਾਜ਼ ਸਜਾ। ਜਿਹੜਾ ਸਜਾਵੇ ਜਾਂ ਜਿਸ ਦੇ ਰਾਹੀਂ ਸਜਾਇਆ ਜਾਵੇ ਉਹ ਅਲੰਕਾਰ ਹੈ। ਕੁਲ ਮਿਲਾ ਕੇ ਅਲੰਕਾਰ ਸ਼ਬਦ ਅਤੇ ਅਰਥ ਦੇ ਵਰਨਣ ਦੀ ਉਹ ਰੀਤੀ ਹੈ ਜੋ ਕਾਵ ਦੀ ਸੁਹਜ ਸਮਰਥਾ ਨੂੰ ਵਧਾਉਂਦੀ ਹੈ। ਅਲੰਕਾਰ ਦੋ ਕਿਸਮ ਦੇ ਹਨ-ਸ਼ਬਦ ਅਲੰਕਾਰ ਅਤੇ ਅਰਥ ਅਲੰਕਾਰ। ਉਹ ਅਲੰਕਾਰ ਜੋ ਸ਼ਬਦਾਂ ਦੀ ਸੁੰਦਰਤਾ ਨੂੰ ਵਧਾਉਣ ਉਹ ਸ਼ਬਦ ਅਲੰਕਾਰ ਅਖਵਾਉਂਦੇ ਹਨ। ਇਹ ਮੁਖ ਤੌਰ ਤੇ ਪੰਜ ਕਿਸਮ ਦੇ ਹਨ ਅਨੁਪ੍ਰਾਸ, ਯਮਕ, ਸਲੇਸ਼, ਵੀਏਪਸ ਅਤੇ ਚਿਤਰ। ਜਦ

www.sikhbookclub.com

ਲਿਖਤ ਦੇ ਸ਼ਬਦ ਅਜਿਹੇ ਢੰਗ ਨਾਲ ਵਰਤੇ ਜਾਣ ਕਿ ਲਿਖਤ ਦੇ ਦੇ ਅਰਥਾਂ ਵਿਚ ਇੱਕ ਖਾਸ ਖੂਬੀ ਪੈਦਾ ਹੋ ਜਾਵੇ ਉਥੇ ਅਰਥ ਅਲੰਕਾਰ ਦੀ ਹੋਂਦ ਮੰਨੀ ਗਈ ਹੈ। ਇਸ ਦੀਆਂ ਮੁਖ ਕਿਸਮਾਂ ਵਿਚ ਰੂਪਕ, ਉਪਮਾ, ਦ੍ਰਿਸ਼ਟਾਂਤ, ਅਤਿ-ਕਥਨੀ ਮਾਨਵੀਕਰਣ ਆਦਿ ਸ਼ਾਮਲ ਹਨ। ਸਿੱਧ ਗੋਸ਼ਟਿ ਵਿਚ ਸ਼ਬਦ ਅਤੇ ਅਰਥ ਦੋਹਾਂ ਕਿਸਮਾਂ ਦੇ ਅਲੰਕਾਰਾਂ ਦੀ ਖੂਬ ਵਰਤੋਂ ਹੋਈ ਹੈ। ਗੁਰੂ ਜੀ ਦੁਆਰਾ ਪ੍ਰਸਤੁਤ ਕੁਝ ਅਲੰਕਾਰ ਯੋਜਨਾਵਾਂ ਇਸ ਪ੍ਰਕਾਰ ਹਨ-

ਅਨੁਪ੍ਰਾਸ ਅਲੰਕਾਰ--

**ਗੁਰਮੁਖਿ ਪਵਿਤ੍ਰੁ ਪਰਮ ਪਦੁ ਪਾਵੈ ॥ 27 ॥**

ਰੂਪਕ ਅਲੰਕਾਰ ----

**ਊਂਧਉ ਖਪਰੁ ਪੰਚ ਭੂ ਟੋਪੀ ॥ ਕਾਂਇਆ ਕੜਾਸਣੁ ਮਨੁ ਜਾਗੋਟੀ ॥11॥**

ਦ੍ਰਿਸ਼ਟਾਂਤ ਅਲੰਕਾਰ ----------

**ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥**
**ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥5॥**

**ਅਸੰਭਵ ਅਲੰਕਾਰ :-**

**ਗੁਰਮੁਖਿ ਸਾਇਰਿ ਪਾਹਣ ਤਾਰੇ ॥ ਗੁਰਮੁਖਿ ਕੋਟਿ ਤੇਤੀਸ ਉਧਾਰੇ ॥੪0॥**

**ਸ਼ਾਂਤ ਰਸ :-**

**ਗੁਰਮੁਖਿ ਹੋਵੈ ਸੁ ਗਿਆਨੁ ਤਤੁ ਬੀਚਾਰੈ ਹਉਮੈ ਸਬਦਿ ਜਲਾਏ ॥**
**ਤਨੁ ਮਨੁ ਨਿਰਮਲੁ ਨਿਰਮਲ ਬਾਣੀ ਸਾਚੈ ਰਹੈ ਸਮਾਏ ॥**
**ਨਾਮੇ ਨਾਮਿ ਰਹੈ ਬੈਰਾਗੀ ਸਾਚੁ ਰਖਿਆ ਉਰਿ ਧਾਰੇ ॥**
**ਨਾਨਕ ਬਿਨੁ ਨਾਵੈ ਜੋਗੁ ਕਦੇ ਨ ਹੋਵੈ ਦੇਖਹੁ ਰਿਦੈ ਬੀਚਾਰੇ ॥੬੮॥**

**ਅਦਭੁਤ ਰਸ :-**

**ਜਾ ਇਹੁ ਹਿਰਦਾ ਦੇਹ ਨ ਹੋਤੀ ਤਉ ਮਨੁ ਕੈਠੈ ਰਹਤਾ ॥**
**ਨਾਭਿ ਕਮਲ ਅਸਥੰਭੁ ਨ ਹੋਤੋ ਤਾ ਪਵਨੁ ਕਵਨ ਘਰਿ ਸਹਤਾ ॥**
**ਰੂਪੁ ਨ ਹੋਤੋ ਰੇਖ ਨ ਕਾਈ ਤਾ ਸਬਦਿ ਕਹਾ ਲਿਵ ਲਾਈ ॥**
**ਰਕਤੁ ਬਿੰਦੁ ਕੀ ਮੜੀ ਨ ਹੋਤੀ ਮਿਤਿ ਕੀਮਤਿ ਨਹੀ ਪਾਈ ॥**
**ਵਰਨੁ ਭੇਖੁ ਅਸਰੂਪੁ ਨ ਜਾਪੀ ਕਿਉ ਕਰਿ ਜਾਪਸਿ ਸਾਚਾ ॥**
**ਨਾਨਕ ਨਾਮਿ ਰਤੇ ਬੈਰਾਗੀ ਇਬ ਤਬ ਸਾਚੋ ਸਾਚਾ ॥੬੬॥**

**ਉਲੇਖ ਅਲੰਕਾਰ :-**

**ਕਿਉ ਕਰਿ ਬਾਧਾ ਸਰਪਨਿ ਖਾਧਾ ॥**



ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ, ਨਨਕਾਣਾ (ਪਾਕਿਸਤਾਨ)

www.sikhbookclub.com



ਗੁਰਦੁਆਰਾ ਬਾਲ ਲੀਲਾ ਸਾਹਿਬ, ਨਨਕਾਣਾ ਸਾਹਿਬ (ਪਾਕਿਸਤਾਨ)

www.sikhbookclub.com

www.sikhbookclub.com



ਗੁਰਦੁਆਰਾ ਕਿਆਰਾ ਸਾਹਿਬ, ਨਨਕਾਣਾ ਸਾਹਿਬ (ਪਾਕਿਸਤਾਨ)



ਗੁਰਦੁਆਰਾ ਮਾਲ ਜੀ ਸਾਹਿਬ, ਨਨਕਾਣਾ ਸਾਹਿਬ (ਪਾਕਿਸਤਾਨ)

www.sikhbookclub.com



ਗੁਰਦੁਆਰਾ ਸ੍ਰੀ ਸੱਚਾ ਸੌਦਾ ਸਾਹਿਬ (ਚੂਹੜਕਾਣਾ) ਜ਼ਿਲ੍ਹਾ ਸ਼ੇਖੂਪੁਰਾ ਪਾਕਿਸਤਾਨ




ਗੁਰਦੁਆਰਾ ਡੇਹਰਾ ਸਾਹਿਬ ਸ਼ਹੀਦੀ ਅਸਥਾਨ (ਪੰਜਵੀਂ ਪਾਤਸ਼ਾਹੀ) ਲਾਹੌਰ (ਪਾਕਿਸਤਾਨ)

www.sikhbookclub.com



ਗੁਰਦੁਆਰਾ ਜਨਮ ਅਸਥਾਨ ਸ੍ਰੀ ਗੁਰੂ ਰਾਮਦਾਸ, ਲਾਹੌਰ (ਪਾਕਿਸਤਾਨ)




ਗੁਰਦੁਆਰਾ ਦਰਬਾਰ ਸਾਹਿਬ ਕਰਤਾਰਪੁਰ ਸਾਹਿਬ, (ਨਾਰੋਵਾਲ) (ਪਾਕਿਸਤਾਨ)


www.sikhbookclub.com

www.sikhbookclub.com



ਗੁਰਦੁਆਰਾ ਰੋੜੀ ਸਾਹਿਬ, ਏਮਨਾਬਾਦ (ਗੁਰਜਾਂਵਾਲਾ) ਪਾਕਿਸਤਾਨ

www.sikhbookclub.com



ਗੁਰਦੁਆਰਾ ਸ੍ਰੀ ਪੰਜਾ ਸਾਹਿਬ, ਹਸਨ ਅਬਦਾਲ, ਜ਼ਿਲ੍ਹਾ ਅਟੱਕ (ਪਾਕਿਸਤਾਨ)

www.sikhbookclub.com

**ਕਿਉ ਕਰਿ ਖੋਇਆ ਕਿਉ ਕਰਿ ਲਾਧਾ ॥**
**ਕਿਉ ਕਰਿ ਨਿਰਮਲੁ ਕਿਉ ਕਰਿ ਅੰਧਿਆਰਾ ॥**
**ਇਹੁ ਤਤੁ ਬੀਚਾਰੈ ਸੁ ਗੁਰੂ ਹਮਾਰਾ ॥੧੪॥**

**ਲੋਕੋਕਤੀ ਅਲੰਕਾਰ :-**

**ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥27॥**

**ਅਤੇ**

**ਬਿਨੁ ਗੁਰ ਮਨੂਆ ਅਤਿ ਡੋਲਾਇ ॥38॥**

ਗੁਰੂ ਨਾਨਕ ਦੇਵ ਜੀ ਦੀ ਕਾਵ-ਸ਼ੈਲੀ ਦੀ ਇੱਕ ਹੋਰ ਵਿਸ਼ੇਸ਼ਤਾ ਆਪ ਦੀ ਸਿਜਨਾਤਮਕਤਾ ਕਲਪਨਾ ਨਾਲ ਜੁੜੀ ਹੋਈ ਹੈ। ਆਪ ਦਿਸਦੇ ਜਗਤ ਦੀ ਵਸਤੂ-ਸਥਿਤੀ ਦੇ ਨਿਰੂਪਣ ਤਕ ਹੀ ਸੀਮਤ ਨਹੀਂ ਰਹਿੰਦੇ ਬਲਕਿ ਅਣਦਿਸਦੇ ਜਗਤ ਦੇ ਰਹਸਮਈ ਸਰੂਪ ਨੂੰ ਵੀ ਇਨ੍ਹਾਂ ਚਿਤਵਾਂ ਅਥਵਾ ਪ੍ਰਤੀਕਾਂ ਦੇ ਮਾਧਿਅਮ ਦੁਆਰਾ ਰੂਪਮਾਨ ਕਰਦੇ ਹਨ। ਰਾਗ ਧਨਾਸਰੀ ਵਿਚ ਅੰਕਿਤ ਆਪ ਦੀ ਆਰਤੀ ਆਪ ਦੀ ਉੱਚ ਕਲਪਨਾ ਦਾ ਇੱਕ ਅਨੂਠਾ ਪ੍ਰਮਾਣ ਪੇਸ਼ ਕਰਦੀ ਹੈ। ਇਸੇ ਤਰ੍ਹਾਂ ਜਪੁਜੀ ਦੀ ਸੋਦਰੁ ਵਾਲੀ ਪਉੜੀ ਤੇ ਪੰਜ ਖੰਡਾਂ ਨਾਲ ਸਬੰਧਿਤ ਪਉੜੀਆਂ ਵੀ ਗੁਰੂ ਜੀ ਦੀ ਕਰਤਾਰੀ ਸ਼ਕਤੀ ਦਾ ਸਹਿਜ-ਬੋਧ ਕਰਵਾਉਂਦੀਆਂ ਹਨ। ਸਿੱਧ ਗੋਸ਼ਟਿ ਦੇ ਬਹੁਤ ਸਾਰੇ ਪ੍ਰਸੰਗਾਂ/ਪਉੜੀਆਂ ਵਿਚ ਵੀ ਰਹਿ ਚਮਤਕਾਰ ਦ੍ਰਿਸ਼ਟੀਗੋਚਰ ਹੁੰਦਾ ਹੈ। ਜੋ 67ਵੀਂ ਪਉੜੀ ਵਿਚ ਇਸ ਤਰ੍ਹਾਂ ਦਰਜ ਹੈ-

**ਹਿਰਦਾ ਦੇਹ ਨ ਹੋਤੀ ਅਉਧੂ ਤਉ ਮਨੁ ਸੁੰਨਿ ਰਹੈ ਬੈਰਾਗੀ ॥**
**ਨਾਭਿ ਕਮਲੁ ਅਸਥੰਭੁ ਨ ਹੋਤੋ ਤਾ ਨਿਜ ਘਰਿ ਬਸਤਉ ਪਵਨੁ ਅਨਰਾਗੀ॥**
**ਰੂਪੁ ਨ ਰੇਖਿਆ ਜਾਤਿ ਨ ਹੋਤੀ ਤਉ ਅਕੁਲੀਣਿ ਰਹਤਉ ਸਬਦੁ ਸੁ ਸਾਰੁ॥**
**ਗਉਨੁ ਗਗਨੁ ਜਬ ਤਬਹਿ ਨ ਹੋਤਉ ਤ੍ਰਿਭਵਣ ਜੋਤਿ ਆਪੇ ਨਿਰੰਕਾਰੁ...... ॥ 67॥**

ਗੁਰੂ ਨਾਨਕ ਦੇਵ ਜੀ ਦੀ ਇੱਕ ਹੋਰ ਵਿਸ਼ੇਸ਼ਤਾ, ਵੰਨ ਸੁਵੰਨੀਆਂ ਬੋਲੀਆਂ ਨੂੰ ਅਨੁਭਵ ਦਾ ਮਾਧਿਅਮ ਬਣਾਉਣ ਵਿਚ ਹੈ। ਬੇਸ਼ਕ ਗੁਰੂ ਜੀ ਦੀ ਬਾਣੀ ਵਿਚ ਪ੍ਰਧਾਨਗੀ ਪੰਜਾਬੀ ਬੋਲੀ ਨੂੰ ਹੀ ਮਿਲੀ ਹੈ ਫੇਰ ਵੀ ਬੋਲੀਆਂ ਜਿਵੇਂ ਫਾਰਸੀ ਸਹਸਕ੍ਰਿਤੀ ਅਤੇ ਗਾਥਾ ਆਦਿਕ ਵਿਚ ਰਚੀ ਬਾਣੀ ਨੂੰ ਵੀ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ। ਜਿਥੇ ਫਾਰਸੀ ਗੁਰੂ ਜੀ ਦੀ ਵਿਦੇਸ਼ੀ ਬੋਲੀਆਂ ਬਾਰੇ ਵਿਦਵਤਾ ਭਰਪੂਰ ਜਾਣਕਾਰੀ ਦੀ ਸਾਖੀ ਭਰਦੀ ਹੈ ਉਥੇ ਸਹਿਸਕ੍ਰਿਤੀ ਅਤੇ ਗਾਥਾ ਆਦਿਕ ਬੋਲੀਆਂ ਵਿਚ ਰਚੀ ਬਾਣੀ ਇਹ ਸਿੱਧ ਕਰਦੀ ਹੈ ਕਿ ਗੁਰੂ ਜੀ ਦਾ ਆਪਣੇ ਦੇਸ਼ ਦੇ ਪ੍ਰਾਚੀਨ ਵਿਰਸੇ ਉੱਤੇ ਵੀ ਪੂਰਾ ਅਧਿਕਾਰ ਸੀ ਕਿਉਂਕਿ ਉਨ੍ਹਾਂ ਦੀ ਪਹੁੰਚ ਪੰਜਾਬੀ ਤੋਂ ਛੁਟ ਸੰਸਕ੍ਰਿਤ ਪ੍ਰਾਕ੍ਰਿਤ ਅਤੇ ਅਪ੍ਰਭਾਂਸ਼ਾ ਤੱਕ ਸੀ। ਸਿੱਧ ਗੋਸ਼ਟਿ ਬਾਣੀ ਉੱਤੇ ਸੰਸਕ੍ਰਿਤ ਅਤੇ ਅਪ੍ਰਭਾਂਸ਼ਾ ਦਾ ਪ੍ਰਭਾਵ ਬੜੇ ਉਜਾਗਰ

www.sikhbookclub.com

ਰੂਪ ਵਿਚ ਨਜ਼ਰੀਂ ਆ ਜਾਂਦਾ ਹੈ। ਉਦਾਹਰਣ ਦੇ ਤੌਰ 'ਤੇ-

**ਅੰਤਰਿ ਸੁੰਨੰ ਬਾਹਰਿ ਸੁੰਨੰ ਤ੍ਰਿਭਵਣ ਸੁੰਨ ਮਸੁੰਨੰ ॥**
**ਚਉਥੇ ਸੁੰਨੈ ਜੋ ਨਰੁ ਜਾਣੈ ਤਾ ਕਉ ਪਾਪੁ ਨ ਪੁੰਨੰ ॥**
**ਘਟਿ ਘਟਿ ਸੁੰਨ ਕਾ ਜਾਣੈ ਭੇਉ ॥**
**ਆਦਿ ਪੁਰਖੁ ਨਿਰੰਜਨ ਦੇਉ.......... ॥51॥**

ਗੁਰੂ ਨਾਨਕ ਦੇਵ ਜੀ ਦੀ ਬਾਣੀ ਵੱਖ ਵੱਖ ਰਾਗਾਂ ਵਿਚ ਰਚੀ ਗਈ ਹੈ। ਇਥੋਂ ਪਤਾ ਲਗਦਾ ਹੈ ਕਿ ਗੁਰੂ ਜੀ ਸੰਗੀਤ ਅਤੇ ਵੀਣਕਤਾ ਨੂੰ ਕਾਵ ਦੀ ਜਿੰਦ ਜਾਨ ਸਮਝਦੇ ਸਨ। ਭਾਈ ਕਾਨ੍ਹ ਸਿੰਘ ਨਾਭਾ ਨੇ ਲਿਖਿਆ ਹੈ ਕਿ ਨਾਨਕ ਬਾਣੀ ਦੇ ਕਲਾਤਮਕ ਸੌਂਦਰਯ ਦੀ ਨਿਰਖ ਪਰਖ ਲਈ ਇਸ ਨੂੰ ਰਵਾਇਤੀ ਛੰਦਾਂ ਦੀ ਕਸਵੱਟੀ ਉਤੇ ਪਰਖਣ ਦੀ ਥਾਂ ਸਬੰਧਿਤ ਰਾਗਾਂ ਦੀਆਂ ਵੱਖ ਵੱਖ ਤਾਲਾਂ ਦੇ ਅਧਾਰ ਤੇ ਸਮਝਣਾ ਚਾਹੀਦਾ ਹੈ। ਰਾਗ ਦੇ ਤਾਲ ਅਤੇ ਛੰਦ ਦੀ ਚਾਲ ਵਿਚ ਕਾਫੀ ਅੰਤਰ ਹੁੰਦਾ ਹੈ। ਜਿਥੇ ਰਵਾਇਤੀ ਛੰਦ-ਪ੍ਰਬੰਧ ਅਨੁਸਾਰ ਕਿਸੇ ਵੀ ਦੀਰਘ-ਸੁਰ ਦੀਆਂ ਦੋ ਤੋਂ ਵੱਧ ਮਾਤਰਾਵਾਂ ਨਹੀਂ ਹੋ ਸਕਦੀਆਂ। ਉਥੇ ਰਾਗਾਂ ਨਾਲ ਸਬੰਧਤ ਤਾਲਾਂ ਦੀ ਦ੍ਰਿਸ਼ਟੀ ਤੋਂ ਕਿਸੇ ਦੀਰਘ ਸੁਰ ਦੀਆਂ ਤਿੰਨ,ਚਾਰ ਜਾਂ ਉਸ ਤੋਂ ਵਧੇਰੇ ਮਾਤ੍ਰਾਵਾਂ ਹੋ ਸਕਦੀਆਂ ਹਨ। ਗੁਰੂ ਜੀ ਦੀ ਬਾਣੀ ਇਸ ਗੱਲ ਦਾ ਪ੍ਰਤੀਕ ਹੈ ਕਿ ਉਨ੍ਹਾਂ ਨੂੰ ਰਾਗ-ਵਿਦਿਆ ਦੀ ਪੂਰੀ ਸੂਝ ਸੀ। ਆਪ ਜੀ ਨੇ ਕਈ ਥਾਵਾਂ ਉਪਰ ਰਾਗਾਂ ਦਾ ਆਪੋ ਵਿਚ ਮੇਲ ਕਰਕੇ ਨਵੇਂ ਪ੍ਰਯੋਗ ਵੀ ਕੀਤੇ ਹਨ।

ਗੁਰੂ ਨਾਨਕ ਬਾਣੀ ਵਿਚਲਾ ਪ੍ਰਤੀਕਾਤਮਕ ਅਭਿਵਿਅੰਜਨ ਇਸ ਨੂੰ ਇਕ ਨਵੇਕਲਾ ਸੌਂਦਰਯ ਪ੍ਰਦਾਨ ਕਰਦਾ ਹੈ। ਪ੍ਰਤੀਕਾਂ ਦੀ ਵਰਤੋਂ ਵਿਚ ਗੁਰੂ ਸਾਹਿਬ ਨੇ ਨਾ ਕੇਵਲ ਆਪਣੇ ਸਭਿਆਚਾਰਕ ਅਤੇ ਸਾਹਿਤਿਕ ਭੰਡਾਰ ਦਾ ਹੀ ਭਰਪੂਰ ਪ੍ਰਯੋਗ ਕੀਤਾ ਹੈ ਸਗੋਂ ਬਹੁਤ ਸਾਰੇ ਮੌਲਿਕ ਪ੍ਰਤੀਕਾਂ ਦੀ ਸਿਰਜਣਾ ਵੀ ਕੀਤੀ ਹੈ। ਸਿੱਧ ਗੋਸ਼ਟਿ ਵਿਚ ਇਹ ਦੇਖਿਆ ਜਾ ਸਕਦਾ ਹੈ -

**ਮੈਣ ਕੇ ਦੰਤ ਕਿਉ ਖਾਈਐ ਸਾਰੁ ॥**
**ਜਿਤੁ ਗਰਬੁ ਜਾਇ ਸੁ ਕਵਣੁ ਆਹਾਰੁ ॥**
**ਹਿਵੈ ਕਾ ਘਰੁ ਮੰਦਰੁ ਅਗਨਿ ਪਿਰਾਹਨੁ ॥**
**ਕਵਨ ਗੁਫਾ ਜਿਤੁ ਰਹੈ ਅਵਾਹਨੁ.......॥ 45॥**

ਅਤੇ

**ਸੁੰਨ ਨਿਰੰਤਰਿ ਦੀਜੈ ਬੰਧੁ ॥ ਉਡੈ ਨ ਹੰਸਾ ਪੜੈ ਨ ਕੰਧੁ ॥**

ਸਿੱਧ ਗੋਸ਼ਟਿ ਦੀ ਆਰੰਭਿਕ ਪਉੜੀ ਵਿਚ ਗੁਰ ਸਾਹਿਬ ਜੀ ਨੇ ਨਾਥ-ਜੋਗੀਆਂ ਦੀ ਸਭਾ ਦਾ ਜੋ ਚਿਤਰ ਪੇਸ਼ ਕੀਤਾ ਹੈ ਉਸ ਦੀ ਨਾਟਕੀ ਛਵੀ ਮਨ ਨੂੰ ਮੋਹ ਲੈਂਦੀ ਹੈ :-

www.sikhbookclub.com

ਸਿਧ ਸਭਾ ਕਰਿ ਆਸਣਿ ਬੈਠੇ ਸੰਤ ਸਭਾ ਜੈਕਾਰੋ ॥
ਤਿਸੁ ਆਗੈ ਰਹਰਾਸਿ ਹਮਾਰੀ ਸਾਚਾ ਅਪਰ ਅਪਾਰੋ ॥

ਹੋਰ ਦੇਖੋ -

ਜਾ ਇਹੁ ਹਿਰਦਾ ਦੇਹ ਨ ਹੋਤੀ ਤਉ ਮਨੁ ਕੈਠੈ ਰਹਤਾ ॥
ਨਾਭਿ ਕਮਲ ਅਸਥੰਭੁ ਨ ਹੋਤੋ ਤਾ ਪਵਨੁ ਕਵਨ ਘਰਿ ਸਹਤਾ ॥
ਰੂਪੁ ਨ ਹੋਤੋ ਰੇਖ ਨ ਕਾਈ ਤਾ ਸਬਦਿ ਕਹਾ ਲਿਵ ਲਾਈ ॥
ਰਕਤੁ ਬਿੰਦੁ ਕੀ ਮੜੀ ਨ ਹੋਤੀ ਮਿਤਿ ਕੀਮਤਿ ਨਹੀ ਪਾਈ ॥

ਗੁਰੂ ਜੀ ਦੀ ਬਾਣੀ ਵਿਚ ਇਤਿਹਾਸਕ ਮਿਥਿਹਾਸਿਕ ਸੰਕੇਤ ਵੀ ਭਰਪੂਰ ਮਾਤਰਾ ਵਿਚ ਦ੍ਰਿਸ਼ਟੀਗੋਚਰ ਹੁੰਦੇ ਹਨ। ਗੁਰੂ ਜੀ ਦੱਖਣੀ-ਏਸ਼ੀਆਈ ਦੇਸ਼ਾਂ ਦੇ ਮਿਥਿਹਾਸਕ ਵਿਰਸੇ ਤੋਂ ਭਲੀ ਭਾਂਤ ਜਾਣੂ ਸਨ। ਇਸ ਪ੍ਰਸੰਗ ਵਿਚ ਸਿੱਧ ਗੋਸ਼ਟਿ ਵਿਚ ਇਕ ਪ੍ਰਮਾਣ ਇਸ ਤਰ੍ਹਾਂ ਹੈ ---------

ਗੁਰਮੁਖਿ ਬਾਂਧਿਓ ਸੇਤੁ ਬਿਧਾਤੈ ॥
ਲੰਕਾ ਲੂਟੀ ਦੈਤ ਸੰਤਾਪੈ ॥
ਰਾਮਚੰਦਿ ਮਾਰਿਓ ਅਹਿ ਰਾਵਣੁ ॥
ਭੇਦੁ ਬਭੀਖਣ ਗੁਰਮੁਖਿ ਪਰਚਾਇਣੁ ॥
ਗੁਰਮੁਖਿ ਸਾਇਰਿ ਪਾਹਣ ਤਾਰੇ ॥
ਗੁਰਮੁਖਿ ਕੋਟਿ ਤੇਤੀਸ ਉਧਾਰੇ ॥੪੦॥

ਬਾਬਾ ਨਾਨਕ ਦੀ ਕਾਵਿ ਕਲਾ ਦੀ ਵਡਿਆਈ ਇਸ ਵਿਚ ਹੈ ਕਿ ਆਪ ਨੇ ਮਿਥਿਹਾਸਿਕ ਕਥਾਵਾਂ ਦਾ ਵਿਸਥਾਰ ਕਰਨ ਦੀ ਬਜਾਏ ਇਨ੍ਹਾਂ ਦਾ ਪ੍ਰਯੋਗ ਚਿੰਨ੍ਹਾਂ, ਪ੍ਰਤੀਕਾਂ ਅਤੇ ਅਲੰਕਾਰਾਂ ਵਜੋਂ ਕੀਤਾ ਹੈ। ਆਪ ਜੀ ਦਾ ਮੰਤਵ ਦਿਲ ਟੁੰਬਵੇਂ ਸੰਕੇਤਾਂ ਦੁਆਰਾ ਲੋਕ ਮਨਾਂ ਨੂੰ ਗਿਆਨ ਦੇ ਘਰ ਵਿਚ ਪੁੱਜਦਾ ਕਰਨਾ ਸੀ। ਜੇਕਰ ਬਾਣੀ ਵਿਚਲੇ ਸੰਕੇਤਾਂ ਦਾ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਪਤਾ ਲਗਦਾ ਹੈ ਕਿ ਅੱਧਿਓਂ ਬਹੁਤੇ ਰਾਮਾਇਣ ਅਤੇ ਮਹਾਂਭਾਰਤ ਦੇ ਪਾਤਰਾਂ ਨਾਲ ਸਬੰਧਿਤ ਹਨ। ਬਾਕੀ ਦੇ ਮਿਥਿਹਾਸਕ ਸੰਕੇਤਾਂ ਦਾ ਸਰੋਤ ਭਗਵਤ ਆਦਿ ਹਰਮਨ ਪਿਆਰੇ ਪ੍ਰਾਨਾਂ ਅਤੇ ਕੁਝ ਹੋਰ ਧਰਮਾਂ ਵਿਚ ਲਭਿਆ ਜਾ ਸਕਦਾ ਹੈ।

ਬਾਬਾ ਨਾਨਕ ਜੀ ਇਕ ਮਹੱਤਵਪੂਰਨ ਅਤੇ ਉਤਕ੍ਰਿਸ਼ਟ ਸ਼ੈਲੀਕਾਰ ਵੀ ਹਨ। ਆਪ ਜੀ ਨੇ ਸਧਾਰਣ ਲੋਕਾਂ ਨੂੰ ਆਪਣੀ ਰੋਜ਼ਾਨਾ ਦੀ ਬੋਲੀ ਵਿਚ ਧਰਮ ਕਰਮ ਕਰਨ ਅਤੇ ਆਪਣੇ ਨਿਸ਼ਚੇ ਦੀ ਸਾਧਨਾ ਕਰਨਾ ਸਿਖਾਉਣਾ ਵੀ ਸੀ। ਇਸ ਲਈ ਗੁਰੂ ਜੀ ਨੇ ਸੰਸਕ੍ਰਿਤ, ਪ੍ਰਾਕ੍ਰਿਤ ਅਰਬੀ, ਫਾਰਸੀ ਆਦਿਕ ਕਲਾਸੀਕਲ ਭਾਸ਼ਾਵਾਂ ਵਿਚੋਂ ਬਹੁਤ ਸਾਰੀ

www.sikhbookclub.com

ਸ਼ਬਦਾਵਲੀ ਲੈ ਕੇ ਬੋਲੀ ਨੂੰ ਅਮੀਰ ਬਣਾਇਆ।

ਬਾਬਾ ਨਾਨਕ ਜੀ ਦੇ ਬਾਣੀ ਸੰਸਾਰ ਵਿਚ ਤਿੰਨ ਪ੍ਰਮੁੱਖ ਸ਼ੈਲੀਆਂ ਦੇਖੀਆਂ ਜਾ ਸਕਦੀਆਂ ਹਨ। ਇੱਕ ਸ਼ੈਲੀ ਵਿਚ ਅਪ੍ਰਭੰਸ਼ ਰੂਪ ਪ੍ਰਧਾਨ ਹਨ ਭਾਵੇਂ ਇਹ ਨਿਰੋਲ ਅਪ੍ਰਭੰਸ਼ ਨਹੀਂ। ਇਸ ਸ਼ੈਲੀ ਦਾ ਪ੍ਰਯੋਗ ਆਪ ਭਾਵਕ ਅਥਵਾ ਵੀਣਕ ਪ੍ਰਸੰਗਾਂ ਦੀ ਰਚਨਾ ਲਈ ਕਰਦੇ ਹਨ। ਇਹ ਅਪ੍ਰਭੰਸ਼ ਸ਼ੈਲੀ ਪੱਛਮੀ ਪੰਜਾਬੀ ਅਥਵਾ ਮੁਲਤਾਨੀ ਬੋਲੀ ਨਾਲ ਬਹੁਤ ਮੇਲ ਖਾਂਦੀ ਹੈ। ਬਹੁਤੇ ਅਪ੍ਰਭੰਸ਼ ਸ਼ਬਦ ਇਸ ਮੁਲਤਾਨੀ ਬੋਲੀ ਦੀ ਰਚਨਾ ਵਿਚੋਂ ਹੀ ਮਿਲਦੇ ਹਨ। ਪੱਛਮੀ ਪੰਜਾਬੀ, ਪੂਰਬੀ ਪੰਜਾਬੀ ਨਾਲੋਂ ਅਪ੍ਰਭਨਸ਼ਾਂ ਦੇ ਵਧੇਰੇ ਨੇੜੇ ਹੈ। ਦੂਸਰੀ ਸ਼ੈਲੀ ਅਧਿਆਤਮਕ ਰਚਨਾ ਦੀ ਹੈ। ਇਸ ਵਿਚ ਸ਼ਬਦ ਸ਼ੈਲੀ ਪੂਰਬੀ ਅਥਵਾ ਸਾਧ ਭਾਸ਼ਾ ਵਾਲੀ ਹੈ। ਗੁਰੂ ਜੀ ਨੇ ਭਾਰਤ ਦੇ ਉਸ ਖਿਤੇ ਨੂੰ ਆਪਣੇ ਪ੍ਰਚਾਰ ਦਾ ਮੁਖ ਕੇਂਦਰ ਬਣਾਇਆ ਹੋਇਆ ਸੀ। ਜਿਸ ਥਾਂ ਉਪਰ ਸਾਧ-ਭਾਖਾ ਨੂੰ ਚੰਗੀ ਤਰ੍ਹਾਂ ਸਮਝ ਲਿਆ ਜਾਂਦਾ ਸੀ। ਦੱਖਣੀ ਓਅੰਕਾਰੁ ਅਤੇ ਸਿੱਧ ਗੋਸ਼ਟਿ ਤੋਂ ਬਿਨਾ ਗੁਰੂ ਜੀ ਨੇ ਇਹ ਸ਼ੈਲੀ ਰਾਗ ਗਾਉੜੀ, ਰਾਮਕਲੀ ਤੇ ਮਾਰੂ ਆਦਿ ਵਿਚ ਵਰਤੀ ਹੈ। ਜਿਥੇ ਆਪ ਨੇ ਅਧਿਆਤਮਕ ਪ੍ਰਸ਼ਨ ਉਠਾਏ ਅਤੇ ਉਨ੍ਹਾਂ ਦੇ ਉੱਤਰ ਵੀ ਦਿੱਤੇ ਹਨ ਜੋ ਇਸ ਤਰ੍ਹਾਂ ਹੈ :-

**ਕਵਨ ਤੁਮੇ ਕਿਆ ਨਾਉ ਤੁਮਾਰਾ ਕਉਨੁ ਮਾਰਗੁ ਕਉਨੁ ਸੁਆਓ ॥**
**ਸਾਚੁ ਕਹਉ ਅਰਦਾਸਿ ਹਮਾਰੀ ਹਉ ਸੰਤ ਜਨਾ ਬਲਿ ਜਾਓ ॥**
**ਕਹ ਬੈਸਹੁ ਕਹ ਰਹੀਐ ਬਾਲੇ ਕਹ ਆਵਹੁ ਕਹ ਜਾਹੋ ॥**
**ਨਾਨਕੁ ਬੋਲੈ ਸੁਣਿ ਬੈਰਾਗੀ ਕਿਆ ਤੁਮਾਰਾ ਰਾਹੋ ॥੨॥**

ਤੀਜੀ ਸ਼ੈਲੀ ਪੰਜਾਬੀ ਰੂਪ ਦੀ ਹੈ। ਗੁਰੂ ਨਾਨਕ ਬਾਣੀ ਦਾ ਵੱਡਾ ਭਾਗ ਇਸੇ ਸ਼ੈਲੀ ਵਿਚ ਹੈ। ਇਸ ਦੇ ਉਦਾਹਰਣ ਲੱਭਣ ਲਈ ਕੋਈ ਬਹੁਤੀ ਭਾਲ ਨਹੀਂ ਕਰਨੀ ਪੈਂਦੀ। ਇਸ ਤੋਂ ਬਿਨਾ ਗੁਰੂ ਨਾਨਕ ਨੇ ਇੱਕ ਸ਼ਬਦ ਫਾਰਸੀ ਵਿਚ ਅਤੇ ਚਾਰ ਸਲੋਕ ਸਹਸਕ੍ਰਿਤੀ ਵਿਚ ਵੀ ਉਚਾਰੇ ਹਨ। ਪਰ ਇਨ੍ਹਾਂ ਦੀ ਉਨ੍ਹਾਂ ਦੀ ਸ਼ਬਦਾਵਲੀ ਜਾਂ ਸ਼ਬਦ-ਸ਼ੈਲੀ ਦਾ ਪ੍ਰਮੁੱਖ ਪ੍ਰਮਾਣ ਮੰਨਣਾ ਯੋਗ ਨਹੀਂ ਹੋਵੇਗਾ। ਸਿਰਫ ਇਤਨਾ ਕਹਿਣਾ ਹੀ ਕਾਫੀ ਹੋਵੇਗਾ ਕਿ ਆਪ ਦੀ ਬਹੁਤੀ ਰਚਨਾ ਦੀ ਬੋਲੀ ਪੰਜਾਬੀ ਹੈ, ਜਿਸ ਵਿਚ ਪ੍ਰਧਾਨ ਉਹ ਸ਼ਬਦ-ਸ਼ੈਲੀ ਹੈ ਜਿਸ ਨੂੰ ਅੱਜ ਕੱਲ੍ਹ ਕੇਂਦਰੀ ਪੰਜਾਬ ਕਿਹਾ ਜਾਂਦਾ ਹੈ।

ਗੁਰੂ ਨਾਨਕ ਜੀ ਦੇ ਬਾਣੀ ਸੰਸਾਰ ਦੀ ਜਿਵੇਂ ਜਿਵੇਂ ਖੋਜ ਕੀਤੀ ਜਾਵੇਗੀ ਤਿਵੇਂ ਤਿਵੇਂ ਗੁਰੂ ਨਾਨਕ ਜੀ ਹੋਰ ਮਹਾਨ ਵਚਿੱਤਰ ਅਤੇ ਲਾਸਾਨੀ ਦਿਖਾਈ ਦਿੰਦਾ ਜਾਵੇਗਾ। ਗੁਰੂ ਨਾਨਕ ਕਿਸੇ ਇੱਕ ਦੇਸ਼, ਕੌਮ ਜਾਂ ਜਾਤੀ ਦਾ ਨਾ ਹੋ ਕੇ ਸਾਰੀ ਮਨੁੱਖਤਾ ਅਤੇ ਸਮੁੱਚੇ ਵਿਸ਼ਵ ਦਾ ਸਰਵੋਤਮ ਕਵੀ ਹੈ।

ਸਾਹਿਤਿਕ ਕੌਸ਼ਲ ਦੀ ਦ੍ਰਿਸ਼ਟੀ ਤੋਂ ਸਿੱਧ ਗੋਸ਼ਟਿ ਇਕ ਲਾਸਾਨੀ ਰਚਨਾ ਹੈ। ਇਥੇ

www.sikhbookclub.com

ਗੁਰਬਾਣੀ ਦਾ ਇਲਹਾਮ ਦਾਰਸ਼ਨਿਕ ਸੰਵਾਦ ਦੇ ਪਰਿਪੇਖ ਵਿਚ ਪ੍ਰਸਤੁਤ ਹੋ ਰਿਹਾ ਹੈ। ਇਸ ਲਈ ਇਸ ਦਾ ਸਾਹਿਤਿਕ ਨਿਰੂਪਣ ਵੀ ਗੋਸ਼ਟਿ ਦੀ ਵਿਧੀ ਦੇ ਅੰਤਰਗਤ ਹੋਇਆ ਹੈ। ਭਾਵ ਦੀ ਬਦਲਦੀ ਪ੍ਰਕ੍ਰਿਤੀ ਦੇ ਅਨੁਰੂਪ ਹੀ ਰਚਨਾ ਦੀਆਂ (ਪਉੜੀਆਂ) ਵਿਸਤ੍ਰਿਤ ਅਤੇ ਸੰਕੁਚਿਤ ਹੋ ਜਾਂਦੀਆਂ ਹਨ। ਰਚਨਾ ਦੇ ਸਹਿਜ ਪ੍ਰਵਾਹ ਵਿਚ ਮਿਥਿਕ ਰੂਪਾਂ ਦੀ ਅਤਿ ਸੁੰਦਰ ਜੜਤ ਇਸ ਦੇ ਭਾਵ-ਸੰਸਾਰ ਦਾ ਯੋਗ ਸੰਚਾਰ ਸਿਰਜਣ ਦਾ ਵਾਹਨ ਬਣਦੀ ਹੈ। ਛੰਦਾਂ, ਅਲੰਕਾਰਾਂ ਦੀ ਖ਼ੂਬਸੂਰਤ ਵਰਤੋਂ ਇਸ ਦੇ ਉੱਚਤਮ ਸਾਹਿਤਿਕ ਮਿਆਰ ਦਾ ਪ੍ਰਤੱਖ ਪ੍ਰਮਾਣ ਹੈ। ਕੌਸ਼ਲਤਾ ਦੀ ਦ੍ਰਿਸ਼ਟੀ ਤੋਂ ਸਿੱਧ ਗੋਸ਼ਟਿ ਅਜੇਹੀ ਖ਼ੁਸ਼ਹਾਲ ਰਚਨਾ ਹੈ, ਜਿਸ ਦੀ ਵਸ਼ਿਸ਼ਟ ਪੱਧਰ ਦੀ ਰਚਨਾਤਮਕ-ਜੁਗਤ ਵਿਚ ਵਿਸ਼ਾ ਅਤੇ ਰੂਪ ਆਪਸ ਵਿਚ ਪੂਰੀ ਤਰ੍ਹਾਂ ਇਕ ਸੁਰ ਹਨ। ਸਿੱਧ ਗੋਸ਼ਟਿ ਦੀ ਸਮੁੱਚੀ ਰਚਨਾਤਮਕ ਜੁਗਤ ਦਾ ਇੱਕ ਅਤਿ ਮਹੱਤਵਪੂਰਨ ਪਾਸਾਰ ਇਸ ਦੀ ਸੰਗੀਤਕ ਜੁਗਤ ਹੈ ਜਿਸ ਸਦਕਾ ਇਹ ਰਚਨਾ ਇੱਕ ਸਾਹਿਤਿਕ ਪਾਠ ਨਾ ਰਹਿ ਕੇ ਇੱਕ ਵਸ਼ਿਸ਼ਟ ਪੱਧਰ ਦੀ ਸੰਗੀਤਕ ਕਿਰਤ ਵੀ ਬਣ ਜਾਂਦੀ ਹੈ।

www.sikhbookclub.com

# ਭਵਜਲੁ ਸਬਦਿ ਲੰਘਾਵਣਹਾਰੁ

## ਮੂਲ ਪਾਠ

**ਰਾਮਕਲੀ ਮਹਲਾ ੧**

**ਸਿਧ ਗੋਸਟਿ**

ੴ ਸਤਿਗੁਰ ਪ੍ਰਸਾਦਿ ॥

**ਸਿਧ ਸਭਾ ਕਰਿ ਆਸਣਿ ਬੈਠੇ ਸੰਤ ਸਭਾ ਜੈਕਾਰੋ ॥**
**ਤਿਸੁ ਆਗੈ ਰਹਰਾਸਿ ਹਮਾਰੀ ਸਾਚਾ ਅਪਰ ਅਪਾਰੋ ॥**
**ਮਸਤਕੁ ਕਾਟਿ ਧਰੀ ਤਿਸੁ ਆਗੈ ਤਨੁ ਮਨੁ ਆਗੈ ਦੇਉ ॥**
**ਨਾਨਕ ਸੰਤੁ ਮਿਲੈ ਸਚੁ ਪਾਈਐ ਸਹਜ ਭਾਇ ਜਸੁ ਲੇਉ ॥1॥**

ਪਦ ਅਰਥ :-ਸਿਧ=ਸਿੱਧ ਦੀ, ਪਰਮਾਤਮਾ ਦੀ। ਸਭਾ=ਮਜਲਸ। ਸਿਧ ਸਭਾ=ਰੱਬੀ ਮਜਲਸ, ਉਹ ਇਕੱਠ ਜਿਥੇ ਰੱਬ ਦੀਆਂ ਗੱਲਾਂ ਹੋ ਰਹੀਆਂ ਹੋਣ। ਕਰਿ=ਬਣਾ ਕੇ। ਆਸਣਿ=ਆਸਣ ਉਤੇ, ਭਾਵ, ਅਡੋਲ। ਜੈਕਾਰੋ=ਨਮਸਕਾਰ। ਤਿਸੁ ਆਗੈ=ਉਸ 'ਸੰਤ ਸਭਾ' ਅੱਗੇ। ਰਹਰਾਸਿ=ਅਰਦਾਸ। ਮਸਤਕੁ=ਮੱਥਾ, ਸਿਰ। ਧਰੀ=ਮੈਂ ਧਰਾਂ। ਸਹਜ ਭਾਇ=ਸੁਖੈਨ ਹੀ। ਜਸੁ ਲੇਉ=ਜਸ ਕਰਾਂ, ਪ੍ਰਭੂ ਦੇ ਗੁਣ ਗਾਵਾਂ।

ਅਰਥ :-ਸਾਡੀ ਨਮਸਕਾਰ ਉਹਨਾਂ ਸੰਤਾਂ ਦੀ ਸਭਾ ਨੂੰ ਹੈ ਜੋ 'ਰੱਬੀ ਮਜਲਸ' ਸਤਸੰਗ ਬਣਾ ਕੇ ਅਡੋਲ ਬੈਠੇ ਹਨ, ਸਾਡੀ ਅਰਦਾਸ ਉਸ ਸੰਤ-ਸਭਾ ਅੱਗੇ ਹੈ ਜਿਸ ਵਿਚ ਸਦਾ ਕਾਇਮ ਰਹਿਣ ਵਾਲਾ ਅਪਰ ਅਪਾਰ ਪ੍ਰਭੂ ਹੈ। ਮੈਂ ਉਸ ਸੰਤ-ਸਭਾ ਅੱਗੇ ਸਿਰ ਕੱਟ ਕੇ ਧਰ ਦਿਆਂ, ਤਨ ਤੇ ਮਨ ਭੇਟਾ ਰੱਖ ਦਿਆਂ ਤਾਂ ਜੋ ਸੁਖੈਨ ਹੀ ਪ੍ਰਭੂ ਦੇ ਗੁਣ ਗਾ ਸਕਾਂ, ਕਿਉਂਕਿ ਹੇ ਨਾਨਕ! ਸੰਤ ਮਿਲ ਪਏ ਤਾਂ ਰੱਬ ਮਿਲ ਪੈਂਦਾ ਹੈ।

**ਕਿਆ ਭਵੀਐ ਸਚਿ ਸੂਚਾ ਹੋਇ ॥**
**ਸਾਚ ਸਬਦ ਬਿਨੁ ਮੁਕਤਿ ਨ ਕੋਇ ॥1॥ ਰਹਾਉ ॥**
**ਕਵਨ ਤੁਮੇ ਕਿਆ ਨਾਉ ਤੁਮਾਰਾ ਕਉਨੁ ਮਾਰਗੁ ਕਉਨੁ ਸੁਆਓ ॥**
**ਸਾਚੁ ਕਹਉ ਅਰਦਾਸਿ ਹਮਾਰੀ ਹਉ ਸੰਤ ਜਨਾ ਬਲਿ ਜਾਓ ॥**

www.sikhbookclub.com

**ਕਹ ਬੈਸਹੁ ਕਹ ਰਹੀਐ ਬਾਲੇ ਕਹ ਆਵਹੁ ਕਹ ਜਾਹੋ ॥**
**ਨਾਨਕੁ ਬੋਲੈ ਸੁਣਿ ਬੈਰਾਗੀ ਕਿਆ ਤੁਮਾਰਾ ਰਾਹੋ ॥2॥..**

ਪਦ ਅਰਥ :- ਕਿਆ ਭਵੀਐ=ਭੌਣ ਦਾ ਕੀਹ ਲਾਭ? ਦੇਸ ਦੇਸਾਂਤਰਾਂ ਅਤੇ ਤੀਰਥਾਂ ਤੇ ਭੌਣ ਦਾ ਕੀਹ ਲਾਭ? ਸਚਿ='ਸੱਚ' ਵਿਚ, ਸਦਾ ਕਾਇਮ ਰਹਿਣ ਵਾਲੇ ਪ੍ਰਭੂ ਨਾਲ ਜੁੜਿਆਂ । ਸੂਚਾ=ਪਵਿਤ੍ਰ । ਰਹਾਉ=ਠਹਰ ਜਾਓ, ਭਾਵ, ਇਸ ਸਾਰੀ ਲੰਮੀ ਬਾਨੀ ਦਾ 'ਮੁੱਖ ਭਾਵ' ਇਹਨਾਂ ਦੋ ਤੁਕਾਂ ਵਿਚ ਹੈ । ਤੁਮ੍ਹੇ=ਅੱਖਰ 'ਮ' ਦੇ ਨਾਲ ਅੱਧਾ 'ਹ' ਹੈ । ਮਾਰਗੁ=ਰਸਤਾ, ਪੰਥ, ਮਤ । ਸੁਆਓ=ਮਨੋਰਥ, ਪ੍ਰਯੋਜਨ । ਕਹਉ=ਮੈਂ ਕਹਿੰਦਾ ਹਾਂ, ਮੈਂ ਜਪਦਾ ਹਾਂ । ਹਉ=ਮੈਂ । ਕਹ=ਕਿਥੇ? ਕਿਸ ਦੇ ਆਸਰੇ ? ਬੈਸਹੁ=ਤੁਸੀਂ ਬੈਠਦੇ ਹੋ, ਸ਼ਾਂਤ-ਚਿੱਤ ਹੁੰਦੇ ਹੋ। ਬਾਲੇ=ਹੇ ਬਾਲਕ ! ਕਹ=ਕਿੱਥੇ? ਨਾਨਕੁ ਬੋਲੈ=ਨਾਨਕ ਆਖਦਾ ਹੈ ਕਿ ਜੋਗੀ ਨੇ ਪੁਛਿਆ । ਬੈਰਾਗੀ=ਹੇ ਬੈਰਾਗੀ ! ਹੇ ਵੈਰਾਗਵਾਨ ! ਹੇ ਸੰਤ ਜੀ !, ਸਾਚੁ=ਸਦਾ ਕਾਇਮ ਰਹਿਣ ਵਾਲਾ ਪ੍ਰਭੂ, ਰਾਹੋ=ਰਾਹੁ, ਮਤ, ਮਾਰਗ ।

ਅਰਥ :- ਹੇ ਚਰਪਟ ! ਦੇਸ-ਦੇਸਾਂਤਰਾਂ ਅਤੇ ਤੀਰਥਾਂ ਤੇ, ਭੌਣ ਦਾ ਕੀਹ ਲਾਭ ? ਸਦਾ ਕਾਇਮ ਰਹਿਣ ਵਾਲੇ ਪ੍ਰਭੂ ਵਿਚ ਜੁੜਿਆਂ ਹੀ ਪਵਿਤ੍ਰ ਹੋਈਦਾ ਹੈ, ਸਤਿਗੁਰੂ ਦੇ ਸੱਚੇ ਸ਼ਬਦ ਤੋਂ ਬਿਨਾ "ਦੁਨੀਆ ਸਾਗਰ ਦੁਤਰ ਤੋਂ" ਖ਼ਲਾਸੀ ਨਹੀਂ ਹੁੰਦੀ ॥1॥ ਰਹਾਉ ॥

ਚਰਪਟ ਜੋਗੀ ਨੇ ਪੁੱਛਿਆ-ਤੁਸੀਂ ਕੌਣ ਹੋ? ਤੁਹਾਡਾ ਕੀ ਨਾਮ ਹੈ? ਤੁਹਾਡਾ ਕੀ ਮਤ ਹੈ? ਉਸ ਮਤ ਦਾ ਕੀ ਮਨੋਰਥ ਹੈ?

ਗੁਰੂ ਨਾਨਕ ਦੇਵ ਜੀ ਦਾ ਉੱਤਰ------ ਮੈਂ ਸਦਾ ਕਾਇਮ ਰਹਿਣ ਵਾਲੇ ਪ੍ਰਭੂ ਨੂੰ ਜਪਦਾ ਹਾਂ। ਸਾਡੀ ਪ੍ਰਭੂ ਅਗੇ ਹੀ ਸਦਾ ਅਰਦਾਸਿ ਹੈ ਅਤੇ ਮੈਂ ਸੰਤ ਜਨਾਂ ਤੋਂ ਸਦਕੇ ਜਾਂਦਾ ਹਾਂ। ਬੱਸ ! ਇਹ ਮੇਰਾ ਮਤ ਹੈ । ਨਾਨਕ ਆਖਦਾ ਹੈ ਚਰਪਟ ਨੇ ਪੁੱਛਿਆ-ਹੇ ਬਾਲਕ ! ਤੁਸੀਂ ਕਿਸ ਦੇ ਆਸਰੇ ਸ਼ਾਂਤ-ਚਿੱਤ ਹੋ? ਤੁਹਾਡੀ ਸੁਰਤਿ ਕਿਸ ਵਿਚ ਜੁੜਦੀ ਹੈ? ਕਿੱਥੋਂ ਆਉਂਦੇ ਹੋ? ਕਿੱਥੇ ਜਾਂਦੇ ਹੋ? ਹੇ ਸੰਤ ! ਸੁਣ, ਤੇਰਾ ਕੀਹ ਮਤ ਹੈ?

**ਘਟਿ ਘਟਿ ਬੈਸਿ ਨਿਰੰਤਰਿ ਰਹੀਐ ਚਾਲਹਿ ਸਤਿਗੁਰ ਭਾਏ ॥**
**ਸਹਜੇ ਆਏ ਹੁਕਮਿ ਸਿਧਾਏ ਨਾਨਕ ਸਦਾ ਰਜਾਏ ॥**
**ਆਸਣਿ ਬੈਸਣਿ ਥਿਰੁ ਨਾਰਾਇਣੁ ਐਸੀ ਗੁਰਮਤਿ ਪਾਏ ॥**
**ਗੁਰਮੁਖਿ ਬੂਝੈ ਆਪੁ ਪਛਾਣੈ ਸਚੇ ਸਚਿ ਸਮਾਏ ॥3॥**

ਪਦ ਅਰਥ :-ਘਟਿ=ਘਟ ਵਿਚ, ਸਰੀਰ ਵਿਚ । ਘਟਿ ਘਟਿ=ਹਰੇਕ ਘਟ ਵਿਚ, ਹਰੇਕ ਸਰੀਰ ਵਿਚ, ਭਾਵ, ਹਰੇਕ ਘਟ ਵਿਚ ਵਿਆਪਕ ਪ੍ਰਭੂ ਦੀ ਯਾਦ ਅੰਦਰ। ਬੈਸਿ =ਬੈਠ ਕੇ, ਟਿਕ ਕੇ । ਨਿਰੰਤਰਿ=ਨਿਰ-ਅੰਤਰਿ, ਇਕ-ਰਸ, ਸਦਾ। ਅੰਤਰ=ਵਿੱਥ, ਵਕਫ਼ਾ। ਰਹੀਐ=ਰਹੀਦਾ ਹੈ, ਸੁਰਤਿ ਜੁੜਦੀ ਹੈ । ਭਾਏ=ਭਾਉ ਵਿਚ, ਮਰਜ਼ੀ ਵਿਚ।

www.sikhbookclub.com

ਸਹਜੇ=ਸੁਤੇ ਹੀ । ਹੁਕਮਿ=ਹੁਕਮ ਵਿਚ । ਸਿਧਾਏ=ਫਿਰਦੇ ਹਾਂ। ਰਜਾਏ=ਰਜ਼ਾ ਵਿਚ। ਆਸਣਿ=ਆਸਣ ਵਾਲਾ । ਬੈਸਣਿ=ਬੈਠਣ ਵਾਲਾ । ਥਿਰੁ=ਕਾਇਮ ਰਹਿਣ ਵਾਲਾ। ਬੂਝੈ=ਸਮਝ ਵਾਲਾ ਬਣਦਾ ਹੈ, ਗਿਆਨਵਾਨ ਹੁੰਦਾ ਹੈ। ਆਪੁ=ਆਪਣੇ ਆਪ ਨੂੰ।

ਅਰਥ :- ਸਤਿਗੁਰੂ ਜੀ ਦਾ ਉੱਤਰ ਹੇ ਚਰਪਟ! ਸਰਬ-ਵਿਆਪਕ ਪ੍ਰਭੂ ਦੀ ਯਾਦ ਵਿਚ ਜੁੜ ਕੇ ਸਦਾ ਸ਼ਾਂਤ-ਚਿੱਤ ਰਹੀਦਾ ਹੈ। ਅਸੀਂ ਸਤਿਗੁਰੂ ਦੀ ਮਰਜ਼ੀ ਵਿਚ ਚੱਲਦੇ ਹਾਂ। ਹੇ ਨਾਨਕ! ਪ੍ਰਭੂ ਦੇ ਹੁਕਮ ਵਿਚ ਸੁਤੇ ਹੀ ਜਗਤ ਵਿਚ ਆਏ, ਹੁਕਮ ਵਿਚ ਵਿਚਰ ਰਹੇ ਹਾਂ, ਸਦਾ ਉਸ ਦੀ ਰਜ਼ਾ ਵਿਚ ਹੀ ਰਹਿੰਦੇ ਹਾਂ। ਪੱਕੇ ਆਸਣ ਵਾਲਾ, ਸਦਾ ਟਿਕੇ ਰਹਿਣ ਵਾਲਾ ਤੇ ਕਾਇਮ ਰਹਿਣ ਵਾਲਾ ਪ੍ਰਭੂ ਆਪ ਹੀ ਹੈ, ਅਸਾਂ ਇਹੀ ਗੁਰ-ਸਿੱਖਿਆ ਲਈ ਹੈ। ਗੁਰੂ ਦੇ ਦੱਸੇ ਰਾਹ ਤੇ ਤੁਰਨ ਵਾਲਾ ਮਨੁੱਖ ਗਿਆਨਵਾਨ ਹੋ ਜਾਂਦਾ ਹੈ, ਆਪਣੇ ਆਪ ਨੂੰ ਪਛਾਣਦਾ ਹੈ, ਤੇ, ਸਦਾ ਸੱਚੇ ਪ੍ਰਭੂ ਵਿਚ ਜੁੜਿਆ ਰਹਿੰਦਾ ਹੈ।

**ਦੁਨੀਆ ਸਾਗਰੁ ਦੁਤਰੁ ਕਹੀਐ ਕਿਉ ਕਰਿ ਪਾਈਐ ਪਾਰੋ ॥**
**ਚਰਪਟੁ ਬੋਲੈ ਅਉਧੂ ਨਾਨਕ ਦੇਹੁ ਸਚਾ ਬੀਚਾਰੋ ॥**
**ਆਪੇ ਆਖੈ ਆਪੇ ਸਮਝੈ ਤਿਸੁ ਕਿਆ ਉਤਰੁ ਦੀਜੈ ॥**
**ਸਾਚੁ ਕਹਹੁ ਤੁਮ ਪਾਰਗਰਾਮੀ ਤੁਝੁ ਕਿਆ ਬੈਸਣੁ ਦੀਜੈ ॥4॥**

ਪਦ ਅਰਥ :- ਦੁਤਰੁ=ਦੁੱਤਰੁ, ਦੁਸ-ਤੁਰ, ਜਿਸ ਨੂੰ ਤਰਨਾ ਔਖਾ ਹੈ। ਕਿਉਕਰਿ= ਕਿਵੇਂ? ਕਿਸ ਤਰ੍ਹਾਂ? ਪਾਰੋ=ਪਾਰਲਾ ਕੰਢਾ । ਅਉਧੂ=ਵਿਰਕਤ । ਸਾਚੁ ਕਹਹੁ=ਸਦਾ ਕਾਇਮ ਰਹਿਣ ਵਾਲੇ ਪ੍ਰਭੂ ਨੂੰ ਜਪੋ । ਪਾਰਗਰਾਮੀ=ਸੰਸਾਰ-ਸਮੁੰਦਰ ਤੋਂ ਪਾਰ ਲੰਘਣ ਵਾਲਾ । ਬੈਸਣੁ=ਉਕਾਈ, ਨੁਕਸ ।

ਅਰਥ :- ਚਰਪਟ ਆਖਦਾ ਹੈ ਭਾਵ, ਚਰਪਟ ਨੇ ਆਖਿਆ ਕਿ ਜਗਤ ਇਕ ਐਸਾ ਸਮੁੰਦਰ ਕਿਹਾ ਜਾਂਦਾ ਹੈ ਜਿਸ ਨੂੰ ਤਰਨਾ ਔਖਾ ਹੈ, ਹੇ ਵਿਰਕਤ ਨਾਨਕ! ਠੀਕ ਵਿਚਾਰ ਦੱਸ ਕਿ ਇਸ ਸਮੁੰਦਰ ਦਾ ਪਾਰਲਾ ਕੰਢਾ ਕਿਵੇਂ ਲੱਭੇ।

ਉੱਤਰ :-ਜੋ ਮਨੁੱਖ ਜੋ ਕੁਝ ਆਪ ਆਖਦਾ ਹੈ ਤੇ ਆਪ ਹੀ ਉਸ ਨੂੰ ਸਮਝਦਾ ਭੀ ਹੈ ਉਸ ਨੂੰ ਉਸ ਦੇ ਪ੍ਰਸ਼ਨ ਦਾ ਉੱਤਰ ਦੇਣ ਦੀ ਲੋੜ ਨਹੀਂ ਹੁੰਦੀ; ਇਸ ਵਾਸਤੇ, ਹੇ ਚਰਪਟ! ਤੇਰੇ ਪ੍ਰਸ਼ਨ ਵਿਚ ਕੋਈ ਉਕਾਈ ਲੱਭਣ ਦੀ ਲੋੜ ਨਹੀਂ, ਉਂਝ ਉੱਤਰ ਇਹ ਹੈ ਕਿ ਸਦਾ ਕਾਇਮ ਰਹਿਣ ਵਾਲੇ ਪ੍ਰਭੂ ਨੂੰ ਜਪੋ ਤਾਂ ਤੁਸੀਂ ਇਸ 'ਦੁਤਰੁ ਸਾਗਰੁ' ਤੋਂ ਪਾਰ ਲੰਘ ਜਾਉਗੇ ।

**ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥**
**ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥**
**ਰਹਹਿ ਇਕਾਂਤਿ ਏਕੋ ਮਨਿ ਵਸਿਆ ਆਸਾ ਮਾਹਿ ਨਿਰਾਸੋ ॥**

www.sikhbookclub.com

**ਅਗਮੁ ਅਗੋਚਰੁ ਦੇਖਿ ਦਿਖਾਏ ਨਾਨਕੁ ਤਾ ਕਾ ਦਾਸੋ ॥5॥**

ਪਦ ਅਰਥ :-ਨਿਰਾਲਮੁ=ਨਿਰਾਲੰਭ, (ਨਿਰ+ਆਲੰਭ), ਨਿਰ-ਆਸਰਾ, ਨਿਰਾਲਾ, (ਨਿਰ+ਆਲਯ) ਵੱਖਰਾ। ਨੈ=ਨਈ, ਨਦੀ ਵਿਚ। ਸਾਣੇ=ਜਿਵੇਂ। ਸਬਦਿ=ਸ਼ਬਦ ਵਿਚ। ਵਖਾਣੇ=ਵਖਾਣਿ, ਵਖਾਣ ਕੇ, ਜਪ ਕੇ। ਅਗਮੁ=ਅ-ਗਮ, ਜਿਸ ਤਕ ਜਾਇਆ ਨ ਜਾ ਸਕੇ (ਗਮ=ਜਾਣਾ)। ਅਗੋਚਰ=ਅ-ਗੋ-ਚਰ (ਅ-ਨਹੀਂ। ਗੋ=ਗਿਆਨ ਇੰਦ੍ਰੇ। ਚਰ=ਅੱਪੜਨਾ), ਜਿਸ ਤਕ ਗਿਆਨ-ਇੰਦ੍ਰਿਆਂ ਦੀ ਪਹੁੰਚ ਨਾਹ ਹੋ ਸਕੇ।

ਅਰਥ :-ਜਿਵੇਂ ਪਾਣੀ ਵਿਚ ਉੱਗਿਆ ਹੋਇਆ ਕੰਵਲ ਦਾ ਫੁੱਲ ਪਾਣੀ ਨਾਲੋਂ ਨਿਰਾਲਾ ਰਹਿੰਦਾ ਹੈ, ਜਿਵੇਂ ਨਦੀ ਵਿਚ ਤਰਦੀ ਮੁਰਗਾਈ ਭਾਵ, ਉਸ ਦੇ ਖੰਭ ਪਾਣੀ ਨਾਲ ਨਹੀਂ ਭਿੱਜਦੇ, ਇਸੇ ਤਰ੍ਹਾਂ ਹੇ ਨਾਨਕ! ਗੁਰੂ ਦੇ ਸ਼ਬਦ ਵਿਚ ਸੁਰਤਿ ਜੋੜ ਕੇ ਨਾਮ ਜਪਿਆਂ ਸੰਸਾਰ-ਸਮੁੰਦਰ ਤਰ ਸਕੀਦਾ ਹੈ। ਜੋ ਮਨੁੱਖ ਸੰਸਾਰ ਦੀਆਂ ਆਸਾਂ ਵਲੋਂ ਨਿਰਾਸ ਰਹਿੰਦੇ ਹਨ, ਜਿਨ੍ਹਾਂ ਦੇ ਮਨ ਵਿਚ ਇਕ ਪ੍ਰਭੂ ਹੀ ਵੱਸਦਾ ਹੈ ਉਹ ਸੰਸਾਰ ਵਿਚ ਰਹਿੰਦੇ ਹੋਏ ਭੀ ਸੰਸਾਰ ਤੋਂ ਲਾਂਭੇ ਇਕਾਂਤ ਵਿਚ ਵੱਸਦੇ ਹਨ। ਅਜੇਹੇ ਜੀਵਨ ਵਾਲਾ ਜੋ ਮਨੁੱਖ ਅਗੰਮ ਤੇ ਅਗੋਚਰ ਪ੍ਰਭੂ ਦਾ ਦਰਸ਼ਨ ਕਰ ਕੇ ਹੋਰਨਾਂ ਨੂੰ ਦਰਸ਼ਨ ਕਰਵਾਉਂਦਾ ਹੈ, ਨਾਨਕ ਉਸ ਦਾ ਦਾਸ ਹੈ।

**ਸੁਣਿ ਸੁਆਮੀ ਅਰਦਾਸਿ ਹਮਾਰੀ ਪੂਛਉ ਸਾਚੁ ਬੀਚਾਰੋ ॥**
**ਰੋਸੁ ਨ ਕੀਜੈ ਉਤਰੁ ਦੀਜੈ ਕਿਉ ਪਾਈਐ ਗੁਰ ਦੁਆਰੋ ॥**
**ਇਹੁ ਮਨੁ ਚਲਤਉ ਸਚ ਘਰਿ ਬੈਸੈ ਨਾਨਕ ਨਾਮੁ ਅਧਾਰੋ ॥**
**ਆਪੇ ਮੇਲਿ ਮਿਲਾਏ ਕਰਤਾ ਲਾਗੈ ਸਾਚਿ ਪਿਆਰੋ ॥6॥**

ਪਦ ਅਰਥ :-ਸਾਚੁ=ਸਹੀ, ਠੀਕ। ਰੋਸੁ=ਗੁੱਸਾ। ਗੁਰਦੁਆਰੋ=ਗੁਰੂ ਦਾ ਦਰ। ਚਲਤਉ=ਚੰਚਲ। ਸਚ ਘਰਿ=ਸੱਚੇ ਦੇ ਘਰ ਵਿਚ, ਸਦਾ ਕਾਇਮ ਰਹਿਣ ਵਾਲੇ ਪ੍ਰਭੂ ਦੀ ਯਾਦ ਵਿਚ। ਅਧਾਰੋ=ਆਸਰਾ। ਸਾਚਿ=ਸੱਚੇ ਪ੍ਰਭੂ ਵਿਚ।

ਅਰਥ :-ਚਰਪਟ ਦਾ ਪ੍ਰਸ਼ਨ, ਹੇ ਸੁਆਮੀ ! ਮੇਰੀ ਬੇਨਤੀ ਸੁਣ, ਮੈਂ ਸਹੀ ਵਿਚਾਰ ਪੁੱਛਦਾ ਹਾਂ; ਗੁੱਸਾ ਨਾਹ ਕਰਨਾ, ਉੱਤਰ ਦੇਣਾ ਕਿ ਗੁਰੂ ਦਾ ਦਰ ਕਿਵੇਂ ਪ੍ਰਾਪਤ ਹੁੰਦਾ ਹੈ? ਭਾਵ, ਕਿਵੇਂ ਪਤਾ ਲੱਗੇ ਕਿ ਗੁਰੂ ਦਾ ਦਰ ਪ੍ਰਾਪਤ ਹੋ ਗਿਆ ਹੈ ?

ਉੱਤਰ :-ਜਦੋਂ ਸੱਚ-ਮੁਚ ਗੁਰੂ ਦਾ ਦਰ ਪ੍ਰਾਪਤ ਹੋ ਜਾਂਦਾ ਹੈ ਤਦੋਂ ਹੇ ਨਾਨਕ! ਇਹ ਚੰਚਲ ਮਨ ਪ੍ਰਭੂ ਦੀ ਯਾਦ ਵਿਚ ਜੁੜਿਆ ਰਹਿੰਦਾ ਹੈ, ਪ੍ਰਭੂ ਦਾ ਨਾਮ ਜਿੰ.ਦਗੀ ਦਾ ਆਸਰਾ ਹੋ ਜਾਂਦਾ ਹੈ। ਪਰ ਇਹੋ ਜਿਹਾ ਪਿਆਰ ਸੱਚੇ ਪ੍ਰਭੂ ਵਿਚ ਤਦੋਂ ਹੀ ਲੱਗਦਾ ਹੈ ਜਦੋਂ ਕਰਤਾਰ ਆਪ ਜੀਵ ਨੂੰ ਆਪਣੀ ਯਾਦ ਵਿਚ ਜੋੜ ਲੈਂਦਾ ਹੈ ॥6॥

**ਹਾਟੀ ਬਾਟੀ ਰਹਹਿ ਨਿਰਾਲੇ ਰੂਖਿ ਬਿਰਖਿ ਉਦਿਆਨੇ ॥**

www.sikhbookclub.com

**ਕੰਦ ਮੂਲੁ ਅਹਾਰੋ ਖਾਈਐ ਅਉਧੂ ਬੋਲੈ ਗਿਆਨੇ ॥**
**ਤੀਰਥਿ ਨਾਈਐ ਸੁਖੁ ਫਲੁ ਪਾਈਐ ਮੈਲੁ ਨ ਲਾਗੈ ਕਾਈ॥**
**ਗੋਰਖ ਪੂਤੁ ਲੋਹਾਰੀਪਾ ਬੋਲੈ ਜੋਗ ਜੁਗਤਿ ਬਿਧਿ ਸਾਈ॥7॥**

ਪਦ ਅਰਥ :- ਹਾਟੀ=ਮੇਲਾ, ਮੰਡੀ, ਦੁਕਾਨ। ਰੂਖਿ=ਰੁੱਖ ਹੇਠ। ਬਿਰਖਿ=ਬਿਰਖ ਹੇਠ। ਉਦਿਆਨੇ=ਜੰਗਲ ਵਿਚ। ਕੰਦ=ਧਰਤੀ ਦੇ ਅੰਦਰ ਉੱਗਣ ਵਾਲੀਆਂ ਗਾਜਰ ਮੂਲੀ ਵਰਗੀਆਂ ਸਬਜ਼ੀਆਂ। ਕੰਦ-ਮੂਲੁ=ਮੂਲੀ। ਅਹਾਰੋ=ਖ਼ੁਰਾਕ। ਅਉਧੂ=ਵਿਰਕਤ, ਜੋਗੀ। ਬੋਲੈ=ਭਾਵ, ਬੋਲਿਆ। ਤੀਰਥਿ=ਤੀਰਥ ਉਤੇ। ਗੋਰਖ ਪੂਤੁ=ਗੋਰਖਨਾਥ ਦਾ ਚੇਲਾ। ਸਾਈ=ਇਹੀ।

ਅਰਥ :-ਜੋਗੀ ਨੇ ਜੋਗ ਦਾ ਗਿਆਨ-ਮਾਰਗ ਇਉਂ ਦੱਸਿਆ ਕਿ ਅਸੀਂ ਦੁਨੀਆ ਦੇ ਮੇਲਿਆਂ-ਮਸਾਧਿਆਂ ਭਾਵ, ਸੰਸਾਰਕ ਝਮੇਲਿਆਂ ਤੋਂ ਵੱਖਰੇ ਜੰਗਲ ਵਿਚ ਕਿਸੇ ਰੁੱਖ-ਬਿਰਖ ਹੇਠ ਰਹਿੰਦੇ ਹਾਂ ਤੇ ਗਾਜਰ-ਮੂਲੀ ਉਤੇ ਗੁਜ਼ਾਰਾ ਕਰਦੇ ਹਾਂ; ਤੀਰਥ ਤੇ ਇਸ਼ਨਾਨ ਕਰਦੇ ਹਾਂ; ਇਸ ਦਾ ਫਲ ਮਿਲਦਾ ਹੈ 'ਸੁਖ', ਤੇ ਮਨ ਨੂੰ ਕੋਈ ਮੈਲ ਭੀ ਨਹੀਂ ਲੱਗਦੀ। ਗੋਰਖਨਾਥ ਦਾ ਚੇਲਾ ਲੋਹਾਰੀਪਾ ਬੋਲਿਆ ਕਿ ਇਹੀ ਹੈ ਜੋਗ ਦੀ ਜੁਗਤੀ, ਜੋਗ ਦੀ ਵਿਧੀ।

**ਹਾਟੀ ਬਾਟੀ ਨੀਦ ਨ ਆਵੈ ਪਰ ਘਰਿ ਚਿਤੁ ਨ ਡੁਲਾਈ ॥**
**ਬਿਨੁ ਨਾਵੈ ਮਨੁ ਟੇਕ ਨ ਟਿਕਈ ਨਾਨਕ ਭੂਖ ਨ ਜਾਈ ॥**
**ਹਾਟੁ ਪਟਣੁ ਘਰੁ ਗੁਰੂ ਦਿਖਾਇਆ ਸਹਜੇ ਸਚੁ ਵਾਪਾਰੋ ॥**
**ਖੰਡਿਤ ਨਿਦ੍ਰਾ ਅਲਪ ਅਹਾਰੰ ਨਾਨਕ ਤਤੁ ਬੀਚਾਰੋ ॥8॥**

ਪਦ ਅਰਥ :-ਭੂਖ=ਤ੍ਰਿਸ਼ਨਾ, ਲਾਲਚ। ਹਾਟੁ=ਅਸਲੀ ਵਪਾਰ 'ਨਾਮ' ਵਿਹਾਝਣ ਵਾਸਤੇ ਦੁਕਾਨ। ਪਟਣੁ=ਸ਼ਹਿਰ। ਸਹਜੇ=ਸਹਿਜ, ਸਹਜ-ਅਵਸਥਾ ਵਿਚ ਟਿਕ ਕੇ, ਅਡੋਲ ਰਹਿ ਕੇ। ਖੰਡਿਤ=ਘੱਟ ਕੀਤੀ ਹੋਈ। ਅਲਪ=ਥੋੜ੍ਹਾ।

ਅਰਥ :-ਹੇ ਨਾਨਕ! ਅਸਲ ਗਿਆਨ ਦੀ ਵਿਚਾਰ ਇਹ ਹੈ ਕਿ ਦੁਨੀਆ ਦੇ ਧੰਧਿਆਂ ਵਿਚ ਰਹਿੰਦਿਆਂ ਮਨੁੱਖ ਨੂੰ ਨੀਂਦ ਨਾਹ ਆਵੇ ਭਾਵ, ਧੰਧਿਆਂ ਵਿਚ ਹੀ ਨਾਹ ਗ਼ਰਕ ਹੋ ਜਾਏ, ਪਰਾਏ ਘਰ ਵਿਚ ਮਨ ਨੂੰ ਡੋਲਣ ਨਾਹ ਦੇਵੇ; ਪਰ ਹੇ ਨਾਨਕ! ਪ੍ਰਭੂ ਦੇ ਨਾਮ ਤੋਂ ਬਿਨਾ ਮਨ ਟਿਕ ਕੇ ਨਹੀਂ ਰਹਿ ਸਕਦਾ ਤੇ ਮਾਇਆ ਦੀ ਤ੍ਰਿਸ਼ਨਾ ਹਟਦੀ ਨਹੀਂ। ਜਿਸ ਮਨੁੱਖ ਨੂੰ ਸਤਿਗੁਰੂ ਨੇ ਨਾਮ ਵਿਹਾਝਣ ਦਾ ਅਸਲ ਟਿਕਾਣਾ, ਸ਼ਹਿਰ ਤੇ ਘਰ ਵਿਖਾ ਦਿੱਤਾ ਹੈ ਉਹ ਦੁਨੀਆ ਦੇ ਧੰਧਿਆਂ ਵਿਚ ਭੀ ਅਡੋਲ ਰਹਿ ਕੇ 'ਨਾਮ' ਵਿਹਾਝਦਾ ਹੈ; ਉਸ ਮਨੁੱਖ ਦੀ ਨੀਂਦ ਭੀ ਘੱਟ ਤੇ ਖ਼ੁਰਾਕ ਭੀ ਥੋੜ੍ਹੀ ਹੁੰਦੀ ਹੈ। ਭਾਵ, ਉਹ ਚਸਕਿਆਂ ਵਿਚ ਨਹੀਂ ਪੈਂਦਾ।

www.sikhbookclub.com

**ਦਰਸਨੁ ਭੇਖ ਕਰਹੁ ਜੋਗਿੰਦ੍ਰਾ ਮੁੰਦ੍ਰਾ ਝੋਲੀ ਖਿੰਥਾ ॥**
**ਬਾਰਹ ਅੰਤਰਿ ਏਕੁ ਸਰੇਵਹੁ ਖਟੁ ਦਰਸਨ ਇਕ ਪੰਥਾ ॥**
**ਇਨ ਬਿਧਿ ਮਨੁ ਸਮਝਾਈਐ ਪੁਰਖਾ ਬਾਹੁੜਿ ਚੋਟ ਨ ਖਾਈਐ ॥**
**ਨਾਨਕੁ ਬੋਲੈ ਗੁਰਮੁਖਿ ਬੂਝੈ ਜੋਗ ਜੁਗਤਿ ਇਵ ਪਾਈਐ ॥9॥**

ਪਦ ਅਰਥ :-ਦਰਸਨੁ=ਮਤ। ਜੋਗਿੰਦ੍ਰਾ=ਜੋਗੀ-ਰਾਜ ਦਾ। ਖਿੰਥਾ=ਗੋਦੜੀ। ਬਾਰਹ=ਜੋਗੀਆਂ ਦੇ 12 ਪੰਥ=ਰਾਵਲ, ਹੇਤੁ ਪੰਥ, ਪਾਵ ਪੰਥ, ਆਈ ਪੰਥ, ਗਮਝਯ ਪੰਥ, ਪਾਗਲ-ਪੰਥ, ਗੋਪਾਲ-ਪੰਥ, ਕੰਥੜੀ-ਪੰਥ, ਬਨ ਪੰਥ, ਧ੍ਰੂਜ ਪੰਥ, ਚੋਲੀ, ਦਾਸ ਪੰਥ। ਏਕੁ=ਇਕ 'ਆਈ ਪੰਥ', ਸਾਡਾ ਆਈ ਪੰਥ। ਸਰੇਵਹੁ=ਧਾਰਨ ਕਰੋ, ਕਬੂਲੋ। ਖਟੁ ਦਰਸਨ=ਛੇ ਭੇਖ=ਜੰਗਮ, ਜੋਗੀ, ਜੈਨੀ, ਸੰਨਿਆਸੀ, ਬੈਰਾਗੀ, ਬੈਸਨੋ। ਇਕ ਪੰਥਾ=ਸਾਡਾ ਜੋਗੀ-ਪੰਥ। ਪੁਰਖਾ=ਹੇ ਪੁਰਖ ਨਾਨਕ! ਗੁਰਮੁਖਿ=ਗੁਰੂ ਦੇ ਸਨਮੁਖ। ਇਵ= ਇਸ ਤਰ੍ਹਾਂ।

ਅਰਥ :-ਨਾਨਕ ਆਖਦਾ ਹੈ ਕਿ ਜੋਗੀ ਨੇ ਕਿਹਾ-ਹੇ ਪੁਰਖ ਨਾਨਕ! ਛੇ ਭੇਖਾਂ ਵਿਚ ਇਕ ਜੋਗੀ ਪੰਥ ਹੈ, ਉਸ ਦੇ ਬਾਰਾਂ ਫ਼ਿਰਕੇ ਹਨ, ਉਹਨਾਂ ਵਿਚੋਂ ਸਾਡੇ 'ਆਈ ਪੰਥ' ਨੂੰ ਧਾਰਨ ਕਰੋ, ਜੋਗੀਆਂ ਦੇ ਇਸ ਵੱਡੇ ਭੇਖ ਦਾ ਮਤ ਸਵੀਕਾਰ ਕਰੋ, ਮੁੰਦ੍ਰਾ, ਝੋਲੀ ਤੇ ਗੋਦੜੀ ਪਹਿਨੋ। ਹੇ ਪੁਰਖਾ! ਇਸ ਤਰ੍ਹਾਂ ਮਨ ਨੂੰ ਅਕਲ ਦਿੱਤੀ ਜਾ ਸਕਦੀ ਹੈ ਤੇ ਮੁੜ ਮਾਇਆ ਦੀ ਚੋਟ ਨਹੀਂ ਖਾਈਦੀ।

ਉੱਤਰ : ਨਾਨਕ ਆਖਦਾ ਹੈ-ਗੁਰੂ ਦੇ ਸਨਮੁਖ ਹੋਇਆਂ ਮਨੁੱਖ ਮਨ ਨੂੰ ਸਮਝਾਣ ਦਾ ਢੰਗ ਸਮਝਦਾ ਹੈ, ਜੋਗ ਦੀ ਜੁਗਤਿ ਇਸ ਤਰ੍ਹਾਂ ਲੱਭਦੀ ਹੈ ਕਿ ॥9॥

**ਅੰਤਰਿ ਸਬਦੁ ਨਿਰੰਤਰਿ ਮੁਦ੍ਰਾ ਹਉਮੈ ਮਮਤਾ ਦੂਰਿ ਕਰੀ॥**
**ਕਾਮੁ ਕ੍ਰੋਧੁ ਅਹੰਕਾਰੁ ਨਿਵਾਰੈ ਗੁਰ ਕੈ ਸਬਦਿ ਸੁ ਸਮਝ ਪਰੀ॥**
**ਖਿੰਥਾ ਝੋਲੀ ਭਰਿਪੁਰਿ ਰਹਿਆ ਨਾਨਕ ਤਾਰੈ ਏਕੁ ਹਰੀ॥**
**ਸਾਚਾ ਸਾਹਿਬੁ ਸਾਚੀ ਨਾਈ ਪਰਖੈ ਗੁਰ ਕੀ ਬਾਤ ਖਰੀ॥10॥**

ਪਦ ਅਰਥ:----------- ਅੰਤਰਿ=ਮਨ ਦੇ ਅੰਦਰ। ਨਿਰੰਤਰਿ=ਨਿਰ-ਅੰਤਰਿ, ਇੱਕ-ਰਸ, ਮਤਵਾਤਰ, ਸਦਾ। ਮਮ=ਮੇਰਾ। ਮਮਤਾ=ਮੇਰ-ਪਨ, ਅਪਣੱਤ, ਦੁਨੀਆਵੀ ਪਦਾਰਥਾਂ ਨੂੰ ਆਪਣਾ ਬਨਾਣ ਦਾ ਖ਼ਿਆਲ। ਨਿਵਾਰੈ=ਦੂਰ ਕਰਦਾ ਹੈ। ਸਬਦਿ=ਸ਼ਬਦ ਦੀ ਰਾਹੀਂ। ਸੁ=ਚੰਗੀ। ਭਰਿ ਪੁਰਿ=ਭਰਪੂਰ, ਨਕਾ-ਨਕ, ਸਭ ਥਾਈਂ ਮੌਜੂਦ। ਸਾਚਾ=ਸਦਾ ਕਾਇਮ ਰਹਿਣ ਵਾਲਾ। ਨਾਈ=ਵਡਿਆਈ। ਖਰੀ ਬਾਤ=ਖਰੀ ਗੱਲ ਦੀ ਰਾਹੀਂ, ਸੱਚੇ ਸ਼ਬਦ ਦੀ ਰਾਹੀਂ।

ਅਰਥ :-ਮਨ ਵਿਚ ਸਤਿਗੁਰੂ ਦੇ ਸ਼ਬਦ ਨੂੰ ਇੱਕ-ਰਸ ਵਸਾਣਾ, ਇਹ ਕੰਨਾਂ ਵਿਚ

www.sikhbookclub.com

ਮੁੰਦ੍ਰਾਂ ਪਾਉਣੀਆਂ ਹਨ, ਜੋ ਮਨੁੱਖ ਗੁਰ-ਸ਼ਬਦ ਨੂੰ ਵਸਾਂਦਾ ਹੈ ਉਹ ਆਪਣੀ ਹਉਮੈ ਅਤੇ ਮਮਤਾ ਨੂੰ ਦੂਰ ਕਰ ਲੈਂਦਾ ਹੈ; ਕਾਮ, ਕ੍ਰੋਧ ਅਤੇ ਅਹੰਕਾਰ ਨੂੰ ਮਿਟਾ ਲੈਂਦਾ ਹੈ, ਗੁਰੂ ਦੇ ਸ਼ਬਦ ਦੀ ਰਾਹੀਂ ਉਸ ਨੂੰ ਸੋਹਣੀ ਸੂਝ ਪੈ ਜਾਂਦੀ ਹੈ। ਹੇ ਨਾਨਕ! ਪ੍ਰਭੂ ਨੂੰ ਸਭ ਥਾਈਂ ਵਿਆਪਕ ਸਮਝਣਾ ਉਸ ਮਨੁੱਖ ਦੀ ਗੋਦੜੀ ਤੇ ਝੋਲੀ ਹੈ। ਸਤਿਗੁਰੂ ਦੇ ਸੱਚੇ ਸ਼ਬਦ ਦੀ ਰਾਹੀਂ ਉਹ ਮਨੁੱਖ ਇਹ ਨਿਰਨਾ ਕਰ ਲੈਂਦਾ ਹੈ ਕਿ ਇਕ ਪਰਮਾਤਮਾ ਹੀ ਮਾਇਆ ਦੀ ਚੋਟ ਤੋਂ ਬਚਾਂਦਾ ਹੈ ਜੋ ਸਦਾ ਕਾਇਮ ਰਹਿਣ ਵਾਲਾ ਮਾਲਕ ਹੈ ਤੇ ਜਿਸ ਦੀ ਵਡਿਆਈ ਭੀ ਸਦਾ ਟਿਕੀ ਰਹਿਣ ਵਾਲੀ ਹੈ।

**ਊਂਧਉ ਖਪਰੁ ਪੰਚ ਭੂ ਟੋਪੀ ॥**<br>
**ਕਾਂਇਆ ਕੜਾਸਣੁ ਮਨੁ ਜਾਗੋਟੀ ॥**<br>
**ਸਤੁ ਸੰਤੋਖੁ ਸੰਜਮੁ ਹੈ ਨਾਲਿ ॥**<br>
**ਨਾਨਕ ਗੁਰਮੁਖਿ ਨਾਮੁ ਸਮਾਲਿ ॥11॥**

ਪਦ ਅਰਥ :-ਊਂਧਉ=ਉਲਟਿਆ ਹੋਇਆ, ਸੰਸਾਰਕ ਖ਼ਾਹਸ਼ਾਂ ਵਲੋਂ ਮੁੜਿਆ ਹੋਇਆ। ਖਪਰੁ=ਜੋਗੀ ਜਾਂ ਮੰਗਤੇ ਦਾ ਉਹ ਪਿਆਲਾ ਜਿਸ ਵਿਚ ਭਿੱਖਿਆ ਪੁਆਂਦਾ ਹੈ। ਭੂ=ਤੱਤ। ਪੰਚਭੂ=ਪੰਜਾਂ ਤੱਤਾਂ ਦੇ ਉਪਕਾਰੀ ਗੁਣ=ਅਕਾਸ਼ ਦੀ ਨਿਰਲੇਪਤਾ; ਅਗਨੀ ਦਾ ਸੁਭਾਉ ਮੈਲ ਸਾੜਨਾ; ਵਾਯੂ ਦੀ ਸਮ-ਦਰਸਤਾ; ਜਲ ਦੀ ਸੀਤਲਤਾ; ਧਰਤੀ ਦੀ ਧੀਰਜ। ਕੜਾਸਣੁ=ਕਟ ਦਾ ਆਸਣ। ਕਟ=ਫੂਹੜੀ (a straw mat)। ਜਾਗੋਟੀ=ਲੰਗੋਟੀ। ਗੁਰਮੁਖਿ=ਗੁਰੂ ਦੀ ਰਾਹੀਂ। ਸਮਾਲਿ=ਸਮਾਲੇ, ਸਮ੍ਹਾਲਦਾ ਹੈ।

ਅਰਥ :-ਹੇ ਨਾਨਕ! ਜੋ ਮਨੁੱਖ ਗੁਰੂ ਦੀ ਰਾਹੀਂ ਪ੍ਰਭੂ ਦਾ ਨਾਮ ਯਾਦ ਕਰਦਾ ਹੈ, ਸੰਸਾਰਕ ਖ਼ਾਹਸ਼ਾਂ ਵਲੋਂ ਮੁੜੀ ਹੋਈ ਸੁਰਤਿ ਉਸ ਦਾ ਖੱਪਰ ਹੈ, ਪੰਜ ਤੱਤਾਂ ਦੇ ਦੈਵੀ ਗੁਣ ਉਸ ਦੀ ਟੋਪੀ ਹੈ, ਸਰੀਰ ਨੂੰ ਵਿਕਾਰਾਂ ਤੋਂ ਨਿਰਮਲ ਰੱਖਣਾ ਉਸ ਦਾ ਦੱਭ ਦਾ ਆਸਣ ਹੈ, ਵੱਸ ਵਿਚ ਆਇਆ ਹੋਇਆ ਮਨ ਉਸ ਦੀ ਲੰਗੋਟੀ ਹੈ, ਸਤ ਸੰਤੋਖ ਤੇ ਸੰਜਮ ਉਸ ਦੇ ਨਾਲ ਤਿੰਨ ਚੇਲੇ ਹਨ।

**ਕਵਨੁ ਸੁ ਗੁਪਤਾ ਕਵਨੁ ਸੁ ਮੁਕਤਾ ॥**<br>
**ਕਵਨੁ ਸੁ ਅੰਤਰਿ ਬਾਹਰਿ ਜੁਗਤਾ ॥**<br>
**ਕਵਨੁ ਸੁ ਆਵੈ ਕਵਨੁ ਸੁ ਜਾਇ ॥**<br>
**ਕਵਨੁ ਸੁ ਤ੍ਰਿਭਵਣਿ ਰਹਿਆ ਸਮਾਇ ॥12॥**

ਪਦ ਅਰਥ :-ਗੁਪਤਾ=ਲੁਕਿਆ ਹੋਇਆ। ਅੰਤਰਿ=ਅੰਦਰੋਂ। ਬਾਹਰਿ=ਬਾਹਰੋਂ। ਅੰਤਰਿ ਬਾਹਰਿ=ਭਾਵ ਮਨ ਦੀ ਰਾਹੀਂ ਅਤੇ ਸਰੀਰ ਦੀ ਰਾਹੀਂ। ਜੁਗਤਾ=ਜੁੜਿਆ ਹੋਇਆ, ਮਿਲਿਆ ਹੋਇਆ। ਆਵੈ ਜਾਇ=ਜੰਮਦਾ ਮਰਦਾ। ਤ੍ਰਿਭਵਣ=ਤਿੰਨਾਂ ਭਵਨਾਂ

www.sikhbookclub.com

ਦੇ ਮਾਲਕ ਵਿਚ, ਤਿੰਨ-ਭਵਨਾਂ-ਵਿਚ-ਵਿਆਪਕ ਪ੍ਰਭੂ ਵਿਚ (ਤਿੰਨ ਭਵਨ=ਆਕਾਸ਼, ਮਾਤ ਲੋਕ ਤੇ ਪਾਤਾਲ ਸੰ: ਤ੍ਰਿਭਵਨ)।

ਅਰਥ :- ਪ੍ਰਸ਼ਨ :-ਲੁਕਿਆ ਹੋਇਆ ਕੌਣ ਹੈ? ਉਹ ਕੌਣ ਹੈ ਜੋ ਮੁਕਤ ਹੈ? ਉਹ ਕੌਣ ਹੈ ਜੋ ਅੰਦਰੋਂ ਬਾਹਰੋਂ ਭਾਵ, ਜਿਸ ਦਾ ਮਨ ਭੀ ਤੇ ਸਰੀਰਕ ਇੰਦ੍ਰੇ ਭੀ ਮਿਲੇ ਹੋਏ ਹਨ, ਮਿਲਿਆ ਹੋਇਆ ਹੈ? ਸਦਾ ਜੰਮਦਾ ਮਰਦਾ ਕੌਣ ਹੈ? ਤ੍ਰਿਲੋਕੀ ਦੇ ਨਾਥ ਵਿਚ ਲੀਨ ਕੌਣ ਹੈ?

**ਘਟਿ ਘਟਿ ਗੁਪਤਾ ਗੁਰਮੁਖਿ ਮੁਕਤਾ॥**
**ਅੰਤਰਿ ਬਾਹਰਿ ਸਬਦਿ ਸੁ ਜੁਗਤਾ॥**
**ਮਨਮੁਖਿ ਬਿਨਸੈ ਆਵੈ ਜਾਇ॥**
**ਨਾਨਕ ਗੁਰਮੁਖਿ ਸਾਚਿ ਸਮਾਇ॥13॥**

ਪਦ ਅਰਥ :-ਘਟਿ ਘਟਿ=ਹਰੇਕ ਘਟ ਵਿਚ ਵਰਤਣ ਵਾਲਾ ਪ੍ਰਭੂ। ਗੁਰਮੁਖਿ=ਜੋ ਮਨੁੱਖ ਗੁਰੂ ਦੇ ਸਨਮੁਖ ਹੈ, ਜੋ ਗੁਰੂ ਦੇ ਦੱਸੇ ਰਾਹ ਤੇ ਤੁਰਦਾ ਹੈ। ਸਬਦਿ=ਸ਼ਬਦ ਵਿਚ ਜੁੜਿਆ ਹੋਇਆ। ਬਿਨਸੈ=ਨਾਸ ਹੁੰਦਾ ਹੈ। ਸਾਚਿ=ਸਦਾ ਕਾਇਮ ਰਹਿਣ ਵਾਲੇ ਪ੍ਰਭੂ ਵਿਚ।

ਅਰਥ :- ਉੱਤਰ :-ਜੋ ਪ੍ਰਭੂ ਹਰੇਕ ਸਰੀਰ ਵਿਚ ਮੌਜੂਦ ਹੈ ਉਹ ਗੁਪਤ ਹੈ; ਗੁਰੂ ਦੇ ਦੱਸੇ ਰਾਹ ਤੇ ਤੁਰਨ ਵਾਲਾ ਮਨੁੱਖ ਮਾਇਆ ਦੇ ਬੰਧਨਾਂ ਤੋਂ ਮੁਕਤ ਹੈ। ਜੋ ਮਨੁੱਖ ਗੁਰ-ਸ਼ਬਦ ਵਿਚ ਜੁੜਿਆ ਹੈ ਉਹ ਮਨ ਤੇ ਤਨ ਕਰ ਕੇ ਪ੍ਰਭੂ ਵਿਚ ਜੁੜਿਆ ਹੋਇਆ ਹੈ। ਮਨ ਦੇ ਪਿਛੇ ਤੁਰਨ ਵਾਲਾ ਮਨੁੱਖ ਜੰਮਦਾ ਮਰਦਾ ਰਹਿੰਦਾ ਹੈ। ਹੇ ਨਾਨਕ! ਗੁਰਮੁਖ ਮਨੁੱਖ ਸੱਚੇ ਪ੍ਰਭੂ ਵਿਚ ਲੀਨ ਰਹਿੰਦਾ ਹੈ।

**ਕਿਉ ਕਰਿ ਬਾਧਾ ਸਰਪਨਿ ਖਾਧਾ॥**
**ਕਿਉ ਕਰਿ ਖੋਇਆ ਕਿਉ ਕਰਿ ਲਾਧਾ॥**
**ਕਿਉ ਕਰਿ ਨਿਰਮਲੁ ਕਿਉ ਕਰਿ ਅੰਧਿਆਰਾ॥**
**ਇਹੁ ਤਤੁ ਬੀਚਾਰੈ ਸੁ ਗੁਰੂ ਹਮਾਰਾ॥14॥**

ਪਦ ਅਰਥ :-ਸਰਪਨਿ=ਸਪਣੀ, ਮਾਇਆ। ਕਿਉ ਕਰਿ=ਕਿਵੇਂ? ਸੁ ਗੁਰੂ ਹਮਾਰਾ=ਉਹ ਸਾਡਾ ਗੁਰੂ ਹੈ, ਅਸੀਂ ਉਸ ਨੂੰ ਆਪਣਾ ਗੁਰੂ ਮੰਨਾਂਗੇ, ਅਸੀਂ ਉਸ ਅੱਗੇ ਸਿਰ ਨਿਵਾਵਾਂਗੇ।

ਅਰਥ :-ਪ੍ਰਸ਼ਨ-ਇਹ ਜੀਵ ਕਿਵੇਂ ਐਸਾ ਬੱਝਾ ਪਿਆ ਹੈ ਕਿ ਸਪਣੀ ਮਾਇਆ ਇਸ ਨੂੰ ਖਾਈ ਜਾ ਰਹੀ ਹੈ ਤੇ ਇਹ ਅੱਗੋਂ ਆਪਣੇ ਬਚਾਉ ਲਈ ਭੱਜ ਭੀ ਨਹੀਂ ਸਕਦਾ? ਇਸ ਜੀਵ ਨੇ ਕਿਵੇਂ ਆਪਣੇ ਜੀਵਨ ਦਾ ਲਾਭ ਗੰਵਾ ਲਿਆ ਹੈ? ਕਿਵੇਂ ਮੁੜ ਉਹ ਲਾਹਾ ਲੱਭ

www.sikhbookclub.com

ਸਕੇ? ਇਹ ਜੀਵ ਕਿਵੇਂ ਪਵਿਤ੍ਰ ਹੋ ਸਕੇ? ਕਿਵੇਂ ਇਸ ਦੇ ਅੱਗੇ ਹਨੇਰਾ ਟਿਕਿਆ ਹੋਇਆ ਹੈ? ਜੋ ਇਸ ਅਸਲੀਅਤ ਨੂੰ ਠੀਕ ਤਰ੍ਹਾਂ ਵਿਚਾਰੇ, ਸਾਡੀ ਉਸ ਨੂੰ ਨਮਸਕਾਰ ਹੈ।

**ਦੁਰਮਤਿ ਬਾਧਾ ਸਰਪਨਿ ਖਾਧਾ॥**
**ਮਨਮੁਖਿ ਖੋਇਆ ਗੁਰਮੁਖਿ ਲਾਧਾ॥**
**ਸਤਿਗੁਰੁ ਮਿਲੈ ਅੰਧੇਰਾ ਜਾਇ॥**
**ਨਾਨਕ ਹਉਮੈ ਮੇਟਿ ਸਮਾਇ॥੧੫॥**

ਪਦ ਅਰਥ :-ਮੇਟਿ=ਮਿਟਾ ਕੇ।

ਅਰਥ :-ਉੱਤਰ :-ਇਹ ਜੀਵ ਭੈੜੀ ਮਤਿ ਵਿਚ ਇਉਂ ਬੱਝਾ ਪਿਆ ਹੈ ਕਿ ਸਪਣੀ ਮਾਇਆ ਇਸ ਨੂੰ ਖਾਈ ਜਾ ਰਹੀ ਹੈ ਤੇ ਇਹਨਾਂ ਚਸਕਿਆਂ ਵਿਚੋਂ ਇਸ ਦਾ ਨਿਕਲਣ ਨੂੰ ਜੀ ਨਹੀਂ ਕਰਦਾ। ਮਨ ਦੇ ਪਿੱਛੇ ਲੱਗਣ ਵਾਲੇ ਨੇ ਜੀਵਨ ਦਾ ਲਾਹਾ ਗਵਾ ਲਿਆ ਹੈ, ਤੇ, ਗੁਰੂ ਦੇ ਹੁਕਮ ਵਿਚ ਤੁਰਨ ਵਾਲੇ ਨੇ ਖੱਟ ਲਿਆ ਹੈ। ਮਾਇਆ ਦੇ ਚਸਕਿਆਂ ਦਾ ਹਨੇਰਾ ਤਾਂ ਹੀ ਦੂਰ ਹੁੰਦਾ ਹੈ ਜੇ ਸਤਿਗੁਰੂ ਮਿਲ ਪਏ ਭਾਵ, ਜੇ ਮਨੁੱਖ ਗੁਰੂ ਦੇ ਦੱਸੇ ਰਸਤੇ ਉਤੇ ਤੁਰਨ ਲੱਗ ਪਏ। ਹੇ ਨਾਨਕ! ਮਨੁੱਖ ਹਉਮੈ ਨੂੰ ਮਿਟਾ ਕੇ ਹੀ ਪ੍ਰਭੂ ਵਿਚ ਲੀਨ ਹੋ ਸਕਦਾ ਹੈ।

**ਸੁੰਨ ਨਿਰੰਤਰਿ ਦੀਜੈ ਬੰਧੁ॥**
**ਉਡੈ ਨ ਹੰਸਾ ਪੜੈ ਨ ਕੰਧੁ॥**
**ਸਹਜ ਗੁਫਾ ਘਰੁ ਜਾਣੈ ਸਾਚਾ॥**
**ਨਾਨਕ ਸਾਚੇ ਭਾਵੈ ਸਾਚਾ॥16॥**

ਪਦ ਅਰਥ:-----ਸੁੰਨ=ਸੰਸਕ੍ਰਿਤ ਸ਼ੂਨਯ ਅਫੁਰ ਪਰਮਾਤਮਾ, ਨਿਰਗੁਣ-ਸਰੂਪ ਪ੍ਰਭੂ। ਨਿਰੰਤਰਿ=ਇੱਕ-ਰਸ, ਲਗਾਤਾਰ। ਬੰਧੁ=ਬੰਨ੍ਹ, ਰੋਕ, ਬੰਨਾ। ਉਡੈ ਨ=ਭਟਕਦਾ ਨਹੀਂ। ਹੰਸਾ=ਜੀਵ, ਮਨ। ਕੰਧੁ=ਸਰੀਰ। ਨ ਪੜੈ=ਨਹੀਂ ਢਹਿੰਦਾ, ਛਿਜਦਾ ਨਹੀਂ। ਸਹਜ=ਮਨ ਦੀ ਉਹ ਹਾਲਤ ਜਦੋਂ ਇਹ ਅਡੋਲ ਹੈ, ਅਡੋਲਤਾ।

ਅਰਥ :- ਜੇ ਮਾਇਆ ਦੇ ਹੱਲਿਆਂ ਦੇ ਰਾਹ ਵਿਚ ਇਕ-ਰਸ ਅਫੁਰ ਪਰਮਾਤਮਾ ਦੀ ਯਾਦ ਦਾ ਇਕ ਅਟੁੱਟ ਬੰਨ੍ਹਾ ਬਣਾ ਦੇਈਏ, ਤਾਂ ਫਿਰ ਮਾਇਆ ਦੀ ਖ਼ਾਤਰ ਮਨ ਭਟਕਦਾ ਨਹੀਂ, ਤੇ ਸਰੀਰ ਭੀ ਛਿਜਦਾ ਨਹੀਂ ਭਾਵ, ਸਰੀਰ ਦੀ ਸੱਤਿਆ ਨਾਸ ਨਹੀਂ ਹੁੰਦੀ। ਹੇ ਨਾਨਕ! ਜੋ ਮਨੁੱਖ ਸਹਜ-ਅਵਸਥਾ ਦੀ ਗੁਫ਼ਾ ਨੂੰ ਆਪਣਾ ਸਦਾ ਟਿਕੇ ਰਹਿਣ ਦਾ ਘਰ ਸਮਝ ਲਏ ਭਾਵ, ਜਿਸ ਮਨੁੱਖ ਦਾ ਮਨ ਸਦਾ ਅਡੋਲ ਰਹੇ, ਉਹ ਪਰਮਾਤਮਾ ਦਾ ਰੂਪ ਹੋ ਕੇ ਉਸ ਪ੍ਰਭੂ ਨੂੰ ਪਿਆਰਾ ਲੱਗਣ ਲਗ ਪੈਂਦਾ ਹੈ।

**ਕਿਸੁ ਕਾਰਣਿ ਗ੍ਰਿਹੁ ਤਜਿਓ ਉਦਾਸੀ॥**

www.sikhbookclub.com

**ਕਿਸੁ ਕਾਰਣਿ ਇਹੁ ਭੇਖੁ ਨਿਵਾਸੀ॥**
**ਕਿਸੁ ਵਖਰ ਕੇ ਤੁਮ ਵਣਜਾਰੇ॥**
**ਕਿਉ ਕਰਿ ਸਾਥੁ ਲੰਘਾਵਹੁ ਪਾਰੇ॥17॥**

ਪਦ ਅਰਥ :-ਕਿਸੁ ਕਾਰਣੁ=ਕਾਹਦੇ ਲਈ? ਤਜਿਓ=ਤਿਆਗਿਆ ਸੀ। ਉਦਾਸੀ=ਵਿਰਕਤ ਹੋ ਕੇ। ਨਿਵਾਸੀ=ਧਾਰਨ ਵਾਲੇ ਹੋਏ ਸੀ। ਵਣਜਾਰੇ=ਵਪਾਰੀ। ਸਾਥੁ=(ਸੰਸਕ੍ਰਿਤ ਸਾਰਥੁ) ਕਾਫ਼ਲਾ।

ਅਰਥ :-ਪ੍ਰਸ਼ਨ :-ਜੇ 'ਹਾਟੀ ਬਾਟੀ' ਨੂੰ ਤਿਆਗਣਾ ਨਹੀਂ, ਤਾਂ ਤੁਸਾਂ ਕਿਉਂ ਘਰ ਛੱਡਿਆ ਸੀ ਤੇ 'ਉਦਾਸੀ' ਬਣੇ ਸੀ? ਕਿਉਂ ਇਹ ਉਦਾਸੀ ਭੇਖ ਧਾਰਿਆ ਸੀ? ਤੁਸੀ ਕਿਸ ਸੌਦੇ ਦੇ ਵਪਾਰੀ ਹੋ? ਆਪਣੇ ਸ਼ਰਧਾਲੂਆਂ ਦੀ ਜਮਾਤ ਨੂੰ ਇਸ 'ਦੁਤਰ ਸਾਗਰ' ਕਿਵੇਂ ਪਾਰ ਲੰਘਾਵੋਗੇ? ਭਾਵ, ਆਪਣੇ ਸਿੱਖਾਂ ਨੂੰ ਇਸ ਸੰਸਾਰ ਤੋਂ ਪਾਰ ਲੰਘਣ ਲਈ ਤੁਸਾਂ ਕੇਹੜਾ ਰਾਹ ਦੱਸਿਆ ਹੈ?

**ਗੁਰਮੁਖਿ ਖੋਜਤ ਭਏ ਉਦਾਸੀ॥**
**ਦਰਸਨ ਕੈ ਤਾਈ ਭੇਖ ਨਿਵਾਸੀ॥**
**ਸਾਚ ਵਖਰ ਕੇ ਹਮ ਵਣਜਾਰੇ..**
**ਨਾਨਕ ਗੁਰਮੁਖਿ ਉਤਰਸਿ ਪਾਰੇ॥18॥**

ਪਦ ਅਰਥ :-ਭਏ=ਬਣੇ ਸਾਂ। ਕੈ ਤਾਈ=ਦੀ ਖ਼ਾਤਰ। ਦਰਸਨ=ਗੁਰਮੁਖਾਂ ਦਾ ਦਰਸ਼ਨ।

ਅਰਥ :- ਉੱਤਰ :-ਅਸੀਂ ਗੁਰਮੁਖਾਂ ਨੂੰ ਲੱਭਣ ਵਾਸਤੇ ਉਦਾਸੀ ਬਣੇ ਸਾਂ, ਅਸਾਂ ਗੁਰਮੁਖਾਂ ਦੇ ਦਰਸ਼ਨਾਂ ਲਈ ਉਦਾਸੀ ਭੇਖ ਧਾਰਿਆ ਸੀ। ਅਸੀਂ ਸੱਚੇ ਪ੍ਰਭੂ ਦੇ ਨਾਮ-ਸੌਦੇ ਦੇ ਵਪਾਰੀ ਹਾਂ। ਹੇ ਨਾਨਕ! ਜੋ ਮਨੁੱਖ ਗੁਰੂ ਦੇ ਦੱਸੇ ਰਾਹ ਤੇ ਤੁਰਦਾ ਹੈ ਉਹ 'ਦੁਤਰ ਸਾਗਰ' ਤੋਂ ਪਾਰ ਲੰਘਦਾ ਹੈ।

**ਕਿਤੁ ਬਿਧਿ ਪੁਰਖਾ ਜਨਮੁ ਵਟਾਇਆ॥**
**ਕਾਹੇ ਕਉ ਤੁਝੁ ਇਹੁ ਮਨੁ ਲਾਇਆ॥**
**ਕਿਤੁ ਬਿਧਿ ਆਸਾ ਮਨਸਾ ਖਾਈ॥**
**ਕਿਤੁ ਬਿਧਿ ਜੋਤਿ ਨਿਰੰਤਰਿ ਪਾਈ॥**
**ਬਿਨੁ ਦੰਤਾ ਕਿਉ ਖਾਈਐ ਸਾਰੁ॥**
**ਨਾਨਕ ਸਾਚਾ ਕਰਹੁ ਬੀਚਾਰੁ॥19॥**

ਪਦ ਅਰਥ :-ਕਿਤੁ ਬਿਧਿ=ਕਿਸ ਤਰੀਕੇ ਨਾਲ? ਜਨਮੁ ਵਟਾਇਆ=ਜ਼ਿੰਦਗੀ ਪਲਟ ਲਈ ਹੈ। ਕਾਹੇ ਕਉ=ਕਿਸ ਨਾਲ? ਮਨਸਾ=ਮਨ ਦਾ ਫੁਰਨਾ। ਖਾਈ=ਖਾ ਲਈ ਹੈ।

www.sikhbookclub.com

ਨਿਰੰਤਰਿ=ਇੱਕ-ਰਸ। ਜੋਤਿ=ਰੱਬੀ ਪ੍ਰਕਾਸ਼। ਦੰਤ=ਦੰਦ। ਸਾਰੁ=ਲੋਹਾ।

ਅਰਥ :-ਪ੍ਰਸ਼ਨ :-ਹੇ ਪੁਰਖਾ! ਤੂੰ ਆਪਣੀ ਜਿੰਦਗੀ ਕਿਸ ਤਰੀਕੇ ਨਾਲ ਪਲਟ ਲਈ ਹੈ? ਤੂੰ ਆਪਣਾ ਇਹ ਮਨ ਕਿਸ ਵਿਚ ਜੋੜਿਆ ਹੈ? ਮਨ ਦੀਆਂ ਆਸਾਂ ਤੇ ਮਨ ਦੇ ਫੁਰਨੇ ਤੂੰ ਕਿਵੇਂ ਮੁਕਾ ਲਏ ਹਨ? ਰੱਬੀ ਪ੍ਰਕਾਸ਼ ਤੈਨੂੰ ਇੱਕ-ਰਸ ਕਿਵੇਂ ਮਿਲ ਪਿਆ ਹੈ? ਮਾਇਆ ਦੇ ਇਸ ਪ੍ਰਭਾਵ ਤੋਂ ਬਚਣਾ ਇਉਂ ਹੀ ਔਖਾ ਹੈ ਜਿਵੇਂ ਬਿਨਾ ਦੰਦਾਂ ਦੇ ਲੋਹਾ ਚੱਬਣਾ ਦੰਦਾਂ ਤੋਂ ਬਿਨਾ ਲੋਹਾ ਕਿਵੇਂ ਚੱਬਿਆ ਜਾਏ? ਹੇ ਨਾਨਕ! ਕੋਈ ਸਹੀ ਵੀਚਾਰ ਦੱਸੋ ਭਾਵ, ਕੋਈ ਐਸਾ ਵੀਚਾਰ ਦੱਸੋ ਜੋ ਅਸਾਡੇ ਮਨ ਲੱਗੇ ਜਾਏ ॥19॥

**ਸਤਿਗੁਰ ਕੈ ਜਨਮੇ ਗਵਨੁ ਮਿਟਾਇਆ ॥**
**ਅਨਹਤਿ ਰਾਤੇ ਇਹੁ ਮਨੁ ਲਾਇਆ ॥**
**ਮਨਸਾ ਆਸਾ ਸਬਦਿ ਜਲਾਈ ॥**
**ਗੁਰਮੁਖਿ ਜੋਤਿ ਨਿਰੰਤਰਿ ਪਾਈ ॥**
**ਤ੍ਰੈ ਗੁਣ ਮੇਟੇ ਖਾਈਐ ਸਾਰੁ ॥**
**ਨਾਨਕ ਤਾਰੇ ਤਾਰਣਹਾਰੁ ॥20॥**

ਪਦ ਅਰਥ :-ਸਤਿਗੁਰ ਕੈ=ਸਤਿਗੁਰੂ ਦੇ ਘਰ ਵਿਚ। ਗਵਨੁ=ਭਟਕਣਾ, ਆਵਾਗਵਨ। ਅਨਹਤਿ=ਅਨਹਤ ਵਿਚ। ਅਨਹਤ=ਇਕ-ਰਸ ਵਿਆਪਕ ਪ੍ਰਭੂ ਰਾਤੇ=ਮਸਤ ਹੋਇਆ। ਲਾਇਆ=ਪਰਚਾ ਲਿਆ। ਤ੍ਰੈਗੁਣ=ਮਾਇਆ ਦੇ ਤਿੰਨ ਗੁਣ।

ਅਰਥ :-ਉੱਤਰ-ਜਿਉਂ ਜਿਉਂ ਸਤਿਗੁਰੂ ਦੀ ਸਿੱਖਿਆ ਤੇ ਤੁਰੇ, ਤਿਉਂ ਤਿਉਂ ਮਨ ਦੀ ਭਟਕਣਾ ਮੁੱਕਦੀ ਗਈ। ਜਿਉਂ ਜਿਉਂ ਇੱਕ-ਰਸ ਵਿਆਪਕ ਪ੍ਰਭੂ ਵਿਚ ਜੁੜਨ ਦਾ ਆਨੰਦ ਆਇਆ, ਤਿਉਂ ਤਿਉਂ ਇਹ ਮਨ ਪਰਚਦਾ ਗਿਆ। ਮਨ ਦੇ ਫੁਰਨੇ ਤੇ ਦੁਨੀਆ ਵਾਲੀਆਂ ਆਸਾਂ ਅਸਾਂ ਗੁਰੂ ਦੇ ਸ਼ਬਦ ਦੀ ਰਾਹੀਂ ਸਾੜੀਆਂ ਹਨ, ਗੁਰੂ ਦੇ ਸਨਮੁਖ ਹੋਇਆਂ ਹੀ ਇੱਕ-ਰਸ ਰੱਬੀ ਪ੍ਰਕਾਸ਼ ਲੱਭਾ ਹੈ। ਇਸ ਰੱਬੀ ਪ੍ਰਕਾਸ਼ ਦੀ ਬਰਕਤ ਨਾਲ ਅਸਾਂ ਮਾਇਆ ਦੇ ਝਲਕੇ ਦੇ ਤਿੰਨਾਂ ਹੀ ਕਿਸਮਾਂ ਦੇ ਅਸਰ ਤਮੋ, ਰਜੋ, ਸਤੋ ਆਪਣੇ ਉਤੇ ਪੈਣ ਨਹੀਂ ਦਿੱਤੇ, ਤੇ ਇਸ ਤਰ੍ਹਾਂ ਮਾਇਆ ਦੀ ਚੋਟ ਤੋਂ ਬਚਣ ਦਾ ਇਹ ਅਤਿ ਔਖਾ ਕੰਮ-ਰੂਪ ਲੋਹਾ ਚੱਬਿਆ ਗਿਆ ਹੈ। ਪਰ ਹੇ ਨਾਨਕ! ਇਸ 'ਦੁਤਰ ਸਾਗਰ' ਤੋਂ ਤਾਰਣ ਦੇ ਸਮਰੱਥ ਪ੍ਰਭੂ ਆਪ ਹੀ ਤਾਰਦਾ ਹੈ।

**ਆਦਿ ਕਉ ਕਵਨੁ ਬੀਚਾਰੁ ਕਥੀਅਲੇ ਸੁੰਨ ਕਹਾ ਘਰ ਵਾਸੋ ॥**
**ਗਿਆਨ ਕੀ ਮੁਦ੍ਰਾ ਕਵਨ ਕਥੀਅਲੇ ਘਟਿ ਘਟਿ ਕਵਨ ਨਿਵਾਸੋ ॥**
**ਕਾਲ ਕਾ ਠੀਗਾ ਕਿਉ ਜਲਾਈਅਲੇ ਕਿਉ ਨਿਰਭਉ ਘਰਿ ਜਾਈਐ ॥**
**ਸਹਜ ਸੰਤੋਖ ਕਾ ਆਸਣੁ ਜਾਣੈ ਕਿਉ ਛੇਦੇ ਬੈਰਾਈਐ ॥**

www.sikhbookclub.com

**ਗੁਰ ਕੈ ਸਬਦਿ ਹਉਮੈ ਬਿਖੁ ਮਾਰੈ ਤਾ ਨਿਜ ਘਰਿ ਹੋਵੈ ਵਾਸੋ॥**
**ਜਿਨਿ ਰਚਿ ਰਚਿਆ ਤਿਸੁ ਸਬਦਿ ਪਛਾਣੈ ਨਾਨਕੁ ਤਾ ਕਾ ਦਾਸੋ ॥21॥**

ਪਦ ਅਰਥ :-ਆਦਿਕ=ਮੁੱਢ, ਆਰੰਭ, ਜਗਤ-ਰਚਨਾ ਦਾ ਮੁੱਢ। ਕਥੀਅਲੇ=ਕਿਹਾ ਜਾਂਦਾ ਹੈ। ਸੁੰਨ=ਅਫੁਰ ਪਰਮਾਤਮਾ, ਨਿਰਗੁਣ-ਸਰੂਪ ਪ੍ਰਭੂ। ਘਰ ਵਾਸੋ=ਟਿਕਾਣਾ, ਅਸਥਾਨ। ਗਿਆਨ=ਪਰਮਾਤਮਾ ਨਾਲ ਡੂੰਘੀ ਜਾਣ-ਪਛਾਣ। ਮੁਦ੍ਰਾ=(1) ਮੁੰਦ੍ਰਾਂ, (2) ਨਿਸ਼ਾਨੀ, (3) ਜੋਗੀਆਂ ਦੇ ਪੰਜ ਸਾਧਨ ਖੇਚਰੀ, ਭੂਚਰੀ, ਗੋਚਰੀ, ਚਾਚਰੀ, ਉਨਮਨੀ। ਠੀਗਾ=ਚੋਟ, ਸੱਟ, ਸੋਟਾ। ਜਲਾਈਅਲੇ=ਸਾੜਿਆ ਜਾਏ। ਘਰਿ=ਘਰ ਵਿਚ। ਬੈਰਾਈਐ=ਵੈਰੀ ਨੂੰ। ਜਿਨਿ=ਜਿਸ ਪ੍ਰਭੂ ਨੇ।

ਅਰਥ :-ਪ੍ਰਸ਼ਨ-ਤੁਸੀਂ ਸ੍ਰਿਸ਼ਟੀ ਦੇ ਮੁੱਢ ਦਾ ਕੀਹ ਵਿਚਾਰ ਦੱਸਦੇ ਹੋ? ਤਦੋਂ ਅਫੁਰ ਪਰਮਾਤਮਾ ਦਾ ਟਿਕਾਣਾ ਕਿਥੇ ਸੀ? ਪਰਮਾਤਮਾ ਨਾਲ ਜਾਣ-ਪਛਾਣ ਦਾ ਕੀਹ ਸਾਧਨ ਦੱਸਦੇ ਹੋ? ਹਰੇਕ ਘਟ ਵਿਚ ਕਿਸ ਦਾ ਨਿਵਾਸ ਹੈ? ਕਾਲ ਦੀ ਚੋਟ ਕਿਵੇਂ ਮੁਕਾਈ ਜਾਏ? ਨਿਰਭੈਤਾ ਦੇ ਦਰਜੇ ਤੇ ਕਿਵੇਂ ਅੱਪੜੀਦਾ ਹੈ? ਕਿਵੇਂ ਹਉਮੈ ਵੈਰੀ ਦਾ ਨਾਸ ਹੋਵੇ ਜਿਸ ਕਰਕੇ ਸਹਜ ਤੇ ਸੰਤੋਖ ਦਾ ਆਸਣ ਪਛਾਣ ਲਿਆ ਜਾਏ ਭਾਵ, ਜਿਸ ਕਰਕੇ ਸਹਜ ਤੇ ਸੰਤੋਖ ਪ੍ਰਾਪਤ ਹੋਵੇ ?

ਉੱਤਰ :-ਜੋ ਮਨੁੱਖ ਸਤਿਗੁਰੂ ਦੇ ਸ਼ਬਦ ਦੀ ਰਾਹੀਂ ਹਉਮੈ ਦੇ ਜ਼ਹਿਰ ਨੂੰ ਮੁਕਾ ਲਏ, ਤਾਂ ਨਿੱਜ ਸਰੂਪ ਵਿਚ ਟਿਕ ਜਾਂਦਾ ਹੈ। ਜਿਸ ਪ੍ਰਭੂ ਨੇ ਰਚਨਾ ਰਚੀ ਹੈ ਜੋ ਮਨੁੱਖ ਉਸ ਨੂੰ ਗੁਰੂ ਦੇ ਸ਼ਬਦ ਵਿਚ ਜੁੜ ਕੇ ਪਛਾਣਦਾ ਹੈ ਨਾਨਕ ਉਸ ਦਾ ਦਾਸ ਹੈ।

**ਕਹਾ ਤੇ ਆਵੈ ਕਹਾ ਇਹੁ ਜਾਵੈ ਕਹਾ ਇਹੁ ਰਹੈ ਸਮਾਈ॥**
**ਏਸੁ ਸਬਦ ਕਉ ਜੋ ਅਰਥਾਵੈ ਤਿਸੁ ਗੁਰ ਤਿਲੁ ਨ ਤਮਾਈ॥**
**ਕਿਉ ਤਤੈ ਅਵਿਗਤੈ ਪਾਵੈ ਗੁਰਮੁਖਿ ਲਗੈ ਪਿਆਰੋ॥**
**ਆਪੇ ਸੁਰਤਾ ਆਪੇ ਕਰਤਾ ਕਹੁ ਨਾਨਕ ਬੀਚਾਰੋ॥**
**ਹੁਕਮੇ ਆਵੈ ਹੁਕਮੇ ਜਾਵੈ ਹੁਕਮੇ ਰਹੈ ਸਮਾਈ॥**
**ਪੂਰੇ ਗੁਰ ਤੇ ਸਾਚੁ ਕਮਾਵੈ ਗਤਿ ਮਿਤਿ ਸਬਦੇ ਪਾਈ॥22॥**

ਪਦ ਅਰਥ :-ਕਹਾ ਤੇ=ਕਿਥੋਂ? ਇਹੁ=ਇਹ ਜੀਵ। ਅਰਥਾਵੈ=ਸਮਝਾ ਦੇਵੇ। ਤਮਾਈ=ਤਮ੍ਹਾ, ਲਾਲਚ। ਤਤੁ=ਅਸਲੀਅਤ, ਜਗਤ ਦਾ ਅਸਲਾ ਪ੍ਰਭੂ। ਅਵਿਗਤ=ਅੱਵਿਅਕਤ, ਵਿਅਕਤੀ-ਰਹਿਤ, ਅਦ੍ਰਿਸ਼ਟ ਪ੍ਰਭੂ। ਸੁਰਤਾ=ਸੁਣਨ ਵਾਲਾ। ਗਤਿ=ਹਾਲਤ। ਮਿਤਿ=ਮਾਪ।

ਅਰਥ :-ਪ੍ਰਸ਼ਨ-ਇਹ ਜੀਵ ਕਿਥੋਂ ਆਉਂਦਾ ਹੈ? ਕਿਥੇ ਜਾਂਦਾ ਹੈ? ਕਿਥੇ ਟਿਕਿਆ ਰਹਿੰਦਾ ਹੈ? ਭਾਵ, ਜੀਵ ਕਿਵੇਂ ਜੀਵਨ ਬਿਤੀਤ ਕਰਦਾ ਹੈ? ਜੋ ਇਹ ਗੱਲ ਸਮਝਾ ਦੇਵੇ,

www.sikhbookclub.com

ਅਸੀਂ ਮੰਨਾਂਗੇ ਕਿ ਉਸ ਗੁਰੂ ਨੂੰ ਰਤਾ ਭੀ ਲੋਭ ਨਹੀਂ ਹੈ। ਜੀਵ ਜਗਤ ਦੇ ਮੂਲ ਤੇ ਅਦ੍ਰਿਸ਼ਟ ਪ੍ਰਭੂ ਨੂੰ ਕਿਵੇਂ ਮਿਲੇ? ਗੁਰੂ ਦੀ ਰਾਹੀਂ ਪ੍ਰਭੂ ਨਾਲ ਇਸ ਦਾ ਪਿਆਰ ਕਿਵੇਂ ਬਣੇ? ਹੇ ਨਾਨਕ! ਸਾਨੂੰ ਉਸ ਪ੍ਰਭੂ ਦੀ ਵਿਚਾਰ ਦੱਸ ਜੋ ਆਪ ਹੀ ਜੀਵਾਂ ਨੂੰ ਪੈਦਾ ਕਰਨ ਵਾਲਾ ਹੈ ਤੇ ਆਪ ਹੀ, ਉਹਨਾਂ ਦੀ ਸੁਣਨ ਵਾਲਾ ਹੈ।

ਉੱਤਰ :-ਜੀਵ ਪ੍ਰਭੂ ਦੇ ਹੁਕਮ ਵਿਚ ਹੀ ਇਥੇ ਆਉਂਦਾ ਹੈ, ਹੁਕਮ ਵਿਚ ਹੀ ਇਥੋਂ ਤੁਰ ਜਾਂਦਾ ਹੈ, ਜੀਵ ਨੂੰ ਹੁਕਮ ਵਿਚ ਹੀ ਜੀਵਨ ਬਿਤੀਤ ਕਰਨਾ ਪੈਂਦਾ ਹੈ। ਪੂਰੇ ਗੁਰੂ ਦੀ ਰਾਹੀਂ ਮਨੁੱਖ ਸੱਚੇ ਪ੍ਰਭੂ ਦੇ ਸਿਮਰਨ ਦੀ ਕਮਾਈ ਕਰਦਾ ਹੈ, ਇਹ ਗੱਲ ਗੁਰੂ ਦੇ ਸ਼ਬਦ ਤੋਂ ਹੀ ਮਿਲਦੀ ਹੈ ਕਿ ਪ੍ਰਭੂ ਕਿਹੋ ਜਿਹਾ ਹੈ ਤੇ ਕੇਡਾ ਬੇਅੰਤ ਹੈ।

**ਆਦਿ ਕਉ ਬਿਸਮਾਦੁ ਬੀਚਾਰੁ ਕਥੀਅਲੇ ਸੁੰਨ ਨਿਰੰਤਰਿ ਵਾਸੁ ਲੀਆ ॥**
**ਅਕਲਪਤ ਮੁਦ੍ਰਾ ਗੁਰ ਗਿਆਨੁ ਬੀਚਾਰੀਅਲੇ ਘਟਿ ਘਟਿ ਸਾਚਾ ਸਰਬ ਜੀਆ ॥**
**ਗੁਰ ਬਚਨੀ ਅਵਿਗਤਿ ਸਮਾਈਐ ਤਤੁ ਨਿਰੰਜਨੁ ਸਹਜਿ ਲਹੈ ॥**
**ਨਾਨਕ ਦੂਜੀ ਕਾਰ ਨ ਕਰਣੀ ਸੇਵੈ ਸਿਖੁ ਸੁ ਖੋਜਿ ਲਹੈ ॥**
**ਹੁਕਮੁ ਬਿਸਮਾਦੁ ਹੁਕਮਿ ਪਛਾਣੈ ਜੀਅ ਜੁਗਤਿ ਸਚੁ ਜਾਣੈ ਸੋਈ ॥**
**ਆਪੁ ਮੇਟਿ ਨਿਰਾਲਮੁ ਹੋਵੈ ਅੰਤਰਿ ਸਾਚੁ ਜੋਗੀ ਕਹੀਐ ਸੋਈ ॥23॥**

ਪਦ ਅਰਥ : ਬਿਸਮਾਦੁ=ਅਸਚਰਜ। ਨਿਰੰਤਰਿ=ਇੱਕ-ਰਸ। ਕਲਪਤ=ਬਣਾਈ ਹੋਈ, ਨਕਲੀ, ਫ਼ਰਜ਼ੀ। ਅਕਲਪਤ=ਅਸਲੀ। ਮੁਦ੍ਰਾ=ਸਾਧਨ। ਅਵਿਗਤਿ=ਅਵਿਗਤ ਵਿਚ, ਅੱਵਿਅਕਤ ਹਰੀ ਵਿਚ, ਅਦ੍ਰਿਸ਼ਟ ਪ੍ਰਭੂ ਵਿਚ। ਸਹਜਿ=ਅਡੋਲਤਾ ਵਿਚ। ਨਿਰਾਲਮੁ=ਨਿਰਾਲਾ, ਨਿਰਲੇਪ।

ਅਰਥ : ਪਉੜੀ ਨੰ: 21 ਤੇ 22 ਦਾ ਉੱਤਰ :-ਸ੍ਰਿਸ਼ਟੀ ਦੇ ਮੁੱਢ ਦਾ ਵੀਚਾਰ ਤਾਂ "ਅਸਚਰਜ, ਅਸਚਰਜ" ਹੀ ਕਿਹਾ ਜਾ ਸਕਦਾ ਹੈ, ਤਦੋਂ ਇੱਕ-ਰਸ ਅਫੁਰ ਪਰਮਾਤਮਾ ਦਾ ਹੀ ਵਜੂਦ ਸੀ। ਗਿਆਨ ਦਾ ਅਸਲੀ ਸਾਧਨ ਇਹ ਸਮਝੋ ਕਿ ਸਤਿਗੁਰੂ ਤੋਂ ਮਿਲਿਆ ਗਿਆਨ ਹੋਵੇ ਭਾਵ, ਗਿਆਨ ਪ੍ਰਾਪਤ ਕਰਨ ਦਾ ਅਸਲੀ ਸਾਧਨ ਸਤਿਗੁਰੂ ਦੀ ਸਰਣ ਹੀ ਹੈ। ਹਰੇਕ ਘਟ ਵਿਚ, ਸਾਰੇ ਜੀਵਾਂ ਵਿਚ, ਸਦਾ ਕਾਇਮ ਰਹਿਣ ਵਾਲਾ ਪ੍ਰਭੂ ਹੀ ਵੱਸਦਾ ਹੈ। ਅਦ੍ਰਿਸ਼ਟ ਪ੍ਰਭੂ ਵਿਚ ਸਤਿਗੁਰੂ ਦੇ ਸ਼ਬਦ ਦੀ ਰਾਹੀਂ ਲੀਨ ਹੋਈਦਾ ਹੈ, ਗੁਰ-ਸ਼ਬਦ ਦੀ ਰਾਹੀਂ ਅਡੋਲ ਅਵਸਥਾ ਵਿਚ ਟਿਕਿਆਂ ਜਗਤ ਦਾ ਮੂਲ ਨਿਰੰਜਨ ਮਾਇਆ ਤੋਂ ਰਹਿਤ ਪ੍ਰਭੂ ਲੱਭ ਪੈਂਦਾ ਹੈ। ਹੇ ਨਾਨਕ! ਨਿਰੰਜਨ ਨੂੰ ਲੱਭਣ ਲਈ ਗੁਰੂ ਦੇ ਬਚਨਾਂ ਉੱਤੇ ਤੁਰਨ ਤੋਂ ਛੁਟ ਹੋਰ ਕੋਈ ਕਾਰ ਕਰਨ ਦੀ ਲੋੜ ਨਹੀਂ, ਜੋ ਸਿੱਖ ਗੁਰ-ਆਸ਼ੇ ਅਨੁਸਾਰ ਸੇਵਾ ਕਰਦਾ ਹੈ ਉਹ ਭਾਲ ਕੇ 'ਨਿਰੰਜਨ' ਨੂੰ ਲੱਭ ਲੈਂਦਾ ਹੈ।

'ਹੁਕਮ' ਮੰਨਣਾ ਅਸਚਰਜ ਖ਼ਿਆਲ ਹੈ ਭਾਵ, ਇਹ ਖ਼ਿਆਲ ਕਿ ਗੁਰੂ ਦੇ ਹੁਕਮ

www.sikhbookclub.com

ਵਿਚ ਤੁਰਿਆਂ "ਅਵਿਗਤ" ਵਿਚ ਸਮਾਈਦਾ ਹੈ ਹੈਰਾਨਗੀ ਪੈਦਾ ਕਰਨ ਵਾਲਾ ਹੈ; ਪਰ ਜੋ ਮਨੁੱਖ 'ਹੁਕਮ' ਵਿਚ ਤੁਰ ਕੇ 'ਹੁਕਮ' ਨੂੰ ਪਛਾਣਦਾ ਹੈ ਉਹ ਜੀਵਨ ਦੀ ਸਹੀ ਜੁਗਤਿ ਤੇ 'ਸਚ' ਨੂੰ ਜਾਣ ਲੈਂਦਾ ਹੈ; ਉਹ 'ਆਪਾ ਭਾਵ' ਮਿਟਾ ਕੇ ਦੁਨੀਆ ਵਿਚ ਰਹਿੰਦਾ ਹੋਇਆ ਭੀ ਦੁਨੀਆ ਤੋਂ ਵੱਖਰਾ ਹੁੰਦਾ ਹੈ ਕਿਉਂਕਿ ਉਸ ਦੇ ਹਿਰਦੇ ਵਿਚ ਸਦਾ ਕਾਇਮ ਰਹਿਣ ਵਾਲਾ ਪ੍ਰਭੂ ਸਾਖਿਆਤ ਹੈ, ਬੱਸ! ਐਸਾ ਮਨੁੱਖ ਹੀ ਜੋਗੀ ਅਖਵਾਨ ਦੇ ਯੋਗ ਹੈ॥23॥

**ਅਵਿਗਤੋ ਨਿਰਮਾਇਲੁ ਉਪਜੇ ਨਿਰਗੁਣ ਤੇ ਸਰਗੁਣੁ ਥੀਆ ॥**
**ਸਤਿਗੁਰ ਪਰਚੈ ਪਰਮ ਪਦੁ ਪਾਈਐ ਸਾਚੈ ਸਬਦਿ ਸਮਾਇ ਲੀਆ ॥**
**ਏਕੇ ਕਉ ਸਚੁ ਏਕਾ ਜਾਣੈ ਹਉਮੈ ਦੂਜਾ ਦੂਰਿ ਕੀਆ ॥**
**ਸੋ ਜੋਗੀ ਗੁਰ ਸਬਦੁ ਪਛਾਣੈ ਅੰਤਰਿ ਕਮਲੁ ਪ੍ਰਗਾਸੁ ਥੀਆ ॥**
**ਜੀਵਤੁ ਮਰੈ ਤਾ ਸਭੁ ਕਿਛੁ ਸੂਝੈ ਅੰਤਰਿ ਜਾਣੈ ਸਰਬ ਦਇਆ ॥**
**ਨਾਨਕ ਤਾ ਕਉ ਮਿਲੈ ਵਡਾਈ ਆਪੁ ਪਛਾਣੈ ਸਰਬ ਜੀਆ ॥24॥**

ਪਦ ਅਰਥ :-ਅਵਿਗਤੋ=ਅਵਿਅਕਤ ਤੋਂ, ਅਵਿਗਤ ਤੋਂ, ਅਦ੍ਰਿਸ਼ਟ ਤੋਂ। ਉਪਜੇ=ਪਰਗਟ ਹੁੰਦਾ ਹੈ । ਨਿਰਗੁਣ=ਮਾਇਆ ਦੇ ਤਿੰਨ ਗੁਣਾਂ ਤੋਂ ਰਹਿਤ। ਸਰਗੁਣੁ=ਮਾਇਆ ਦੇ ਤਿੰਨ ਗੁਣਾਂ ਸਮੇਤ। ਪਰਚੈ=ਪਤੀਜਣ ਨਾਲ। ਪਰਮ ਪਦੁ=ਉੱਚੀ ਆਤਮਕ ਅਵਸਥਾ ।

ਅਰਥ :-ਜਦੋਂ ਅਦ੍ਰਿਸ਼ਟ ਅਵਸਥਾ ਤੋਂ ਨਿਰਮਲ ਪ੍ਰਭੂ ਪਰਗਟ ਹੁੰਦਾ ਹੈ ਤੇ ਨਿਰਗੁਣ ਰੂਪ ਤੋਂ ਸਰਗੁਣ ਬਣਦਾ ਹੈ ਭਾਵ, ਆਪਣੇ ਅਦ੍ਰਿਸ਼ਟ ਆਤਮਕ ਸਰੂਪ ਤੋਂ ਆਕਾਰ ਵਾਲਾ ਬਣ ਕੇ ਸੂਖਮ ਤੇ ਅਸਥੂਲ ਰੂਪ ਧਾਰ ਲੈਂਦਾ ਹੈ, ਤਦੋਂ ਇਸ ਦ੍ਰਿਸ਼ਟਮਾਨ ਸੰਸਾਰ ਵਿਚੋਂ ਜਿਸ ਜੀਵ ਦਾ ਮਨ ਸਤਿਗੁਰੂ ਦੇ ਸ਼ਬਦ ਨਾਲ ਪਤੀਜਦਾ ਜਾਂਦਾ ਹੈ ਉਸ ਜੀਵ ਨੂੰ ਉੱਚੀ ਆਤਮਕ ਅਵਸਥਾ ਪ੍ਰਾਪਤ ਹੋ ਜਾਂਦੀ ਹੈ ਤਦੋਂ ਸਮਝੋ ਕਿ ਗੁਰੂ ਦੇ ਸ਼ਬਦ ਦੀ ਰਾਹੀਂ ਸੱਚੇ ਪ੍ਰਭੂ ਨੇ ਉਸ ਨੂੰ ਆਪਣੇ ਵਿਚ ਲੀਨ ਕਰ ਲਿਆ ਹੈ। ਤਦੋਂ ਉਹ ਕੇਵਲ ਇਕ ਪ੍ਰਭੂ ਨੂੰ ਹੀ ਸਦਾ ਰਹਿਣ ਵਾਲੀ ਹਸਤੀ ਜਾਣਦਾ ਹੈ, ਉਸ ਨੇ ਹਉਮੈ ਅਤੇ ਦੂਜਾ-ਭਾਵ ਭਾਵ, ਪ੍ਰਭੂ ਤੋਂ ਬਿਨਾ ਕਿਸੇ ਹੋਰ ਅਜੇਹੀ ਹਸਤੀ ਦੀ ਸੰਭਾਵਨਾ ਦਾ ਖ਼ਿਆਲ ਦੂਰ ਕਰ ਲਿਆ ਹੁੰਦਾ ਹੈ, ਬੱਸ! ਉਹੀ ਅਸਲ ਜੋਗੀ ਹੈ, ਉਹ ਸਤਿਗੁਰੂ ਦੇ ਸ਼ਬਦ ਨੂੰ ਸਮਝਦਾ ਹੈ ਉਸ ਦੇ ਅੰਦਰ ਰਿਹਦਾ-ਰੂਪ ਕੌਲ ਫੁੱਲ ਖਿੜ ਪਿਆ ਹੁੰਦਾ ਹੈ। ਜੋ ਮਨੁੱਖ ਜੀਊਂਦਾ ਹੀ ਮਰਦਾ ਹੈ ਭਾਵ, 'ਹਉਮੈ' ਦਾ ਤਿਆਗ ਕਰਦਾ ਹੈ, ਸੁਆਰਥ ਮਿਟਾਂਦਾ ਹੈ ਉਸ ਨੂੰ ਜ਼ਿੰਦਗੀ ਦੇ ਹਰੇਕ ਪਹਿਲੂ ਦੀ ਸਮਝ ਆ ਜਾਂਦੀ ਹੈ, ਉਹ ਮਨੁੱਖ ਸਾਰੇ ਜੀਵਾਂ ਉਤੇ ਦਇਆ ਕਰਨ ਦਾ ਅਸੂਲ ਆਪਣੇ ਮਨ ਵਿਚ ਪੱਕਾ ਕਰ ਲੈਂਦਾ ਹੈ। ਹੇ ਨਾਨਕ! ਉਸੇ

www.sikhbookclub.com

ਮਨੁੱਖ ਨੂੰ ਇੱਜ਼ਤ ਮਿਲਦੀ ਹੈ, ਉਹ ਸਾਰੇ ਜੀਵਾਂ ਵਿਚ ਆਪਣੇ ਆਪ ਨੂੰ ਵੇਖਦਾ ਹੈ ਭਾਵ, ਉਹ ਉਸੇ ਜੋਤਿ ਨੂੰ ਸਭ ਵਿਚ ਵੇਖਦਾ ਹੈ ਜੋ ਉਸ ਦੇ ਆਪਣੇ ਅੰਦਰ ਹੈ।

ਸਾਚੌ ਉਪਜੈ ਸਾਚਿ ਸਮਾਵੈ ਸਾਚੇ ਸੂਚੇ ਏਕ ਮਇਆ ॥
ਝੂਠੇ ਆਵਹਿ ਠਵਰ ਨ ਪਾਵਹਿ ਦੂਜੈ ਆਵਾ ਗਉਣੁ ਭਇਆ ॥
ਆਵਾ ਗਉਣੁ ਮਿਟੈ ਗੁਰ ਸਬਦੀ ਆਪੇ ਪਰਖੈ ਬਖਸਿ ਲਇਆ ॥
ਏਕਾ ਬੇਦਨ ਦੂਜੈ ਬਿਆਪੀ ਨਾਮੁ ਰਸਾਇਣੁ ਵੀਸਰਿਆ ॥
ਸੋ ਬੂਝੈ ਜਿਸੁ ਆਪਿ ਬੁਝਾਏ ਗੁਰ ਕੈ ਸਬਦਿ ਸੁ ਮੁਕਤੁ ਭਇਆ ॥
ਨਾਨਕ ਤਾਰੇ ਤਾਰਣਹਾਰਾ ਹਉਮੈ ਦੂਜਾ ਪਰਹਰਿਆ ॥25॥

ਪਦ ਅਰਥ :-ਸਾਚ=ਸਦਾ ਕਾਇਮ ਰਹਿਣ ਵਾਲੇ ਪ੍ਰਭੂ ਤੋਂ। ਸੂਚੇ=ਪਵਿਤ੍ਰ ਮਨੁੱਖ। ਏਕ ਮਇਆ=ਇਕ-ਮਿਕ, ਇੱਕ-ਰੂਪ। ਆਵਾਗਉਣੁ=ਜਨਮ ਮਰਨ ਦਾ ਗੇੜ। ਬੇਦਨ=ਵੇਦਨ, ਪੀੜ, ਦੁੱਖ। ਦੂਜੈ=ਪ੍ਰਭੂ ਤੋਂ ਬਿਨਾ ਹੋਰ ਨਾਲ ਪਿਆਰ ਦੇ ਕਾਰਨ। ਬਿਆਪੀ=ਸਤਾ ਰਹੀ ਹੈ। ਰਸਾਇਣੁ=(ਰਸ+ਅਯਨ) ਰਸਾਂ ਦਾ ਘਰ। ਪਰਹਰਿਆ=ਦੂਰ ਕੀਤਾ।

ਅਰਥ :-ਗੁਰਮੁਖਿ ਸੱਚੇ ਪ੍ਰਭੂ ਤੋਂ ਪੈਦਾ ਹੁੰਦਾ ਹੈ ਤੇ ਸੱਚੇ ਵਿਚ ਹੀ ਲੀਨ ਰਹਿੰਦਾ ਹੈ; ਪ੍ਰਭੂ ਤੇ ਗੁਰਮੁਖਿ ਇੱਕ-ਰੂਪ ਹੋ ਜਾਂਦੇ ਹਨ। ਪਰ ਝੂਠੇ ਭਾਵ, ਨਾਸਵੰਤ ਮਾਇਆ ਵਿਚ ਲੱਗੇ ਹੋਏ ਬੰਦੇ, ਜਗਤ ਆਉਂਦੇ ਹਨ, ਉਹਨਾਂ ਨੂੰ ਮਨ ਦਾ ਟਿਕਾਉ ਨਹੀਂ ਹਾਸਲ ਹੁੰਦਾ ਇਸ ਲਈ ਇਸ ਦੂਜੇ-ਭਾਵ ਦੇ ਕਾਰਣ ਉਹਨਾਂ ਦਾ ਜਨਮ ਮਰਨ ਦਾ ਚੱਕਰ ਬਣਿਆ ਰਹਿੰਦਾ ਹੈ। ਇਹ ਜਨਮ ਮਰਨ ਦਾ ਚੱਕਰ ਸਤਿਗੁਰੂ ਦੇ ਸ਼ਬਦ ਦੀ ਰਾਹੀਂ ਮਿਟਦਾ ਹੈ ਗੁਰ-ਸ਼ਬਦ ਵਿਚ ਜੁੜੇ ਮਨੁੱਖ ਨੂੰ ਪ੍ਰਭੂ ਆਪ ਪਛਾਣ ਲੈਂਦਾ ਹੈ, ਤੇ ਉਸ ਉਤੇ ਮੇਹਰ ਕਰਦਾ ਹੈ। ਪਰ ਜਿਨ੍ਹਾਂ ਨੂੰ ਸਾਰੇ ਰਸਾਂ ਦਾ ਘਰ ਪ੍ਰਭੂ ਦਾ ਨਾਮ ਵਿਸਰ ਜਾਂਦਾ ਹੈ ਉਹਨਾਂ ਨੂੰ ਦੂਜੇ-ਭਾਵ ਵਿਚ ਫਸਣ ਦੇ ਕਾਰਨ ਇਹ ਹਉਮੈ ਦੀ ਪੀੜਾ ਸਤਾਂਦੀ ਹੈ। ਇਹ ਭੇਤ ਉਹ ਮਨੁੱਖ ਸਮਝਦਾ ਹੈ ਜਿਸ ਨੂੰ ਪ੍ਰਭੂ ਆਪ ਸਮਝ ਬਖ਼ਸ਼ਦਾ ਹੈ, ਗੁਰੂ ਦੇ ਸ਼ਬਦ ਵਿਚ ਜੁੜਨ ਦੇ ਕਾਰਨ ਉਹ ਮਨੁੱਖ ਹਉਮੈ ਤੋਂ ਆਜ਼ਾਦ ਹੋ ਜਾਂਦਾ ਹੈ। ਹੇ ਨਾਨਕ! ਜਿਸ ਨੇ ਹਉਮੈ ਤੇ ਦੂਜਾ-ਭਾਵ ਤਿਆਗ ਦਿੱਤਾ ਹੈ ਉਸ ਨੂੰ ਤਾਰਣਹਾਰ ਪ੍ਰਭੂ ਤਾਰ ਲੈਂਦਾ ਹੈ।

ਮਨਮੁਖਿ ਭੂਲੈ ਜਮ ਕੀ ਕਾਣਿ ॥
ਪਰ ਘਰੁ ਜੋਹੈ ਹਾਣੇ ਹਾਣਿ ॥
ਮਨਮੁਖਿ ਭਰਮਿ ਭਵੈ ਬੇਬਾਣਿ ॥
ਵੇਮਾਰਗਿ ਮੂਸੈ ਮੰਤ੍ਰਿ ਮਸਾਣਿ ॥
ਸਬਦੁ ਨ ਚੀਨੈ ਲਵੈ ਕੁਬਾਣਿ ॥

www.sikhbookclub.com

**ਨਾਨਕ ਸਾਚਿ ਰਤੇ ਸੁਖੁ ਜਾਣਿ ॥26॥**

ਪਦ ਅਰਥ :–ਕਾਨਿ=ਮੁਥਾਜੀ। ਨਹੀਂ ਤੱਕਦਾ ਹੈ। ਹਾਣੇ ਹਾਣਿ=ਹਾਨਿ ਹੀ ਹਾਨਿ, ਘਾਟਾ ਹੀ ਘਾਟਾ। ਭਰਮਿ=ਭਰਮ ਵਿਚ, ਭੁਲੇਖੇ ਵਿਚ। ਬੇਬਾਣਿ=ਜੰਗਲ ਵਿਚ। ਵੇਮਾਰਗਿ=ਗ਼ਲਤ ਰਸਤੇ ਤੇ, ਕੁਰਾਹੇ। ਮੂਸੈ=ਠੱਗਿਆ ਜਾਂਦਾ ਹੈ। ਮੰਤ੍ਰਿ=ਮੰਤ੍ਰ ਪੜ੍ਹਨ ਵਾਲਾ। ਮਸਾਣਿ=ਮਸਾਣ ਵਿਚ। ਲਵੈ=ਲਊਂ ਲਊਂ ਕਰਦਾ ਹੈ। ਕੁਬਾਣਿ=ਦੁਰਬਚਨ।

ਅਰਥ :–ਜੋ ਮਨੁੱਖ ਆਪਣੇ ਮਨ ਦੇ ਪਿੱਛੇ ਤੁਰਦਾ ਹੈ ਉਹ ਜੀਵਨ ਦਾ ਸਹੀ ਰਸਤਾ ਖੁੰਝ ਜਾਂਦਾ ਹੈ ਤੇ ਜਮ ਦੀ ਮੁਥਾਜੀ ਵਿਚ ਹੋ ਜਾਂਦਾ ਹੈ, ਪਰਾਇਆ ਘਰ ਤੱਕਦਾ ਹੈ, ਉਸ ਨੂੰ ਇਸ ਕੁਕਰਮ ਵਿਚ ਘਾਟਾ ਹੀ ਘਾਟਾ ਰਹਿੰਦਾ ਹੈ। ਭੁਲੇਖੇ ਵਿਚ ਪਿਆ ਹੋਇਆ ਮਨਮੁਖ ਮਾਨੋ ਜੰਗਲ ਵਿਚ ਭਟਕ ਰਿਹਾ ਹੈ, ਕੁਰਾਹੇ ਪੈ ਕੇ ਇਉਂ ਠੱਗਿਆ ਜਾ ਰਿਹਾ ਹੈ ਜਿਵੇਂ ਮਸਾਣ ਵਿਚ ਮੰਤ੍ਰ ਪੜ੍ਹਨ ਵਾਲਾ ਮਨੁੱਖ ਭੈੜੇ ਪਾਸੇ ਪਿਆ ਹੈ। ਮਨਮੁਖ ਗੁਰੂ ਦੇ ਸ਼ਬਦ ਨੂੰ ਨਹੀਂ ਪਛਾਣਦਾ ਭਾਵ, ਗੁਰੂ ਦੇ ਸ਼ਬਦ ਦੀ ਉਸ ਨੂੰ ਕਦਰ ਨਹੀਂ ਪੈਂਦੀ, ਤੇ ਦੁਰਬਚਨ ਹੀ ਬੋਲਦਾ ਹੈ। ਹੇ ਨਾਨਕ! ਸੁਖ ਉਸ ਨੂੰ ਮਿਲਿਆ ਜਾਣੋ ਜੋ ਸੱਚੇ ਪ੍ਰਭੂ ਵਿਚ ਰੰਗਿਆ ਹੋਇਆ ਹੈ।

**ਗੁਰਮੁਖਿ ਸਾਚੇ ਕਾ ਭਉ ਪਾਵੈ ॥**
**ਗੁਰਮੁਖਿ ਬਾਣੀ ਅਘੜੁ ਘੜਾਵੈ ॥**
**ਗੁਰਮੁਖਿ ਨਿਰਮਲ ਹਰਿ ਗੁਣ ਗਾਵੈ ॥**
**ਗੁਰਮੁਖਿ ਪਵਿਤ੍ਰੁ ਪਰਮ ਪਦੁ ਪਾਵੈ ॥**
**ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥**
**ਨਾਨਕ ਗੁਰਮੁਖਿ ਸਾਚਿ ਸਮਾਵੈ ॥27॥**

ਪਦ ਅਰਥ :–ਅਘੜੁ=ਅਮੋੜ ਮਨ, ਜੋ ਚੰਗੀ ਤਰ੍ਹਾਂ ਘੜਿਆ ਹੋਇਆ ਨਹੀਂ। ਪਰਮ ਪਦੁ=ਸਭ ਤੋਂ ਉੱਤਮ ਦਰਜਾ। ਰੋਮਿ ਰੋਮਿ=ਹਰੇਕ ਰੋਮ ਦੀ ਰਾਹੀਂ; ਭਾਵ, ਤਨੋਂ ਮਨੋਂ। ਸਾਚਿ=ਸੱਚੇ ਪ੍ਰਭੂ ਵਿਚ।

ਅਰਥ :–ਜੋ ਮਨੁੱਖ ਸਤਿਗੁਰੂ ਦੇ ਅਨੁਸਾਰ ਹੋ ਕੇ ਤੁਰਦਾ ਹੈ ਉਹ ਸੱਚੇ ਪ੍ਰਭੂ ਦਾ ਡਰ ਆਪਣੇ ਹਿਰਦੇ ਵਿਚ ਟਿਕਾਂਦਾ ਹੈ, ਗੁਰੂ ਦੀ ਬਾਣੀ ਦੀ ਰਾਹੀਂ ਅਮੋੜ-ਮਨ ਨੂੰ ਸੁਚੱਜਾ ਬਣਾਂਦਾ ਹੈ, ਨਿਰਮਲ ਪਰਮਾਤਮਾ ਦੀ ਸਿਫ਼ਤਿ-ਸਾਲਾਹ ਕਰਦਾ ਹੈ ਤੇ ਇਸ ਤਰ੍ਹਾਂ ਪਵਿਤ੍ਰ ਤੇ ਉੱਚੀ ਆਤਮਕ ਅਵਸਥਾ ਹਾਸਲ ਕਰਦਾ ਹੈ। ਗੁਰਮੁਖਿ ਮਨੁੱਖ ਤਨੋਂ ਮਨੋਂ ਪਰਮਾਤਮਾ ਨੂੰ ਯਾਦ ਕਰਦਾ ਹੈ, ਹੇ ਨਾਨਕ! ਬੰਦਗੀ ਦੀ ਰਾਹੀਂ ਗੁਰਮੁਖ ਸਦਾ ਕਾਇਮ ਰਹਿਣ ਵਾਲੇ ਪ੍ਰਭੂ ਵਿਚ ਲੀਨ ਰਹਿੰਦਾ ਹੈ ॥27॥

**ਗੁਰਮੁਖਿ ਪਰਚੈ ਬੇਦ ਬੀਚਾਰੀ ॥**

www.sikhbookclub.com

ਗੁਰਮੁਖਿ ਪਰਚੈ ਤਰੀਐ ਤਾਰੀ ॥
ਗੁਰਮੁਖਿ ਪਰਚੈ ਸੁ ਸਬਦਿ ਗਿਆਨੀ ॥
ਗੁਰਮੁਖਿ ਪਰਚੈ ਅੰਤਰ ਬਿਧਿ ਜਾਨੀ॥
ਗੁਰਮੁਖਿ ਪਾਈਐ ਅਲਖ ਅਪਾਰੁ ॥
ਨਾਨਕ ਗੁਰਮੁਖਿ ਮੁਕਤਿ ਦੁਆਰੁ ॥28॥..

ਪਦ ਅਰਥ :-ਪਰਚਾ=ਡੂੰਘੀ ਸਾਂਝ, ਪਿਆਰ=ਸਾਂਝ ਬਨਾਣੀ, ਮਿੱਤ੍ਰਤਾ ਕਾਇਮ ਕਰਨੀ। ਅੰਤਰ=ਅੰਦਰ ਦੀ। ਅੰਤਰਿ=ਆਪਣੇ ਅੰਦਰ। ਅੰਤਰ ਬਿਧਿ=ਅੰਦਰ ਦੀ ਹਾਲਤ। ਗਿਆਨੀ=ਗਿਆਨ ਵਾਲਾ, ਪ੍ਰਭੂ ਨਾਲ ਡੂੰਘੀ ਜਾਣ-ਪਛਾਣ ਵਾਲਾ। ਅਲਖ=ਜਿਸ ਦੇ ਕੋਈ ਖ਼ਾਸ ਚਿਹਨ ਨਿਸ਼ਾਨ ਜਾਂ ਲੱਛਣ ਨਹੀਂ। ਦੁਆਰੁ=ਦਰਵਾਜ਼ਾ।

ਅਰਥ :-ਜੋ ਮਨੁੱਖ ਗੁਰੂ ਨਾਲ ਡੂੰਘੀ ਸਾਂਝ ਬਣਾ ਲੈਂਦਾ ਹੈ ਭਾਵ, ਜਿਸ ਨੂੰ ਸਤਿਗੁਰੂ ਵਿਚ ਪੂਰਨ ਵਿਸ਼ਵਾਸ ਹੋ ਜਾਂਦਾ ਹੈ ਉਹ ਮਾਨੋ ਵੇਦਾਂ ਦਾ ਗਿਆਤਾ ਹੋ ਗਿਆ ਹੈ ਉਸ ਨੂੰ ਵੇਦਾਂ ਦੀ ਲੋੜ ਨਹੀਂ ਰਹਿ ਜਾਂਦੀ। ਗੁਰੂ ਨਾਲ ਡੂੰਘੀ ਸਾਂਝ ਬਣਾਇਆਂ ਸੰਸਾਰ-ਸਮੁੰਦਰ ਤੋਂ ਤਰ ਜਾਈਦਾ ਹੈ, ਗੁਰ-ਸ਼ਬਦ ਦੀ ਰਾਹੀਂ ਪਰਮਾਤਮਾ ਨਾਲ ਜਾਣ-ਪਛਾਣ ਵਾਲਾ ਹੋ ਜਾਈਦਾ ਹੈ ਤੇ ਅੰਦਰਲੇ ਦੀ ਸੂਝ ਪੈ ਜਾਂਦੀ ਹੈ। ਗੁਰੂ ਦੇ ਸਨਮੁਖ ਹੋਇਆਂ ਅਦ੍ਰਿਸ਼ਟ ਤੇ ਬੇ-ਅੰਤ ਪ੍ਰਭੂ ਮਿਲ ਪੈਂਦਾ ਹੈ; ਹੇ ਨਾਨਕ! ਗੁਰੂ ਦੀ ਰਾਹੀਂ ਹੀ ਹਉਮੈ ਤੋਂ ਖ਼ਲਾਸੀ ਦਾ ਰਸਤਾ ਲੱਭਦਾ ਹੈ।

ਗੁਰਮੁਖਿ ਅਕਥੁ ਕਥੈ ਬੀਚਾਰਿ ॥
ਗੁਰਮੁਖਿ ਨਿਬਹੈ ਸਪਰਵਾਰਿ ॥
ਗੁਰਮੁਖਿ ਜਪੀਐ ਅੰਤਰਿ ਪਿਆਰਿ ॥
ਗੁਰਮੁਖਿ ਪਾਈਐ ਸਬਦਿ ਅਚਾਰਿ ॥
ਸਬਦਿ ਭੇਦਿ ਜਾਣੈ ਜਾਣਾਈ ॥
ਨਾਨਕ ਹਉਮੈ ਜਾਲਿ ਸਮਾਈ ॥29॥

ਪਦ ਅਰਥ :-ਅਕਥੁ=ਜੋ ਕਥਿਆ ਨਾਹ ਜਾ ਸਕੇ, ਜਿਸ ਦਾ ਸਹੀ ਸਰੂਪ ਬਿਆਨ ਨਾਹ ਕੀਤਾ ਜਾ ਸਕੇ। ਬੀਚਾਰਿ=ਵਿਚਾਰ ਦੀ ਰਾਹੀਂ। ਸਪਰਵਾਰਿ=ਸ+ਪਰਵਾਰਿ, ਪਰਵਾਰ ਵਿਚ ਰਹਿੰਦਿਆਂ। ਅੰਤਰਿ=ਹਿਰਦੇ ਵਿਚ। ਪਿਆਰਿ=ਪਿਆਰ ਨਾਲ। ਸਬਦਿ=ਗੁਰਸ਼ਬਦ ਦੀ ਰਾਹੀਂ। ਅਚਾਰਿ=ਆਚਾਰ ਦੀ ਰਾਹੀਂ, ਚੰਗੇ ਆਚਰਨ ਨਾਲ। ਭੇਦਿ=ਵਿੰਨ੍ਹ ਕੇ। ਜਾਣਾਈ=ਜਾਣਾਏ, ਜਣਾਏ, ਹੋਰਨਾਂ ਨੂੰ ਦੱਸਦਾ ਹੈ। ਜਾਲਿ=ਸਾੜ ਕੇ।

ਅਰਥ :- ਗੁਰੂ ਦੇ ਦੱਸੇ ਰਾਹ ਤੇ ਤੁਰਨ ਵਾਲਾ ਮਨੁੱਖ ਗੁਰੂ ਦੀ ਦੱਸੀ ਵੀਚਾਰ ਨਾਲ ਉਸ ਪ੍ਰਭੂ ਦੇ ਗੁਣ ਗਾਉਂਦਾ ਹੈ ਜਿਸ ਦਾ ਸਹੀ ਸਰੂਪ ਬਿਆਨ ਨਹੀਂ ਹੋ ਸਕਦਾ, ਇਸ

www.sikhbookclub.com

ਤਰ੍ਹਾਂ ਗੁਰਮੁਖ ਘਰਬਾਰੀ ਹੁੰਦਾ ਹੋਇਆ ਹੀ ਜ਼ਿੰਦਗੀ ਦੀ ਬਾਜ਼ੀ ਵਿਚ ਪੁੱਗ ਜਾਂਦਾ ਹੈ। ਗੁਰੂ ਦੇ ਸਨਮੁਖ ਹੋਇਆ ਹੀ ਹਿਰਦੇ ਵਿਚ ਪਿਆਰ ਨਾਲ ਪ੍ਰਭੂ ਨੂੰ ਜਪ ਸਕੀਦਾ ਹੈ, ਤੇ ਗੁਰਸ਼ਬਦ ਦੀ ਰਾਹੀਂ ਉੱਚਾ ਆਚਰਣ ਬਣ ਕੇ ਪ੍ਰਭੂ ਮਿਲਦਾ ਹੈ। ਗੁਰੂ ਦੇ ਦੱਸੇ ਰਾਹ ਤੇ ਤੁਰਨ ਵਾਲਾ ਮਨੁੱਖ ਗੁਰੂ ਦੇ ਸ਼ਬਦ ਨਾਲ ਆਪਣੇ ਮਨ ਨੂੰ ਧੋ ਕੇ ਪ੍ਰਭੂ ਨੂੰ ਪਛਾਣਦਾ ਹੈ ਤੇ ਹੋਰਨਾਂ ਨੂੰ ਪਛਾਣ ਕਰਾਂਦਾ ਹੈ। ਹੇ ਨਾਨਕ! ਗੁਰਮੁਖ ਆਪਣੀ ਹਉਮੈ ਖ਼ੁਦ-ਗ਼ਰਜ਼ੀ ਸਾੜ ਕੇ ਪ੍ਰਭੂ ਵਿਚ ਲੀਨ ਰਹਿੰਦਾ ਹੈ।

**ਗੁਰਮੁਖਿ ਧਰਤੀ ਸਾਚੈ ਸਾਜੀ॥**
**ਤਿਸ ਮਹਿ ਓਪਤਿ ਖਪਤਿ ਸੁ ਬਾਜੀ॥**
**ਗੁਰ ਕੈ ਸਬਦਿ ਰਪੈ ਰੰਗੁ ਲਾਇ॥**
**ਸਾਚਿ ਰਤਉ ਪਤਿ ਸਿਉ ਘਰਿ ਜਾਇ॥**
**ਸਾਚ ਸਬਦ ਬਿਨੁ ਪਤਿ ਨਹੀ ਪਾਵੈ॥**
**ਨਾਨਕ ਬਿਨੁ ਨਾਵੈ ਕਿਉ ਸਾਚਿ ਸਮਾਵੈ ॥30॥**

ਪਦ ਅਰਥ :-ਸਾਚੈ=ਸੱਚੇ ਪ੍ਰਭੂ ਨੇ। ਤਿਸੁ ਮਹਿ=ਉਸ ਧਰਤੀ ਵਿਚ। ਓਪਤਿ=ਉਤਪੱਤੀ। ਖਪਤਿ=ਨਾਸ। ਬਾਜੀ=ਖੇਡ। ਰਪੈ=ਰੰਗਿਆ ਜਾਂਦਾ ਹੈ। ਰਤਉ=ਰੱਤਾ ਹੋਇਆ। ਪਤਿ=ਇੱਜ਼ਤ। ਰੰਗੁ=ਪਿਆਰ।

ਅਰਥ :-ਸੱਚੇ ਪ੍ਰਭੂ ਨੇ ਗੁਰਮੁਖ ਮਨੁੱਖ ਪੈਦਾ ਕਰਨ ਵਾਸਤੇ ਧਰਤੀ ਬਣਾਈ ਹੈ; ਇਸ ਧਰਤੀ ਵਿਚ ਉਤਪੱਤੀ ਤੇ ਨਾਸ ਗੁਰਮੁਖਤਾ ਦੇ ਵਿਕਾਸ ਲਈ ਇਕ ਖੇਡ ਹੈ; ਜਦੋਂ ਮਨੁੱਖ ਗੁਰੂ ਦੇ ਸ਼ਬਦ ਦੀ ਰਾਹੀਂ ਪ੍ਰਭੂ ਨਾਲ ਪਿਆਰ ਜੋੜ ਕੇ ਪ੍ਰਭੂ ਦੇ ਰੰਗ ਵਿਚ ਰੰਗਿਆ ਜਾਂਦਾ ਹੈ ਤਾਂ ਸੱਚੇ ਵਿਚ ਰੱਤਾ ਹੋਇਆ ਗੁਰਮੁਖ ਇੱਜ਼ਤ ਲੈ ਕੇ ਆਪਣੇ ਘਰ ਵਿਚ ਅੱਪੜਦਾ ਹੈ ਤੇ ਉਸ ਦੀ ਘੜਨ ਭੱਜਣ ਦੀ ਖੇਡ ਮੁੱਕ ਜਾਂਦੀ ਹੈ । ਸੱਚੇ ਸ਼ਬਦ ਤੋਂ ਬਿਨਾ ਕੋਈ ਮਨੁੱਖ ਇਜ਼ਤ ਹਾਸਲ ਨਹੀਂ ਕਰ ਸਕਦਾ। ਹੇ ਨਾਨਕ! ਪ੍ਰਭੂ ਦੇ ਨਾਮ ਤੋਂ ਬਿਨਾ ਪ੍ਰਭੂ ਵਿਚ ਮਨੁੱਖ ਕਿਵੇਂ ਸਮਾ ਸਕਦਾ ਹੈ? ਨਹੀਂ ਸਮਾ ਸਕਦਾ)।

**ਗੁਰਮੁਖਿ ਅਸਟ ਸਿਧੀ ਸਭਿ ਬੁਧੀ॥**
**ਗੁਰਮੁਖਿ ਭਵਜਲੁ ਤਰੀਐ ਸਚ ਸੁਧੀ॥**
**ਗੁਰਮੁਖਿ ਸਰ ਅਪਸਰ ਬਿਧਿ ਜਾਣੈ॥**
**ਗੁਰਮੁਖਿ ਪਰਵਿਰਤਿ ਨਰਵਿਰਤਿ ਪਛਾਣੈ॥**
**ਗੁਰਮੁਖਿ ਤਾਰੇ ਪਾਰਿ ਉਤਾਰੇ॥**
**ਨਾਨਕ ਗੁਰਮੁਖਿ ਸਬਦਿ ਨਿਸਤਾਰੇ ॥31॥**

ਪਦ ਅਰਥ :-ਗੁਰਮੁਖਿ=ਗੁਰੂ ਵਲ ਮੂੰਹ ਰੱਖਣਾ, ਗੁਰੂ ਦੇ ਦੱਸੇ ਹੋਏ ਰਾਹ ਤੇ ਤੁਰਨਾ।

www.sikhbookclub.com

ਅਸਟ=ਅੱਠ । ਅਸਟ ਸਿਧੀ=ਅੱਠ ਸਿੱਧੀਆਂ ਅੱਠ ਕਰਾਮਾਤੀ ਤਾਕਤਾਂ=ਅਣਿਮਾ, ਮਹਿਮਾ, ਲਘਿਮਾ, ਗਰਿਮਾ, ਪ੍ਰਾਪਤੀ, ਪ੍ਰਾਕਾਮਯ, ਈਸ਼ਿਤਾ, ਵਸ਼ਿਤਾ । ਅਣਿਮਾ=ਦੂਜੇ ਦਾ ਰੂਪ ਹੋ ਜਾਣਾ । ਮਹਿਮਾ=ਦੇਹ ਨੂੰ ਵੱਡਾ ਕਰ ਲੈਣਾ । ਲਘਿਮਾ=ਸਰੀਰ ਨੂੰ ਛੋਟਾ ਕਰ ਲੈਣਾ । ਗਰਿਮਾ=ਭਾਰੀ ਹੋ ਜਾਣਾ । ਪ੍ਰਾਪਤੀ=ਮਨ-ਇੱਛਤ ਭੋਗ ਹਾਸਲ ਕਰ ਲੈਣ ਦੀ ਸਮਰੱਥਾ । ਪ੍ਰਾਕਾਮਯ-ਹੋਰਨਾਂ ਦੇ ਦਿਲ ਦੀ ਜਾਣ ਲੈਣ ਦੀ ਤਾਕਤ । ਈਸ਼ਤਾ=ਆਪਣੀ ਇੱਛਾ ਅਨੁਸਾਰ ਸਭ ਨੂੰ ਪ੍ਰੇਰਨਾ । ਵਸ਼ਿਤਾ=ਸਭ ਨੂੰ ਵੱਸ ਕਰ ਲੈਣਾ । ਸੁਧੀ= ਸ੍ਰੇਸ਼ਟ ਮੱਤ । ਅਪਸਰ=ਮੰਦਾ ਸਮਾ । ਸਰ=ਚੰਗਾ ਸਮਾ । ਪਰਵਿਰਤਿ=ਗ੍ਰਹਣ । ਨਰਵਿਰਤਿ=ਤਿਆਗ ।

ਅਰਥ :-ਗੁਰੂ ਦੇ ਦੱਸੇ ਹੋਏ ਰਾਹ ਤੇ ਤੁਰਨਾ ਹੀ ਸਾਰੀਆਂ ਅੱਠੇ ਕਰਾਮਾਤੀ ਤਾਕਤਾਂ ਤੇ ਅਕਲਾਂ ਦੀ ਪ੍ਰਾਪਤੀ ਹੈ, ਗੁਰੂ ਦੇ ਸਨਮੁਖ ਹੋਇਆਂ ਸੰਸਾਰ-ਸਮੁੰਦਰ ਤਰ ਜਾਈਦਾ ਹੈ ਅਤੇ ਸੱਚੇ ਦੀ ਸੋਹਣੀ ਮੱਤ ਆ ਜਾਂਦੀ ਹੈ । ਗੁਰੂ ਦੇ ਦੱਸੇ ਰਾਹ ਤੇ ਤੁਰਨ ਵਾਲਾ ਮਨੁੱਖ ਚੰਗੇ ਮੰਦੇ ਸਮੇ ਦਾ ਹਾਲਤ ਜਾਣ ਲੈਂਦਾ ਹੈ, ਤੇ ਪਛਾਣ ਲੈਂਦਾ ਹੈ ਕਿ ਕੀਹ ਛੱਡਣਾ ਹੈ ਤੇ ਕੀਹ ਗ੍ਰਹਣ ਕਰਨਾ ਹੈ । ਗੁਰਮੁਖ ਮਨੁੱਖ ਹੋਰਨਾਂ ਨੂੰ ਭੀ ਸੰਸਾਰ-ਸਮੁੰਦਰ ਤੋਂ ਤਾਰ ਕੇ ਪਾਰਲੇ ਕੰਢੇ ਲਾ ਦੇਂਦਾ ਹੈ । ਹੇ ਨਾਨਕ! ਗੁਰੂ ਦੀ ਸਿੱਖਿਆ ਤੇ ਤੁਰਨ ਵਾਲਾ ਬੰਦਾ ਗੁਰੂ ਦੇ ਸ਼ਬਦ ਦੇ ਰਾਹੀਂ ਦੂਜਿਆਂ ਨੂੰ ਭੀ ਤਾਰ ਦੇਂਦਾ ਹੈ ।

**ਨਾਮੇ ਰਾਤੇ ਹਉਮੈ ਜਾਇ ॥**
**ਨਾਮਿ ਰਤੇ ਸਚਿ ਰਹੇ ਸਮਾਇ ॥**
**ਨਾਮਿ ਰਤੇ ਜੋਗ ਜੁਗਤਿ ਬੀਚਾਰੁ ॥**
**ਨਾਮਿ ਰਤੇ ਪਾਵਹਿ ਮੋਖ ਦੁਆਰੁ ॥**
**ਨਾਮਿ ਰਤੇ ਤ੍ਰਿਭਵਣ ਸੋਝੀ ਹੋਇ ॥**
**ਨਾਨਕ ਨਾਮਿ ਰਤੇ ਸਦਾ ਸੁਖੁ ਹੋਇ ॥32॥**

ਪਦ ਅਰਥ :-ਨਾਮੇ=ਨਾਮ ਵਿਚ ਹੀ । ਮੋਖ=ਮੁਕਤੀ, ਆਜ਼ਾਦੀ, ਖ਼ਲਾਸੀ, ਹਉਮੈ ਤੋਂ ਖ਼ਲਾਸੀ । ਤ੍ਰਿਭਵਣ=ਤ੍ਰਿਲੋਕੀ ਦੀ । ਸਦਾ ਸੁਖੁ=ਸਦਾ ਕਾਇਮ ਰਹਿਣ ਵਾਲਾ ਸੁਖ । ਰਾਤੇ=ਰੱਤੇ ਹੋਏ ਦੀ ।

ਅਰਥ :-ਪ੍ਰਭੂ ਦੇ ਨਾਮ ਵਿਚ ਹੀ ਰੱਤੇ ਹੋਏ ਦੀ ਹਉਮੈ ਨਾਸ ਹੁੰਦੀ ਹੈ । ਜੋ ਮਨੁੱਖ ਪ੍ਰਭੂ ਦੇ ਨਾਮ ਵਿਚ ਰੰਗੇ ਹੋਏ ਹਨ ਉਹ ਪ੍ਰਭੂ ਵਿਚ ਸਮਾਏ ਰਹਿੰਦੇ ਹਨ । ਜੋ ਪ੍ਰਾਣੀ ਪ੍ਰਭੂ ਦੇ ਨਾਮ ਵਿਚ ਰੰਗੇ ਹੋਏ ਹਨ ਉਹਨਾਂ ਨੂੰ ਹੀ ਜੋਗ ਦੀ ਜੁਗਤਿ ਤੇ ਸਹੀ ਵੀਚਾਰ ਪ੍ਰਾਪਤ ਹੋਈ ਹੈ । ਪ੍ਰਭੂ ਦੇ ਨਾਮ ਵਿਚ ਰੰਗੇ ਹੋਏ ਬੰਦੇ ਹੀ ਹਉਮੈ ਤੋਂ ਛੁਟਕਾਰਾ ਪਾਣ ਦਾ ਰਾਹ ਲੱਭਦੇ ਹਨ, ਕਿਉਂਕਿ ਨਾਮ ਵਿਚ ਰੱਤੇ ਬੰਦਿਆਂ ਨੂੰ ਤ੍ਰਿਲੋਕੀ ਦੀ ਸੂਝ ਪੈ ਜਾਂਦੀ ਹੈ ਭਾਵ, ਆਪਣੀ ਨਿੱਕੀ ਜਿਹੀ ਅਪਣੱਤ ਦੇ ਥਾਂ ਸਾਰੀ ਤ੍ਰਿਲੋਕੀ ਹੀ ਉਹਨਾਂ ਨੂੰ ਰੱਬੀ ਸਾਂਝ ਦੇ

www.sikhbookclub.com

ਕਾਰਨ ਆਪਣੀ ਦਿੱਸਦੀ ਹੈ ਹੇ ਨਾਨਕ! ਪ੍ਰਭੂ ਦੇ ਨਾਮ ਵਿਚ ਰੱਤੇ ਹੋਏ ਨੂੰ ਸਦਾ ਟਿਕੇ ਰਹਿਣ ਵਾਲਾ ਸੁਖ ਮਿਲਦਾ ਹੈ।

**ਨਾਮਿ ਰਤੇ ਸਿਧ ਗੋਸਟਿ ਹੋਇ ॥**
**ਨਾਮਿ ਰਤੇ ਸਦਾ ਤਪੁ ਹੋਇ ॥**
**ਨਾਮਿ ਰਤੇ ਸਚੁ ਕਰਣੀ ਸਾਰੁ ॥**
**ਨਾਮਿ ਰਤੇ ਗੁਣ ਗਿਆਨ ਬੀਚਾਰੁ ॥**
**ਬਿਨੁ ਨਾਵੈ ਬੋਲੈ ਸਭੁ ਵੇਕਾਰੁ ॥**
**ਨਾਨਕ ਨਾਮਿ ਰਤੇ ਤਿਨ ਕਉ ਜੈਕਾਰੁ ॥33॥**

ਪਦ ਅਰਥ :-ਸਿਧ=ਪੂਰਨ ਪਰਮਾਤਮਾ। ਗੋਸਟਿ=ਮਿਲਾਪ। ਸਿਧ ਗੋਸਟਿ=ਪਰਮਾਤਮਾ ਨਾਲ ਮਿਲਾਪ । ਸਾਰੁ=ਸ੍ਰੇਸ਼ਟ। ਵੇਕਾਰੁ=ਵੇ-ਕਾਰ, ਵਿਅਰਥ। ਤਪੁ=(1) ਮਨ ਨੂੰ ਮਾਰਨ ਲਈ ਸਰੀਰ ਉਤੇ ਕਸ਼ਟ ਸਹਾਰਨ ਦਾ ਸਾਧਨ; (2) ਪੁੰਨ-ਕਰਮ । ਗਿਆਨ=ਜਾਣ-ਪਛਾਣ, ਸਾਂਝ ।

ਅਰਥ :-ਪ੍ਰਭੂ ਦੇ ਨਾਮ ਵਿਚ ਰੱਤਿਆਂ ਹੀ ਪ੍ਰਭੂ ਨਾਲ ਮਿਲਾਪ ਹੁੰਦਾ ਹੈ। ਪ੍ਰਭੂ-ਨਾਮ ਵਿਚ ਰੰਗੇ ਰਹਿਣਾ ਹੀ ਸਦਾ ਕਾਇਮ ਰਹਿਣ ਵਾਲਾ ਪੁੰਨ-ਕਰਮ ਹੈ। ਨਾਮ ਵਿਚ ਲੱਗਣਾ ਹੀ ਸੱਚੀ ਤੇ ਉੱਤਮ ਕਰਣੀ ਹੈ। ਨਾਮ ਵਿਚ ਰੱਤੇ ਰਿਹਾਂ ਹੀ ਪ੍ਰਭੂ ਦੇ ਗੁਣਾਂ ਨਾਲ ਜਾਣ-ਪਛਾਣ ਹੁੰਦੀ ਹੈ ਤੇ ਸਾਂਝ ਬਣਦੀ ਹੈ। ਪ੍ਰਭੂ ਦੇ ਨਾਮ ਤੋਂ ਬਿਨਾ ਮਨੁੱਖ ਜੋ ਬੋਲਦਾ ਹੈ ਵਿਅਰਥ ਹੈ। ਹੇ ਨਾਨਕ! ਜੋ ਮਨੁੱਖ ਨਾਮ ਵਿਚ ਰੱਤੇ ਹੋਏ ਹਨ, ਉਹਨਾਂ ਨੂੰ ਸਾਡੀ ਨਮਸਕਾਰ ਹੈ।

**ਪੂਰੇ ਗੁਰ ਤੇ ਨਾਮੁ ਪਾਇਆ ਜਾਇ ॥**
**ਜੋਗ ਜੁਗਤਿ ਸਚਿ ਰਹੈ ਸਮਾਇ ॥**
**ਬਾਰਹ ਮਹਿ ਜੋਗੀ ਭਰਮਾਏ ਸੰਨਿਆਸੀ ਛਿਅ ਚਾਰਿ ॥**
**ਗੁਰ ਕੈ ਸਬਦਿ ਜੋ ਮਰਿ ਜੀਵੈ ਸੋ ਪਾਏ ਮੋਖ ਦੁਆਰੁ ॥**
**ਬਿਨੁ ਸਬਦੈ ਸਭਿ ਦੂਜੈ ਲਾਗੇ ਦੇਖਹੁ ਰਿਦੈ ਬੀਚਾਰਿ ॥**
**ਨਾਨਕ ਵਡੇ ਸੇ ਵਡਭਾਗੀ ਜਿਨੀ ਸਚੁ ਰਖਿਆ ਉਰ ਧਾਰਿ ॥34॥**

ਪਦ ਅਰਥ :-ਸਚਿ=ਸੱਚ ਵਿਚ, ਸਦਾ ਕਾਇਮ ਰਹਿਣ ਵਾਲੇ ਪ੍ਰਭੂ ਵਿਚ । ਬਾਰਹ=ਜੋਗੀਆਂ ਦੇ ਬਾਰਾਂ ਫ਼ਿਰਕੇ=ਹੇਤੂ, ਪਾਵ, ਆਈ, ਗਮਝਯ, ਪਾਗਲ, ਕੰਥੜੀ, ਬਨ, ਧ੍ਰੁਜ, ਚੋਲੀ, ਰਾਵਲ ਅਤੇ ਦਾਸ। ਛਿਅ ਚਾਰਿ=(6+4) ਦਸ ਫ਼ਿਰਕੇ ਸੰਨਿਆਸੀਆਂ ਦੇ=ਤੀਰਥ, ਆਸ੍ਰਮ, ਬਨ, ਆਰੰਨਯ, ਗਿਰਿ, ਪਰਬਤ, ਸਾਗਰ, ਸਰਸ੍ਵਤ, ਭਾਰਤੀ, ਪੁਰੀ। ਉਰਧਾਰਿ=ਉਰਿ+ਧਾਰਿ, ਹਿਰਦੇ ਵਿਚ ਧਾਰ ਕੇ। ਉਰ=ਹਿਰਦਾ।

www.sikhbookclub.com

ਅਰਥ :-ਪ੍ਰਭੂ ਦਾ ਨਾਮ ਗੁਰੂ ਤੋਂ ਮਿਲਦਾ ਹੈ; ਸੱਚੇ ਪ੍ਰਭੂ ਵਿਚ ਲੀਨ ਰਹਿਣਾ। ਇਹੀ ਹੈ ਅਸਲ ਜੋਗ ਦੀ ਜੁਗਤੀ। ਪਰ ਜੋਗੀ ਲੋਕ ਆਪਣੇ ਬਾਰਾਂ ਫ਼ਿਰਕਿਆਂ ਦੀ ਵੰਡ ਵਿਚ ਇਸ ਅਸਲ ਨਿਸ਼ਾਨੇ ਤੋਂ ਭੁੱਲ ਰਹੇ ਹਨ ਤੇ ਸੰਨਿਆਸੀ ਲੋਕ ਆਪਣੇ ਦਸ ਫ਼ਿਰਕਿਆਂ ਦੇ ਵਖੋ ਵੱਖ ਸਾਧਨਾਂ ਵਿਚ। ਜੋ ਮਨੁੱਖ ਸਤਿਗੁਰੂ ਦੇ ਸ਼ਬਦ ਦੀ ਰਾਹੀਂ ਮਾਇਆ ਵਲੋਂ ਮਰ ਕੇ ਜਿਊਂਦਾ ਹੈ ਉਹ ਹਉਮੈ ਤੋਂ ਖ਼ਲਾਸੀ ਦਾ ਰਾਹ ਲੱਭ ਲੈਂਦਾ ਹੈ। ਹਿਰਦੇ ਵਿਚ ਵਿਚਾਰ ਕੇ ਵੇਖ ਲਵੋ ਭਾਵ, ਆਪਣਾ ਜ਼ਾਤੀ ਤਜਰਬਾ ਹੀ ਇਸ ਗੱਲ ਦੀ ਗਵਾਹੀ ਦੇ ਦੇਵੇਗਾ ਕਿ ਗੁਰੂ ਦੇ ਸ਼ਬਦ ਵਿਚ ਜੁੜਨ ਤੋਂ ਬਿਨਾ ਸਾਰੇ ਲੋਕ ਪ੍ਰਭੂ ਨੂੰ ਛੱਡ ਕੇ ਹੋਰ ਰੁਝੇਵੇਂ ਵਿਚ ਲੱਗੇ ਰਹਿੰਦੇ ਹਨ। ਹੇ ਨਾਨਕ! ਉਹ ਮਨੁੱਖ ਵੱਡੇ ਹਨ ਤੇ ਵੱਡੇ ਭਾਗਾਂ ਵਾਲੇ ਹਨ ਜਿਨ੍ਹਾਂ ਨੇ ਸੱਚੇ ਪ੍ਰਭੂ ਨੂੰ ਆਪਣੇ ਹਿਰਦੇ ਵਿਚ ਟਿਕਾ ਰੱਖਿਆ ਹੈ।

**ਗੁਰਮੁਖਿ ਰਤਨੁ ਲਹੈ ਲਿਵ ਲਾਇ॥**
**ਗੁਰਮੁਖਿ ਪਰਖੈ ਰਤਨੁ ਸੁਭਾਇ॥**
**ਗੁਰਮੁਖਿ ਸਾਚੀ ਕਾਰ ਕਮਾਇ॥**
**ਗੁਰਮੁਖਿ ਸਾਚੇ ਮਨੁ ਪਤੀਆਇ॥**
**ਗੁਰਮੁਖਿ ਅਲਖੁ ਲਖਾਏ ਤਿਸੁ ਭਾਵੈ॥**
**ਨਾਨਕ ਗੁਰਮੁਖਿ ਚੋਟ ਨ ਖਾਵੈ॥35॥**

ਪਦ ਅਰਥ : ਗੁਰਮੁਖਿ=ਜੋ ਮਨੁੱਖ ਗੁਰੂ ਦੇ ਸਨਮੁਖ ਹੈ। ਰਤਨੁ=ਪ੍ਰਭੂ ਦਾ ਨਾਮ-ਰੂਪ ਕੀਮਤੀ ਪਦਾਰਥ। ਸੁਭਾਇ=ਸੁਤੇ ਹੀ, ਸੁਭਾਵਕ ਹੀ 'ਸੁਭਾਉ' ਅਸਲ ਵਿਚ ਹੈ 'ਸ੍ਵਭਾਵ'=ਆਪਣਾ ਪਿਆਰ, ਆਪਣੀ ਲਗਨ, ਆਪਣੀ ਲਗਨ ਨਾਲ ਹੀ। ਪਤੀਆਇ=ਤਸੱਲੀ ਕਰਾ ਲੈਂਦਾ ਹੈ, ਗਿਝਾ ਲੈਂਦਾ ਹੈ। ਅਲਖੁ=ਜਿਸ ਦਾ ਕੋਈ ਖ਼ਾਸ ਲੱਛਣ ਨਾਹ ਦਿੱਸੇ। ਲਖਾਏ=ਸੂਝ ਪੈਦਾ ਕਰ ਦੇਂਦਾ ਹੈ। ਤਿਸੁ=ਉਸ ਪ੍ਰਭੂ ਨੂੰ। ਚੋਟ=ਮਾਰ।

ਅਰਥ :-ਜੋ ਮਨੁੱਖ ਗੁਰੂ ਦੇ ਕਹੇ ਤੇ ਤੁਰਦਾ ਹੈ ਉਹ ਪ੍ਰਭੂ ਵਿਚ ਸੁਰਤਿ ਜੋੜ ਕੇ ਪ੍ਰਭੂ-ਨਾਮ-ਰੂਪ ਰਤਨ ਲੱਭ ਲੈਂਦਾ ਹੈ, ਉਹ ਮਨੁੱਖ ਇਸ ਆਪਣੀ ਲਗਨ ਨਾਲ ਹੀ ਨਾਮ-ਰਤਨ ਦੀ ਕਦਰ ਜਾਣ ਲੈਂਦਾ ਹੈ। ਬੱਸ! ਇਹੀ ਸੱਚੀ ਕਾਰ ਗੁਰਮੁਖ ਕਮਾਂਦਾ ਹੈ ਤੇ ਸੱਚੇ ਪ੍ਰਭੂ ਵਿਚ ਆਪਣੇ ਮਨ ਨੂੰ ਗਿਝਾ ਲੈਂਦਾ ਹੈ। ਜਦੋਂ ਉਸ ਪ੍ਰਭੂ ਨੂੰ ਭਾਉਂਦਾ ਹੈ ਤਾਂ ਗੁਰਮੁਖ ਉਸ ਅਲੱਖ ਪ੍ਰਭੂ ਦੇ ਗੁਣਾਂ ਦੀ ਹੋਰਨਾਂ ਨੂੰ ਭੀ ਸੂਝ ਪਾ ਦੇਂਦਾ ਹੈ। ਹੇ ਨਾਨਕ! ਜੋ ਮਨੁੱਖ ਗੁਰੂ ਦੇ ਕਹੇ ਤੇ ਤੁਰਦਾ ਹੈ ਉਹ ਵਿਕਾਰਾਂ ਦੀ ਮਾਰ ਨਹੀਂ ਖਾਂਦਾ॥

**ਗੁਰਮੁਖਿ ਨਾਮੁ ਦਾਨੁ ਇਸਨਾਨੁ॥**
**ਗੁਰਮੁਖਿ ਲਾਗੈ ਸਹਜਿ ਧਿਆਨੁ॥**
**ਗੁਰਮੁਖਿ ਪਾਵੈ ਦਰਗਹ ਮਾਨੁ॥**

www.sikhbookclub.com

**ਗੁਰਮੁਖਿ ਭਉ ਭੰਜਨੁ ਪਰਧਾਨੁ ॥**
**ਗੁਰਮੁਖਿ ਕਰਣੀ ਕਾਰ ਕਰਾਏ ॥**
**ਨਾਨਕ ਗੁਰਮੁਖਿ ਮੇਲਿ ਮਿਲਾਏ ॥35॥**

ਪਦ ਅਰਥ :-ਗੁਰਮੁਖਿ ਨਾਮੁ=ਗੁਰਮੁਖਿ ਮਨੁੱਖ ਦਾ ਹੀ ਨਾਮ ਜਪਣਾ ਪ੍ਰਵਾਨ ਹੈ , ਗੁਰੂ ਦੇ ਹੁਕਮ ਵਿਚ ਤੁਰ ਕੇ ਹੀ ਨਾਮ ਸਿਮਰਨਾ ਠੀਕ ਹੈ। ਭਉ ਭੰਜਨੁ=ਦੁਨੀਆ ਵਾਲੇ ਡਰ-ਸਹਿਮ ਨਾਸ ਕਰਨ ਵਾਲਾ ਪ੍ਰਭੂ। ਪਰਧਾਨੁ=ਸਭ ਦਾ ਮੁਖੀ, ਸਭ ਦਾ ਮਾਲਕ। ਗੁਰਮੁਖਿ...ਪਰਧਾਨੁ, ਗੁਰਮੁਖਿ ਪਾਵੈ ਭਉ ਭੰਜਨੁ ਪਰਧਾਨੁ। ਕਰਣੀ ਕਾਰ=ਕਰਨ-ਜੋਗ ਕੰਮ।

ਅਰਥ :-ਜੋ ਮਨੁੱਖ ਗੁਰੂ ਦੇ ਦੱਸੇ ਰਾਹ ਤੇ ਤੁਰਦਾ ਹੈ, ਉਸ ਦਾ ਨਾਮ ਜਪਣਾ ਦਾਨ ਕਰਨਾ ਤੇ ਇਸ਼ਨਾਨ ਕਰਨਾ ਪ੍ਰਵਾਨ ਹੈ। ਗੁਰੂ ਦੇ ਸਨਮੁਖ ਹੋਇਆਂ ਹੀ ਅਡੋਲ ਅਵਸਥਾ ਵਿਚ ਸੁਰਤਿ ਜੁੜਦੀ ਹੈ। ਜੋ ਮਨੁੱਖ ਗੁਰੂ ਦੇ ਸਨਮੁਖ ਹੈ ਉਹ ਪ੍ਰਭੂ ਦੀ ਹਜ਼ੂਰੀ ਵਿਚ ਆਦਰ ਪਾਂਦਾ ਹੈ ਉਹ ਉਸ ਪ੍ਰਭੂ ਨੂੰ ਮਿਲ ਪੈਂਦਾ ਹੈ ਜੋ ਡਰ-ਸਹਿਮ ਨਾਸ ਕਰਨ ਵਾਲਾ ਹੈ ਤੇ ਜੋ ਸਭ ਦਾ ਮਾਲਕ ਹੈ। ਗੁਰਮੁਖ ਮਨੁੱਖ ਹੋਰਨਾਂ ਪਾਸੋਂ ਭੀ ਇਹੀ, ਭਾਵ, ਗੁਰੂ ਦੇ ਹੁਕਮ ਵਿਚ ਤੁਰਨ ਵਾਲਾ ਕਰਨ-ਜੋਗ ਕੰਮ ਕਰਾਂਦਾ ਹੈ, ਤੇ ਇਸ ਤਰ੍ਹਾਂ ਉਹਨਾਂ ਨੂੰ ਹੇ ਨਾਨਕ! ਪ੍ਰਭੂ ਦੇ ਮੇਲ ਵਿਚ ਮਿਲਾ ਦੇਂਦਾ ਹੈ।

**ਗੁਰਮੁਖਿ ਸਾਸਤ੍ਰ ਸਿਮ੍ਰਿਤਿ ਬੇਦ ॥**
**ਗੁਰਮੁਖਿ ਪਾਵੈ ਘਟਿ ਘਟਿ ਭੇਦ ॥**
**ਗੁਰਮੁਖਿ ਵੈਰ ਵਿਰੋਧ ਗਵਾਵੈ ॥**
**ਗੁਰਮੁਖਿ ਸਗਲੀ ਗਣਤ ਮਿਟਾਵੈ ॥**
**ਗੁਰਮੁਖਿ ਰਾਮ ਨਾਮ ਰੰਗਿ ਰਾਤਾ ॥**
**ਨਾਨਕ ਗੁਰਮੁਖਿ ਖਸਮੁ ਪਛਾਤਾ ॥37॥**

ਪਦ ਅਰਥ :-ਭੇਦ=ਰਮਜ਼, ਰਾਜ਼, ਭੇਤ ਦੀ ਗੱਲ। ਘਟਿ ਘਟਿ=ਹਰੇਕ ਘਟ ਵਿਚ ਵਿਆਪਕ ਪ੍ਰਭੂ। ਗਣਤ=ਲੇਖਾ, ਹਿਸਾਬ।

ਅਰਥ :-ਜੋ ਮਨੁੱਖ ਗੁਰੂ ਦੇ ਦੱਸੇ ਰਾਹ ਤੇ ਤੁਰਦਾ ਹੈ, ਉਹ ਮਾਨੋ ਸ਼ਾਸਤ੍ਰਾਂ ਸਿਮ੍ਰਿਤੀਆਂ ਤੇ ਵੇਦਾਂ ਦਾ ਗਿਆਨ ਹਾਸਲ ਕਰ ਚੁਕਾ ਹੈ, ਭਾਵ, ਗੁਰੂ ਦੇ ਹੁਕਮ ਵਿਚ ਤੁਰਨਾ ਹੀ ਗੁਰਮੁਖਿ ਲਈ ਵੇਦਾਂ ਸ਼ਾਸਤ੍ਰਾਂ ਤੇ ਸਿਮ੍ਰਿਤੀਆਂ ਦਾ ਗਿਆਨ ਹੈ। ਗੁਰੂ ਦੇ ਹੁਕਮ ਵਿਚ ਤੁਰ ਕੇ ਉਹ ਹਰੇਕ ਘਟ ਵਿਚ ਵਿਆਪਕ ਪ੍ਰਭੂ ਦਾ ਸਰਬ-ਵਿਆਪਕਤਾ ਦਾ ਭੇਤ ਸਮਝ ਲੈਂਦਾ ਹੈ, ਇਸ ਵਾਸਤੇ ਗੁਰਮੁਖਿ ਦੂਜਿਆਂ ਨਾਲ ਵੈਰ-ਵਿਰੋਧ ਰੱਖਣਾ ਭੁਲਾ ਦੇਂਦਾ ਹੈ, ਇਸ ਵੈਰ-ਵਿਰੋਧ ਦਾ ਸਾਰਾ ਲੇਖਾ ਹੀ ਮਿਟਾ ਦੇਂਦਾ ਹੈ ਭਾਵ, ਕਦੇ ਇਹ ਸੋਚ ਮਨ ਵਿਚ

www.sikhbookclub.com

ਆਉਣ ਹੀ ਨਹੀਂ ਦੇਂਦਾ ਕਿ ਕਿਸੇ ਨੇ ਕਦੇ ਉਸ ਨਾਲ ਵਧੀਕੀ ਕੀਤੀ। ਜੋ ਮਨੁੱਖ ਗੁਰੂ ਦੇ ਸਨਮੁਖ ਹੈ, ਉਹ ਪ੍ਰਭੂ ਦੇ ਨਾਮ ਦੇ ਪਿਆਰ ਵਿਚ ਰੱਤਾ ਰਹਿੰਦਾ ਹੈ। ਹੇ ਨਾਨਕ! ਗੁਰੂ ਦੇ ਸਨਮੁਖ ਮਨੁੱਖ ਨੇ ਖਸਮ ਪ੍ਰਭੂ ਨੂੰ ਪਛਾਣ ਲਿਆ ਹੈ।

ਬਿਨੁ ਗੁਰ ਭਰਮੈ ਆਵੈ ਜਾਇ॥
ਬਿਨੁ ਗੁਰ ਘਾਲ ਨ ਪਵਈ ਥਾਇ॥
ਬਿਨੁ ਗੁਰ ਮਨੂਆ ਅਤਿ ਡੋਲਾਇ॥
ਬਿਨੁ ਗੁਰ ਤ੍ਰਿਪਤਿ ਨਹੀ ਬਿਖੁ ਖਾਇ॥
ਬਿਨੁ ਗੁਰ ਬਿਸੀਅਰੁ ਡਸੈ ਮਰਿ ਵਾਟ॥
ਨਾਨਕ ਗੁਰ ਬਿਨੁ ਘਾਟੇ ਘਾਟ॥38॥

ਪਦ ਅਰਥ :-ਭਰਮੈ=ਭਟਕਦਾ ਹੈ। ਥਾਇ ਨ ਪਵਈ=ਕਬੂਲ ਨਹੀਂ ਹੁੰਦੀ। ਮਨੂਆ=ਚੰਚਲ ਮਨ 'ਮਨ' ਲਫ਼ਜ਼ ਤੋਂ 'ਮਨੂਆ' 'ਅਲਪਾਰਥਕ ਨਾਂਵ' ਹੈ। ਡੋਲਾਇ=ਡੋਲਦਾ ਹੈ, ਸਹਸਿਆਂ ਵਿਚ ਪਿਆ ਰਹਿੰਦਾ ਹੈ। ਬਿਖੁ=ਵਿਹੁ, ਜ਼ਹਿਰ। ਤ੍ਰਿਪਤਿ=ਸੰਤੋਖ। ਬਿਸੀਅਰੁ=ਸੱਪ ਜਗਤ ਦਾ ਮੋਹ।

ਅਰਥ :-ਸਤਿਗੁਰੂ ਦੀ ਸ਼ਰਨ ਆਉਣ ਤੋਂ ਬਿਨਾ ਮਨੁੱਖ ਮਾਇਆ ਵਿਚ ਭਟਕਦਾ ਹੈ ਤੇ ਜੰਮਦਾ ਮਰਦਾ ਰਹਿੰਦਾ ਹੈ। ਗੁਰ-ਸਰਣ ਤੋਂ ਬਿਨਾ ਕੋਈ ਮੇਹਨਤ ਕਬੂਲ ਨਹੀਂ ਪੈਂਦੀ ਕਿਉਂਕਿ "ਹਉ" ਟਿਕੀ ਰਹਿੰਦੀ ਹੈ ਸਤਿਗੁਰੂ ਤੋਂ ਬਿਨਾ ਇਹ ਚੰਚਲ ਮਨ ਬਹੁਤ ਸਂਹਸਿਆਂ ਵਿਚ ਰਹਿੰਦਾ ਹੈ, ਜ਼ਹਿਰ ਖਾ ਖਾ ਕੇ ਭਾਵ ਦੁਨੀਆ ਦੇ ਪਦਾਰਥ ਮਾਣ ਮਾਣ ਕੇ ਰੱਜੀਦਾ ਨਹੀਂ। ਗੁਰੂ ਦੇ ਰਾਹ ਤੇ ਤੁਰਨ) ਤੋਂ ਬਿਨਾ ਜਗਤ ਦਾ ਮੋਹ-ਰੂਪ ਸੱਪ ਡੰਗ ਮਾਰਦਾ ਰਹਿੰਦਾ ਹੈ, ਜ਼ਿੰਦਗੀ ਦੇ ਸਫ਼ਰ ਦੇ ਅੱਧ ਵਿਚ ਹੀ ਆਤਮਕ ਮੌਤੇ ਮਰੀਦਾ ਹੈ। ਹੇ ਨਾਨਕ! ਸਤਿਗੁਰੂ ਦੇ ਹੁਕਮ ਵਿਚ ਤੁਰਨ ਤੋਂ ਬਿਨਾ ਮਨੁੱਖ ਨੂੰ ਆਤਮਕ ਜੀਵਨ ਵਿਚ ਘਾਟਾ ਹੀ ਘਾਟਾ ਰਹਿੰਦਾ ਹੈ।

ਜਿਸੁ ਗੁਰੁ ਮਿਲੈ ਤਿਸੁ ਪਾਰਿ ਉਤਾਰੈ॥
ਅਵਗਣ ਮੇਟੈ ਗੁਣਿ ਨਿਸਤਾਰੈ॥
ਮੁਕਤਿ ਮਹਾ ਸੁਖ ਗੁਰ ਸਬਦੁ ਬੀਚਾਰਿ॥
ਗੁਰਮੁਖਿ ਕਦੇ ਨ ਆਵੈ ਹਾਰਿ॥
ਤਨੁ ਹਟੜੀ ਇਹੁ ਮਨੁ ਵਣਜਾਰਾ॥
ਨਾਨਕ ਸਹਜੇ ਸਚੁ ਵਾਪਾਰਾ॥39॥

ਪਦ ਅਰਥ :-ਗੁਣਿ=ਗੁਣ ਦੀ ਰਾਹੀਂ, ਗੁਣ ਦੇ ਕੇ। ਹਾਰਿ=ਹਾਰ ਕੇ। ਹਟੜੀ=ਸੋਹਣੀ ਜਿਹੀ ਹੱਟੀ 'ਹਟ' ਤੋਂ 'ਹਟੜੀ' 'ਅਲਪਾਰਥਕ ਨਾਂਵ' ਹੈ। ਸਹਜੇ='ਸਹਜ' ਅਵਸਥਾ ਵਿਚ

www.sikhbookclub.com

ਜੁੜ ਕੇ, ਆਤਮਕ ਅਡੋਲਤਾ ਵਿਚ ਟਿਕ ਕੇ।

ਅਰਥ : ਜਿਸ ਮਨੁੱਖ ਨੂੰ ਸਤਿਗੁਰ ਮਿਲ ਪੈਂਦਾ ਹੈ ਉਸ ਨੂੰ ਉਹ "ਦੁਤਰ ਸਾਗਰ" ਤੋਂ ਪਾਰ ਲੰਘਾ ਲੈਂਦਾ ਹੈ, ਗੁਰੂ ਉਸ ਦੇ ਅਉਗਣ ਮਿਟਾ ਦੇਂਦਾ ਹੈ ਤੇ ਗੁਣ ਦੇ ਕੇ ਉਸ ਨੂੰ ਵਿਕਾਰਾਂ ਤੋਂ ਬਚਾ ਲੈਂਦਾ ਹੈ। ਜੋ ਮਨੁੱਖ ਗੁਰੂ ਦੇ ਸਨਮੁਖ ਹੈ ਉਹ ਜ਼ਿੰਦਗੀ ਦੀ ਬਾਜ਼ੀ ਕਦੇ ਹਾਰ ਕੇ ਨਹੀਂ ਆਉਂਦਾ, ਸਤਿਗੁਰੂ ਦਾ ਸ਼ਬਦ ਵਿਚਾਰ ਕੇ ਉਸ ਨੂੰ ਮਾਇਆ ਦੇ ਬੰਧਨਾਂ ਤੋਂ ਆਜ਼ਾਦੀ ਦਾ ਵੱਡਾ ਸੁਖ ਮਿਲਦਾ ਹੈ। ਹੇ ਨਾਨਕ! ਗੁਰਮੁਖ ਆਪਣੇ ਸਰੀਰ ਨੂੰ ਸੋਹਣੀ ਜਿਹੀ ਹੱਟੀ ਤੇ ਮਨ ਨੂੰ ਵਪਾਰੀ ਬਣਾਂਦਾ ਹੈ, ਅਡੋਲਤਾ ਵਿਚ ਰਹਿ ਕੇ ਪਰਮਾਤਮਾ ਦਾ ਨਾਮ-ਵਣਜ ਕਰਦਾ ਹੈ।

ਗੁਰਮੁਖਿ ਬਾਂਧਿਓ ਸੇਤੁ ਬਿਧਾਤੈ ॥
ਲੰਕਾ ਲੂਟੀ ਦੈਤ ਸੰਤਾਪੈ ॥
ਰਾਮਚੰਦਿ ਮਾਰਿਓ ਅਹਿ ਰਾਵਣੁ ॥
ਭੇਦੁ ਬਭੀਖਣ ਗੁਰਮੁਖਿ ਪਰਚਾਇਣੁ ॥
ਗੁਰਮੁਖਿ ਸਾਇਰਿ ਪਾਹਣ ਤਾਰੇ ॥
ਗੁਰਮੁਖਿ ਕੋਟਿ ਤੇਤੀਸ ਉਧਾਰੇ ॥40॥

ਪਦ ਅਰਥ :-ਸੇਤੁ=ਪੁਲ। ਬਿਧਾਤੈ=ਵਿਧਾਤਾ ਨੇ, ਕਰਤਾਰ ਨੇ। ਦੈਤ=ਰਾਖਸ਼। ਸੰਤਾਪੈ=ਦੁਖੀ ਕਰਦਾ ਹੈ। ਰਾਮਚੰਦਿ=ਸ੍ਰੀ ਰਾਮ ਚੰਦ ਨੇ। ਅਹਿ=ਸੱਪ, ਮਨ। ਪਰਚਾਇਣੁ=ਉਪਦੇਸ਼। ਸਾਇਰਿ=ਸਾਗਰ ਉਤੇ। ਪਾਹਣ=ਪੱਥਰ। ਬਭੀਖਣ=ਰਾਵਣ ਦਾ ਭਾਈ ਜਿਸ ਨੇ ਰਾਮ ਚੰਦ੍ਰ ਜੀ ਨੂੰ ਸਾਰੇ ਭੇਤ ਦੱਸੇ ਸਨ।

ਅਰਥ :-ਕਰਤਾਰ ਨੇ ਸੰਸਾਰ-ਸਮੁੰਦਰ ਤੇ ਗੁਰਮੁਖਿ-ਰੂਪ ਪੁਲ ਬੰਨ੍ਹ ਦਿੱਤਾ ਜਿਵੇਂ ਰਾਮਚੰਦ੍ਰ ਜੀ ਨੇ ਸੀਤਾ ਨੂੰ ਲਿਆਉਣ ਵਾਸਤੇ ਸਮੁੰਦਰ ਤੇ ਪੁਲ ਬੱਧਾ ਸੀ। ਰਾਮਚੰਦ੍ਰ ਨੇ ਲੰਕਾ ਲੁੱਟੀ ਤੇ ਰਾਖਸ਼ ਮਾਰੇ, ਤਿਵੇਂ ਗੁਰੂ ਨੇ ਕਾਮਾਦਿਕਾਂ ਦੇ ਵੱਸ ਵਿਚ ਪਏ ਸਰੀਰ ਨੂੰ ਉਹਨਾਂ ਤੋਂ ਛੁਡਾ ਲਿਆ ਤੇ ਉਹ ਪੰਜ ਦੂਤ ਵੱਸ ਵਿਚ ਹੋ ਗਏ। ਰਾਮਚੰਦ੍ਰ ਨੇ ਰਾਵਣ ਨੂੰ ਮਾਰਿਆ ਤਿਵੇਂ ਗੁਰਮੁਖ ਨੇ ਮਨ-ਸੱਪ ਨੂੰ ਮਾਰ ਦਿੱਤਾ; ਸਤਿਗੁਰੂ ਦਾ ਉਪਦੇਸ਼ ਮਨ ਨੂੰ ਮਾਰਨ ਵਿਚ ਇਉਂ ਕੰਮ ਆਇਆ ਜਿਵੇਂ ਬਭੀਖਣ ਦਾ ਭੇਤ ਦੱਸਣਾ, ਰਾਵਣ ਨੂੰ ਮਾਰਨ ਲਈ ਕੰਮ ਆਇਆ। ਰਾਮਚੰਦ੍ਰ ਨੇ ਪੁਲ ਬੰਨ੍ਹਣ ਵੇਲੇ ਪੱਥਰ ਸਮੁੰਦਰ ਤੇ ਤਾਰੇ ਸਤਿਗੁਰੂ ਨੇ ਸੰਸਾਰ ਸਮੁੰਦਰ ਤੋਂ ਪੱਥਰ-ਦਿਲਾਂ ਨੂੰ ਤਾਰ ਦਿੱਤਾ, ਗੁਰੂ ਦੀ ਰਾਹੀਂ ਤੇਤੀ ਕਰੋੜ ਭਾਵ, ਬੇਅੰਤ ਜੀਵ ਤਰ ਗਏ ਹਨ।

ਗੁਰਮੁਖਿ ਚੂਕੈ ਆਵਣ ਜਾਣੁ ॥
ਗੁਰਮੁਖਿ ਦਰਗਹ ਪਾਵੈ ਮਾਣੁ ॥

www.sikhbookclub.com

**ਗੁਰਮੁਖਿ ਖੋਟੇ ਖਰੇ ਪਛਾਣੁ ॥**
**ਗੁਰਮੁਖਿ ਲਾਗੈ ਸਹਜਿ ਧਿਆਨੁ ॥**
**ਗੁਰਮੁਖਿ ਦਰਗਹ ਸਿਫਤਿ ਸਮਾਇ ॥**
**ਨਾਨਕ ਗੁਰਮੁਖਿ ਬੰਧੁ ਨ ਪਾਇ ॥41॥**

ਪਦ ਅਰਥ :-ਪਛਾਣੁ=ਪਛਾਣੂ । ਸਹਜਿ=ਸਹਜ ਵਿਚ, ਆਤਮਕ ਅਡੋਲਤਾ ਵਿਚ। ਬੰਧੁ=ਰੋਕ । ਗੁਰਮੁਖਿ=ਗੁਰੂ ਦੇ ਹੁਕਮ ਵਿਚ ਤੁਰਨ ਵਾਲਾ ਮਨੁੱਖ ।

ਅਰਥ :-ਜੋ ਮਨੁੱਖ ਗੁਰੂ ਦੇ ਹੁਕਮ ਵਿਚ ਤੁਰਦਾ ਹੈ ਉਸ ਦਾ ਜਨਮ ਮਰਨ ਦਾ ਚੱਕਰ ਮੁੱਕ ਜਾਂਦਾ ਹੈ, ਉਹ ਪ੍ਰਭੂ ਦੀ ਹਜ਼ੂਰੀ ਵਿਚ ਆਦਰ ਲੈਂਦਾ ਹੈ । ਗੁਰੂ ਦੇ ਸਨਮੁਖ ਮਨੁੱਖ ਖੋਟੇ ਤੇ ਖਰੇ ਕੰਮਾਂ ਦਾ ਭੇਤੀ ਹੋ ਜਾਂਦਾ ਹੈ ਇਸ ਵਾਸਤੇ ਖੋਟੇ ਕੰਮਾਂ ਵਿਚ ਫਸਦਾ ਨਹੀਂ ਤੇ ਅਡੋਲਤਾ ਵਿਚ ਉਸ ਦੀ ਸੁਰਤਿ ਜੁੜੀ ਰਹਿੰਦੀ ਹੈ । ਗੁਰਮੁਖਿ ਮਨੁੱਖ ਪ੍ਰਭੂ ਦੀ ਸਿਫ਼ਤਿ-ਸਾਲਾਹ ਦੀ ਰਾਹੀਂ ਪ੍ਰਭੂ ਦੀ ਹਜ਼ੂਰੀ ਵਿਚ ਟਿਕਿਆ ਰਹਿੰਦਾ ਹੈ, ਇਸ ਤਰ੍ਹਾਂ ਹੇ ਨਾਨਕ ! ਗੁਰਮੁਖ ਦੀ ਜ਼ਿੰਦਗੀ ਦੇ ਰਾਹ ਵਿਚ ਵਿਕਾਰਾਂ ਦੀ ਕੋਈ ਰੋਕ ਨਹੀਂ ਪੈਂਦੀ।

**ਗੁਰਮੁਖਿ ਨਾਮੁ ਨਿਰੰਜਨ ਪਾਏ ॥**
**ਗੁਰਮੁਖਿ ਹਉਮੈ ਸਬਦਿ ਜਲਾਏ ॥**
**ਗੁਰਮੁਖਿ ਸਾਚੇ ਕੇ ਗੁਣ ਗਾਏ ॥**
**ਗੁਰਮੁਖਿ ਸਾਚੈ ਰਹੈ ਸਮਾਏ ॥**
**ਗੁਰਮੁਖਿ ਸਾਚਿ ਨਾਮਿ ਪਤਿ ਊਤਮ ਹੋਇ ॥**
**ਨਾਨਕ ਗੁਰਮੁਖਿ ਸਗਲ ਭਵਣ ਕੀ ਸੋਝੀ ਹੋਇ ॥42॥**

ਪਦ ਅਰਥ :-ਨਿਰੰਜਨ=ਨਿਰ-ਅੰਜਨ, ਮਾਇਆ ਤੋਂ ਰਹਿਤ ਅੰਜਨੁ=ਸੁਰਮਾ, ਕਾਲਖ, ਮਾਇਆ ਦੀ ਕਾਲਖ। ਸਾਚੈ=ਸੱਚੇ ਪ੍ਰਭੂ ਵਿਚ। ਸਾਚਿ=ਸੱਚ ਵਿਚ। ਨਾਮਿ=ਨਾਮ ਵਿਚ। ਪਤਿ=ਇੱਜ਼ਤ ।

ਅਰਥ :-ਗੁਰੂ ਦੇ ਹੁਕਮ ਵਿਚ ਤੁਰਨ ਵਾਲਾ ਮਨੁੱਖ ਨਿਰੰਜਨ ਦਾ ਨਾਮ ਪ੍ਰਾਪਤ ਕਰਦਾ ਹੈ ਕਿਉਂਕਿ ਉਹ ਆਪਣੀ ਹਉਮੈ ਗੁਰੂ ਦੇ ਸ਼ਬਦ ਦੀ ਰਾਹੀਂ ਸਾੜ ਦੇਂਦਾ ਹੈ। ਗੁਰੂ ਦੇ ਸਨਮੁਖ ਹੋ ਕੇ ਮਨੁੱਖ ਸੱਚੇ ਪ੍ਰਭੂ ਦੇ ਗੁਣ ਗਾਉਂਦਾ ਹੈ ਤੇ ਸਦਾ ਕਾਇਮ ਰਹਿਣ ਵਾਲੇ ਪ੍ਰਭੂ ਵਿਚ ਲੀਨ ਰਹਿੰਦਾ ਹੈ ।

ਸੱਚੇ ਨਾਮ ਵਿਚ ਜੁੜੇ ਰਹਿਣ ਕਰਕੇ ਗੁਰਮੁਖ ਨੂੰ ਉੱਚੀ ਇੱਜ਼ਤ ਮਿਲਦੀ ਹੈ, ਹੇ ਨਾਨਕ! ਗੁਰਮੁਖ ਮਨੁੱਖ ਨੂੰ ਸਾਰੇ ਭਵਨਾਂ ਦੀ ਸੋਝੀ ਹੋ ਜਾਂਦੀ ਹੈ ਭਾਵ, ਗੁਰਮੁਖ ਨੂੰ ਇਹ ਸਮਝ ਆ ਜਾਂਦੀ ਹੈ ਕਿ ਪ੍ਰਭੂ ਸਾਰੇ ਹੀ ਭਵਨਾਂ ਵਿਚ ਮੌਜੂਦ ਹੈ) ।

**ਕਵਣ ਮੂਲੁ ਕਵਣ ਮਤਿ ਵੇਲਾ ॥**

www.sikhbookclub.com

ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ ॥
ਕਵਣ ਕਥਾ ਲੇ ਰਹਹੁ ਨਿਰਾਲੇ ॥
ਬੋਲੈ ਨਾਨਕੁ ਸੁਣਹੁ ਤੁਮ ਬਾਲੇ ॥
ਏਸੁ ਕਥਾ ਕਾ ਦੇਇ ਬੀਚਾਰੁ ॥
ਭਵਜਲੁ ਸਬਦਿ ਲੰਘਾਵਣਹਾਰੁ ॥43॥

ਪਦ ਅਰਥ :-ਮੂਲੁ=ਮੁੱਢ। ਵੇਲਾ=ਸਮਾ। ਕਥਾ=ਗੱਲ। ਕਵਣ ਕਥਾ ਲੇ=ਕੇਹੜੀ ਗੱਲ ਨਾਲ। ਨਿਰਾਲੇ=ਵੱਖਰੇ, ਨਿਰਲੇਪ। ਬਾਲੇ=ਹੇ ਬਾਲਕ! ਸਬਦਿ=ਸ਼ਬਦ ਦੀ ਰਾਹੀਂ। ਲੰਘਾਵਣਹਾਰੁ=ਲੰਘਾਣ-ਜੋਗਾ, ਲੰਘਾਣ ਦੇ ਸਮਰੱਥ।

ਅਰਥ :-ਪ੍ਰਸ਼ਨ-ਜੀਵਨ ਦਾ ਕੀਹ ਮੂਲ ਹੈ? ਕੇਹੜੀ ਸਿੱਖਿਆ ਲੈਣ ਦਾ ਇਹ ਮਨੁੱਖਾ ਜਨਮ ਦਾ ਸਮਾ ਹੈ? ਤੂੰ ਕਿਸ ਗੁਰੂ ਦਾ ਚੇਲਾ ਹੈਂ? ਕੇਹੜੀ ਗੱਲ ਨਾਲ ਤੂੰ ਨਿਰਲੇਪ ਰਹਿੰਦਾ ਹੈਂ?

ਨਾਨਕ ਕਹਿੰਦਾ ਹੈ ਜੋਗੀਆਂ ਨੇ ਕਿਹਾ-ਹੇ ਬਾਲਕ ਨਾਨਕ! ਸੁਣ, ਅਸਾਨੂੰ ਇਸ ਗੱਲ ਦੀ ਭੀ ਵਿਚਾਰ ਦੱਸ ਅਸਾਨੂੰ ਇਹ ਗੱਲ ਭੀ ਸਮਝਾ ਕਿ ਕਿਵੇਂ ਸ਼ਬਦ ਦੀ ਰਾਹੀਂ ਗੁਰੂ ਜੀਵ ਨੂੰ ਸੰਸਾਰ-ਸਮੁੰਦਰ ਤੋਂ ਪਾਰ ਕਰਨ ਦੇ ਸਮਰੱਥ ਹੈ।

ਪਵਨ ਅਰੰਭੁ ਸਤਿਗੁਰ ਮਤਿ ਵੇਲਾ ॥
ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥
ਅਕਥ ਕਥਾ ਲੇ ਰਹਉ ਨਿਰਾਲਾ ॥
ਨਾਨਕ ਜੁਗਿ ਜੁਗਿ ਗੁਰ ਗੋਪਾਲਾ ॥
ਏਕੁ ਸਬਦੁ ਜਿਤੁ ਕਥਾ ਵੀਚਾਰੀ ॥
ਗੁਰਮੁਖਿ ਹਉਮੈ ਅਗਨਿ ਨਿਵਾਰੀ ॥44॥

ਪਦ ਅਰਥ :-ਪਵਨ=ਪ੍ਰਾਣ। ਸੁਰਤਿ ਧੁਨਿ=ਸੁਰਤਿ ਦੀ ਧੁਨਿ, ਲਗਨ, ਟਿਕਾਉ। ਅਕਥ=ਉਹ ਪ੍ਰਭੂ ਜਿਸ ਦਾ ਸਹੀ ਸਰੂਪ ਬਿਆਨ ਨਹੀਂ ਹੋ ਸਕਦਾ। ਰਹਉ=ਮੈਂ ਰਹਿੰਦਾ ਹਾਂ। ਜੁਗ=ਜੁਗ ਵਿਚ। ਜੁਗਿ ਜੁਗਿ=ਹਰੇਕ ਜੁਗ ਵਿਚ। ਗੋਪਾਲ=ਧਰਤੀ ਨੂੰ ਪਾਲਣ ਵਾਲਾ। ਏਕੁ ਸਬਦੁ=ਕੇਵਲ ਸ਼ਬਦ ਹੀ। ਜਿਤੁ=ਜਿਸ ਦੀ ਰਾਹੀਂ। ਨਿਵਾਰੀ=ਦੂਰ ਕੀਤੀ।

ਅਰਥ :-ਉੱਤਰ-ਪ੍ਰਾਣ ਹੀ ਹਸਤੀ ਦਾ ਮੁੱਢ ਹਨ। ਇਹ ਮਨੁੱਖਾ ਜਨਮ ਦਾ ਸਮਾ ਸਤਿਗੁਰੂ ਦੀ ਸਿੱਖਿਆ ਲੈਣ ਦਾ ਹੈ। ਸ਼ਬਦ ਮੇਰਾ ਗੁਰੂ ਹੈ, ਮੇਰੀ ਸੁਰਤਿ ਦਾ ਟਿਕਾਉ ਉਸ ਗੁਰੂ ਦਾ ਸਿੱਖ ਹੈ। ਮੈਂ ਅਕੱਥ ਪ੍ਰਭੂ ਦੀਆਂ ਗੱਲਾਂ ਕਰ ਕੇ ਭਾਵ, ਗੁਣ ਗਾ ਕੇ ਮਾਇਆ ਤੋਂ ਨਿਰਲੇਪ ਰਹਿੰਦਾ ਹਾਂ। ਤੇ, ਹੇ ਨਾਨਕ! ਉਹ ਗੁਰ-ਗੋਪਾਲ ਹਰੇਕ ਜੁਗ ਵਿਚ ਮੌਜੂਦ ਹੈ। ਕੇਵਲ ਗੁਰ-ਸ਼ਬਦ ਹੀ ਹੈ ਜਿਸ ਦੀ ਰਾਹੀਂ ਪ੍ਰਭੂ ਦੇ ਗੁਣ ਵਿਚਾਰੇ ਜਾ ਸਕਦੇ ਹਨ,

www.sikhbookclub.com

ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ ॥
ਕਵਣ ਕਥਾ ਲੇ ਰਹਹੁ ਨਿਰਾਲੇ ॥
ਬੋਲੈ ਨਾਨਕੁ ਸੁਣਹੁ ਤੁਮ ਬਾਲੇ ॥
ਏਸੁ ਕਥਾ ਕਾ ਦੇਇ ਬੀਚਾਰੁ ॥
ਭਵਜਲੁ ਸਬਦਿ ਲੰਘਾਵਣਹਾਰੁ ॥43॥

ਪਦ ਅਰਥ :-ਮੂਲੁ=ਮੁੱਢ। ਵੇਲਾ=ਸਮਾ। ਕਥਾ=ਗੱਲ। ਕਵਣ ਕਥਾ ਲੇ=ਕੇਹੜੀ ਗੱਲ ਨਾਲ। ਨਿਰਾਲੇ=ਵੱਖਰੇ, ਨਿਰਲੇਪ। ਬਾਲੇ=ਹੇ ਬਾਲਕ! ਸਬਦਿ=ਸ਼ਬਦ ਦੀ ਰਾਹੀਂ। ਲੰਘਾਵਣਹਾਰੁ=ਲੰਘਾਣ-ਜੋਗਾ, ਲੰਘਾਣ ਦੇ ਸਮਰੱਥ।

ਅਰਥ :-ਪ੍ਰਸ਼ਨ-ਜੀਵਨ ਦਾ ਕੀਹ ਮੂਲ ਹੈ? ਕੇਹੜੀ ਸਿੱਖਿਆ ਲੈਣ ਦਾ ਇਹ ਮਨੁੱਖਾ ਜਨਮ ਦਾ ਸਮਾ ਹੈ? ਤੂੰ ਕਿਸ ਗੁਰੂ ਦਾ ਚੇਲਾ ਹੈਂ? ਕੇਹੜੀ ਗੱਲ ਨਾਲ ਤੂੰ ਨਿਰਲੇਪ ਰਹਿੰਦਾ ਹੈਂ?

ਨਾਨਕ ਕਹਿੰਦਾ ਹੈ ਜੋਗੀਆਂ ਨੇ ਕਿਹਾ-ਹੇ ਬਾਲਕ ਨਾਨਕ! ਸੁਣ, ਅਸਾਨੂੰ ਇਸ ਗੱਲ ਦੀ ਭੀ ਵਿਚਾਰ ਦੱਸ ਅਸਾਨੂੰ ਇਹ ਗੱਲ ਭੀ ਸਮਝਾ ਕਿ ਕਿਵੇਂ ਸ਼ਬਦ ਦੀ ਰਾਹੀਂ ਗੁਰੂ ਜੀਵ ਨੂੰ ਸੰਸਾਰ-ਸਮੁੰਦਰ ਤੋਂ ਪਾਰ ਕਰਨ ਦੇ ਸਮਰੱਥ ਹੈ।

ਪਵਨ ਅਰੰਭੁ ਸਤਿਗੁਰ ਮਤਿ ਵੇਲਾ ॥
ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥
ਅਕਥ ਕਥਾ ਲੇ ਰਹਉ ਨਿਰਾਲਾ ॥
ਨਾਨਕ ਜੁਗਿ ਜੁਗਿ ਗੁਰ ਗੋਪਾਲਾ ॥
ਏਕੁ ਸਬਦੁ ਜਿਤੁ ਕਥਾ ਵੀਚਾਰੀ ॥
ਗੁਰਮੁਖਿ ਹਉਮੈ ਅਗਨਿ ਨਿਵਾਰੀ ॥44॥

ਪਦ ਅਰਥ :-ਪਵਨ=ਪ੍ਰਾਣ। ਸੁਰਤਿ ਧੁਨਿ=ਸੁਰਤਿ ਦੀ ਧੁਨਿ, ਲਗਨ, ਟਿਕਾਉ। ਅਕਥ=ਉਹ ਪ੍ਰਭੂ ਜਿਸ ਦਾ ਸਹੀ ਸਰੂਪ ਬਿਆਨ ਨਹੀਂ ਹੋ ਸਕਦਾ। ਰਹਉ=ਮੈਂ ਰਹਿੰਦਾ ਹਾਂ। ਜੁਗ=ਜੁਗ ਵਿਚ। ਜੁਗਿ ਜੁਗਿ=ਹਰੇਕ ਜੁਗ ਵਿਚ। ਗੋਪਾਲ=ਧਰਤੀ ਨੂੰ ਪਾਲਣ ਵਾਲਾ। ਏਕੁ ਸਬਦੁ=ਕੇਵਲ ਸ਼ਬਦ ਹੀ। ਜਿਤੁ=ਜਿਸ ਦੀ ਰਾਹੀਂ। ਨਿਵਾਰੀ=ਦੂਰ ਕੀਤੀ।

ਅਰਥ :-ਉੱਤਰ-ਪ੍ਰਾਣ ਹੀ ਹਸਤੀ ਦਾ ਮੁੱਢ ਹਨ। ਇਹ ਮਨੁੱਖਾ ਜਨਮ ਦਾ ਸਮਾ ਸਤਿਗੁਰੂ ਦੀ ਸਿੱਖਿਆ ਲੈਣ ਦਾ ਹੈ। ਸ਼ਬਦ ਮੇਰਾ ਗੁਰੂ ਹੈ, ਮੇਰੀ ਸੁਰਤਿ ਦਾ ਟਿਕਾਉ ਉਸ ਗੁਰੂ ਦਾ ਸਿੱਖ ਹੈ। ਮੈਂ ਅਕੱਥ ਪ੍ਰਭੂ ਦੀਆਂ ਗੱਲਾਂ ਕਰ ਕੇ ਭਾਵ, ਗੁਣ ਗਾ ਕੇ ਮਾਇਆ ਤੋਂ ਨਿਰਲੇਪ ਰਹਿੰਦਾ ਹਾਂ। ਤੇ, ਹੇ ਨਾਨਕ! ਉਹ ਗੁਰ-ਗੋਪਾਲ ਹਰੇਕ ਜੁਗ ਵਿਚ ਮੌਜੂਦ ਹੈ। ਕੇਵਲ ਗੁਰ-ਸ਼ਬਦ ਹੀ ਹੈ ਜਿਸ ਦੀ ਰਾਹੀਂ ਪ੍ਰਭੂ ਦੇ ਗੁਣ ਵਿਚਾਰੇ ਜਾ ਸਕਦੇ ਹਨ,

www.sikhbookclub.com

ਇਸ ਸ਼ਬਦ ਦੀ ਰਾਹੀਂ ਹੀ ਗੁਰਮੁਖ ਮਨੁੱਖ ਨੇ ਹਉਮੈ ਖ਼ੁਦ-ਗਰਜ਼ੀ ਦੀ ਅੱਗ ਆਪਣੇ ਅੰਦਰੋਂ ਦੂਰ ਕੀਤੀ ਹੈ।

**ਮੈਣ ਕੇ ਦੰਤ ਕਿਉ ਖਾਈਐ ਸਾਰੁ ॥**
**ਜਿਤੁ ਗਰਬੁ ਜਾਇ ਸੁ ਕਵਣੁ ਆਹਾਰੁ ॥**
**ਹਿਵੈ ਕਾ ਘਰੁ ਮੰਦਰੁ ਅਗਨਿ ਪਿਰਾਹਨੁ ॥**
**ਕਵਨ ਗੁਫਾ ਜਿਤੁ ਰਹੈ ਅਵਾਹਨੁ ॥**
**ਇਤ ਉਤ ਕਿਸ ਕਉ ਜਾਣਿ ਸਮਾਵੈ ॥**
**ਕਵਨ ਧਿਆਨੁ ਮਨੁ ਮਨਹਿ ਸਮਾਵੈ ॥45॥**

ਪਦ ਅਰਥ :-ਮੈਣ=ਮੋਮ। ਸਾਰੁ=ਲੋਹਾ। ਜਿਤੁ=ਜਿਸ ਦੀ ਰਾਹੀਂ। ਗਰਬੁ=ਅਹੰਕਾਰ। ਅਹਾਰੁ=ਖਾਣਾ। ਹਿਵ=ਬਰਫ਼। ਪਿਰਾਹਨੁ=ਪੈਰਾਹਨ, ਚੋਲਾ। ਜਿਤੁ ਗੁਫਾ=ਜਿਸ ਗੁਫਾ ਵਿਚ। ਅਵਾਹਨੁ=ਅਡੋਲ, ਅਹਿੱਲ। ਇਤ ਉਤ=ਇਥੇ ਓਥੇ, ਲੋਕ ਪਰਲੋਕ ਵਿਚ, ਹਰ ਥਾਂ। ਮਨਹਿ=ਮਨ ਵਿਚ ਹੀ। ਧਿਆਨੁ=ਸੁਰਤਿ ਦਾ ਨਿਸ਼ਾਨਾ, ਮਨ ਨੂੰ ਇਕ ਟਿਕਾਣੇ ਰੱਖਣ ਲਈ ਟਿਕਵਾਂ ਬੱਝਵਾਂ ਖ਼ਿਆਲ।

ਅਰਥ :-ਪ੍ਰਸ਼ਨ-ਮੋਮ ਦੇ ਦੰਦਾਂ ਨਾਲ ਲੋਹਾ ਕਿਵੇਂ ਖਾਧਾ ਜਾਏ? ਉਹ ਕੇਹੜਾ ਖਾਣਾ ਹੈ ਜਿਸ ਨਾਲ ਮਨ ਦਾ ਅਹੰਕਾਰ ਦੂਰ ਹੋ ਜਾਏ? ਜੇ ਬਰਫ਼ ਦਾ ਮੰਦਰ ਹੋਵੇ, ਉਸ ਉਤੇ ਅੱਗ ਦਾ ਚੋਲਾ ਹੋਵੇ, ਤਾਂ ਉਸ ਨੂੰ ਕਿਸ ਗੁਫ਼ਾ ਵਿਚ ਰੱਖੀਏ ਕਿ ਟਿਕਿਆ ਰਹੇ? ਇਥੇ ਉਥੇ ਹਰ ਥਾਂ ਕਿਸ ਨੂੰ ਪਛਾਣ ਕੇ ਉਸ ਵਿਚ ਇਹ ਮਨ ਲੀਨ ਰਹੇ? ਉਹ ਕੇਹੜਾ ਟਿਕਵਾਂ ਬੱਝਵਾਂ ਖ਼ਿਆਲ ਹੈ ਜਿਸ ਕਰਕੇ ਮਨ ਆਪਣੇ ਅੰਦਰ ਹੀ ਟਿਕਿਆ ਰਹੇ ਤੇ ਬਾਹਰ ਨਾਹ ਭਟਕੇ ?

**ਹਉ ਹਉ ਮੈ ਮੈ ਵਿਚਹੁ ਖੋਵੈ ॥**
**ਦੂਜਾ ਮੇਟੈ ਏਕੋ ਹੋਵੈ ॥**
**ਜਗੁ ਕਰੜਾ ਮਨਮੁਖੁ ਗਾਵਾਰੁ ॥**
**ਸਬਦੁ ਕਮਾਈਐ ਖਾਈਐ ਸਾਰੁ ॥**
**ਅੰਤਰਿ ਬਾਹਰਿ ਏਕੋ ਜਾਣੈ ॥**
**ਨਾਨਕ ਅਗਨਿ ਮਰੈ ਸਤਿਗੁਰ ਕੈ ਭਾਣੈ ॥46॥**

ਪਦ ਅਰਥ :-ਦੂਜਾ=ਦੂਜਾਇਗੀ ਦਾ ਖ਼ਿਆਲ, ਮੇਰ-ਤੇਰ, ਵਿਤਕਰਾ। ਸਾਰੁ=ਲੋਹਾ। ਅਗਨਿ=ਤ੍ਰਿਸ਼ਨਾ-ਅੱਗ। ਹਉ ਹਉ, ਮੈ ਮੈ=ਹਰ ਵੇਲੇ 'ਮੈਂ' ਦਾ ਖ਼ਿਆਲ; ਮੈਂ ਵੱਡਾ ਹੋ ਜਾਵਾਂ, ਮੈਂ ਅਮੀਰ ਹੋ ਜਾਵਾਂ=ਹਰ ਵੇਲੇ ਇਹ ਖ਼ਿਆਲ; ਖ਼ੁਦ-ਗ਼ਰਜ਼ੀ।

ਅਰਥ :-ਉੱਤਰ-ਜੋ ਮਨੁੱਖ ਗੁਰੂ ਦੇ ਸਨਮੁਖ ਹੈ ਉਹ ਮਨ ਵਿਚੋਂ ਖ਼ੁਦ-ਗਰਜ਼ੀ ਦੂਰ

www.sikhbookclub.com

ਕਰਦਾ ਹੈ, ਵਿਤਕਰਾ ਮਿਟਾ ਦੇਂਦਾ ਹੈ, ਸਭ ਨਾਲ ਸਾਂਝ ਬਣਾਂਦਾ ਹੈ। ਪਰ ਜੋ ਮੂਰਖ ਮਨੁੱਖ ਮਨ ਦੇ ਪਿੱਛੇ ਤੁਰਦਾ ਹੈ ਉਹਦੇ ਲਈ ਜਗਤ ਕਰੜਾ ਹੈ ਭਾਵ, ਜੀਵਨ ਦੁੱਖਾਂ ਦੀ ਖਾਣ ਹੈ। ਇਹ ਜਗਤ ਦਾ ਦੁਖਦਾਈ-ਪਣ ਰੂਪ ਲੋਹਾ ਤਦੋਂ ਹੀ ਖਾਧਾ ਜਾ ਸਕਦਾ ਹੈ ਜੇ ਸਤਿਗੁਰੂ ਦਾ ਸ਼ਬਦ ਕਮਾਈਏ ਭਾਵ, ਗੁਰੂ ਦੇ ਹੁਕਮ ਵਿਚ ਤੁਰੀਏ। ਬੱਸ! ਇਹ ਹੈ ਮੋਮ ਦੇ ਦੰਦਾਂ ਨਾਲ ਲੋਹੇ ਨੂੰ ਚੱਬਣਾ। ਹੇ ਨਾਨਕ! ਜੋ ਮਨੁੱਖ ਆਪਣੇ ਅੰਦਰ ਤੇ ਬਾਹਰ ਸਾਰੇ ਜਗਤ ਵਿਚ ਇਕ ਪ੍ਰਭੂ ਨੂੰ ਮੌਜੂਦ ਸਮਝਦਾ ਹੈ ਉਸ ਦੀ ਤ੍ਰਿਸ਼ਨਾ ਦੀ ਅੱਗ ਸਤਿਗੁਰੂ ਦੀ ਰਜ਼ਾ ਵਿਚ ਤੁਰਿਆਂ ਮਿਟ ਜਾਂਦੀ ਹੈ।

**ਸਚ ਭੈ ਰਾਤਾ ਗਰਬੁ ਨਿਵਾਰੇ॥**
**ਏਕੋ ਜਾਤਾ ਸਬਦੁ ਵੀਚਾਰੇ॥**
**ਸਬਦੁ ਵਸੈ ਸਚੁ ਅੰਤਰਿ ਹੀਆ॥**
**ਤਨੁ ਮਨੁ ਸੀਤਲੁ ਰੰਗਿ ਰੰਗੀਆ॥**
**ਕਾਮੁ ਕ੍ਰੋਧੁ ਬਿਖੁ ਅਗਨਿ ਨਿਵਾਰੇ॥**
**ਨਾਨਕ ਨਦਰੀ ਨਦਰਿ ਪਿਆਰੇ ॥47॥**

ਪਦ ਅਰਥ :-ਸਚ ਭੈ=ਸੱਚੇ ਪ੍ਰਭੂ ਦੇ ਡਰ ਵਿਚ। ਗਰਬੁ=ਅਹੰਕਾਰ। ਅੰਤਰਿ ਹੀਆ=ਹਿਰਦੇ ਵਿਚ। ਰੰਗਿ=ਰੰਗਿ ਵਿਚ। ਨਦਰੀ=ਮੇਹਰ ਦੀ ਨਜ਼ਰ ਕਰਨ ਵਾਲਾ ਪ੍ਰਭੂ।

ਅਰਥ :-ਜੋ ਮਨੁੱਖ ਸਦਾ ਕਾਇਮ ਰਹਿਣ ਵਾਲੇ ਪ੍ਰਭੂ ਦੇ ਡਰ ਵਿਚ ਰੱਤਾ ਹੋਇਆ ਹੈ ਭਾਵ, ਜਿਸ ਦੇ ਅੰਦਰ ਸਦਾ ਪ੍ਰਭੂ ਦਾ ਡਰ ਮੌਜੂਦ ਹੈ ਉਹ ਅਹੰਕਾਰ ਦੂਰ ਕਰ ਦੇਂਦਾ ਹੈ, ਉਹ ਸਦਾ ਸਤਿਗੁਰੂ ਦੇ ਸ਼ਬਦ ਨੂੰ ਵਿਚਾਰਦਾ ਹੈ ਤੇ ਸ਼ਬਦ ਦੀ ਸਹੈਤਾ ਨਾਲ ਉਸ ਨੇ ਹਰ ਥਾਂ ਇੱਕ ਪ੍ਰਭੂ ਨੂੰ ਪਛਾਣ ਲਿਆ ਹੈ। ਜਿਸ ਮਨੁੱਖ ਦੇ ਹਿਰਦੇ ਵਿਚ ਗੁਰੂ ਦਾ ਸ਼ਬਦ ਵੱਸਦਾ ਹੈ ਉਸ ਦੇ ਅੰਦਰ ਪ੍ਰਭੂ ਆਪ ਵੱਸਦਾ ਹੈ ਪ੍ਰਭੂ ਦੇ ਪਿਆਰ ਵਿਚ ਰੰਗੀਜ ਕੇ ਉਸ ਦਾ ਮਨ ਉਸ ਦਾ ਤਨ ਠੰਢਾ-ਠਾਰ ਹੋ ਜਾਂਦਾ ਹੈ ਕਿਉਂਕਿ ਉਹ ਆਪਣੇ ਅੰਦਰੋਂ ਕਾਮ ਕ੍ਰੋਧ-ਰੂਪ ਜ਼ਹਿਰ ਤੇ ਤ੍ਰਿਸ਼ਨਾ ਦੀ ਅੱਗ ਮਿਟਾ ਲੈਂਦਾ ਹੈ। ਹੇ ਨਾਨਕ! ਉਹ ਮਨੁੱਖ ਮੇਹਰ ਕਰਨ ਵਾਲੇ ਪਿਆਰੇ ਪ੍ਰਭੂ ਦੀ ਨਜ਼ਰ ਵਿਚ ਰਹਿੰਦਾ ਹੈ।

**ਕਵਨ ਮੁਖਿ ਚੰਦੁ ਹਿਵੈ ਘਰੁ ਛਾਇਆ॥**
**ਕਵਨ ਮੁਖਿ ਸੂਰਜੁ ਤਪੈ ਤਪਾਇਆ॥**
**ਕਵਨ ਮੁਖਿ ਕਾਲੁ ਜੋਹਤ ਨਿਤ ਰਹੈ॥**
**ਕਵਨ ਬੁਧਿ ਗੁਰਮੁਖਿ ਪਤਿ ਰਹੈ॥**
**ਕਵਨੁ ਜੋਧੁ ਜੋ ਕਾਲੁ ਸੰਘਾਰੈ॥**
**ਬੋਲੈ ਬਾਣੀ ਨਾਨਕੁ ਬੀਚਾਰੈ ॥48॥**

www.sikhbookclub.com

ਪਦ ਅਰਥ :-ਕਵਨ ਮੁਖਿ=ਕਿਸ ਦੁਆਰੇ ਤੋਂ? ਕਿਸ ਵਸੀਲੇ ਦੀ ਰਾਹੀਂ? ਕਿਸ ਤਰ੍ਹਾਂ? ਹਿਵੈ ਘਰੁ=ਬਰਫ਼ ਦਾ ਘਰ। ਛਾਇਆ=ਪ੍ਰਭਾਵ ਪਾਈ ਰੱਖੇ। ਸੂਰਜੁ=ਗਿਆਨ ਦਾ ਸੂਰਜ। ਜੋਹਤ=ਤੱਕਦਾ। ਜੋਧੁ=ਸੂਰਮਾ। ਸੰਘਾਰੈ=ਮਾਰ ਦੇਵੇ। ਬਾਣੀ ਬੀਚਾਰੈ=ਵੀਚਾਰ ਦੀ ਬਾਣੀ, ਵਿਚਾਰ ਦੇ ਸਿਲਸਿਲੇ ਦੀ ਗੱਲ, 'ਗੋਸਟਿ' ਦੇ ਸਨਬੰਧ ਵਿਚ।

ਅਰਥ :-ਨਾਨਕ ਕਹਿੰਦਾ ਹੈ, 'ਗੋਸਟਿ' ਦੇ ਸਿਲਸਿਲੇ ਵਿਚ ਜੋਗੀਆਂ ਨੇ ਪੁੱਛਿਆ-ਕਿਸ ਤਰ੍ਹਾਂ ਮਨੁੱਖ ਦੇ ਮਨ ਵਿਚ ਸੀਤਲਤਾ ਦਾ ਘਰ ਚੰਦ੍ਰਮਾ ਟਿਕਿਆ ਰਹੇ ਭਾਵ, ਕਿਸ ਤਰ੍ਹਾਂ ਮਨ ਵਿਚ ਸਦਾ ਠੰਡ-ਸ਼ਾਂਤੀ ਬਣੀ ਰਹੇ ? ਕਿਸ ਤਰ੍ਹਾਂ ਮਨ ਵਿਚ ਗਿਆਨ ਦਾ ਸੂਰਜ ਤਪਾਇਆ ਤਪਦਾ ਰਹੇ ਭਾਵ, ਕਿਵੇਂ ਗਿਆਨ ਦਾ ਪ੍ਰਕਾਸ਼ ਸਦਾ ਬਣਿਆ ਰਹੇ ? ਕਿਸ ਤਰ੍ਹਾਂ ਕਾਲ ਨਿਤ ਤੱਕਣੋਂ ਰਹਿ ਜਾਏ ਭਾਵ, ਕਿਵੇਂ ਹਰ ਵੇਲੇ ਦਾ ਮੌਤ ਦਾ ਸਹਿਮ ਮੁੱਕ ਜਾਏ ? ਉਹ ਕੇਹੜੀ ਸਮਝ ਹੈ ਜਿਸ ਕਰਕੇ ਗੁਰਮੁਖਿ ਮਨੁੱਖ ਦੀ ਇੱਜ਼ਤ ਬਣੀ ਰਹਿੰਦੀ ਹੈ? ਉਹ ਕੇਹੜਾ ਸੂਰਮਾ ਹੈ ਜੋ ਮੌਤ ਨੂੰ ਮੌਤ ਦੇ ਭਉ ਨੂੰ ਮਾਰ ਲੈਂਦਾ ਹੈ।

**ਸਬਦੁ ਭਾਖਤ ਸਸਿ ਜੋਤਿ ਅਪਾਰਾ ॥**
**ਸਸਿ ਘਰਿ ਸੂਰੁ ਵਸੈ ਮਿਟੈ ਅੰਧਿਆਰਾ ॥**
**ਸੁਖੁ ਦੁਖੁ ਸਮ ਕਰਿ ਨਾਮੁ ਅਧਾਰਾ ॥**
**ਆਪੇ ਪਾਰਿ ਉਤਾਰਣਹਾਰਾ ॥**
**ਗੁਰ ਪਰਚੈ ਮਨੁ ਸਾਚਿ ਸਮਾਇ ॥**
**ਪ੍ਰਣਵਤਿ ਨਾਨਕੁ ਕਾਲੁ ਨ ਖਾਇ ॥49॥**

ਪਦ ਅਰਥ :-ਭਾਖਤ=ਉੱਚਾਰਦਿਆਂ। ਸਸਿ=ਚੰਦ੍ਰਮਾ। ਘਰਿ=ਘਰ ਵਿਚ। ਸੂਰੁ=ਸੂਰਜ ਭਾਵ, ਗਿਆਨ। ਸਮ=ਇੱਕੋ ਜਿਹਾ, ਬਰਾਬਰ। ਅਧਾਰ=ਆਸਰਾ। ਗੁਰ ਪਰਚੈ=ਸਤਿਗੁਰੂ ਨਾਲ ਡੂੰਘੀ ਸਾਂਝ ਬਣਾਇਆਂ। ਸਾਚਿ=ਸੱਚੇ ਪ੍ਰਭੂ ਵਿਚ। ਪ੍ਰਣਵਤਿ=ਬੇਨਤੀ ਕਰਦਾ ਹੈ।

ਅਰਥ :-ਉੱਤਰ-ਜਦੋਂ ਸਤਿਗੁਰੂ ਦਾ ਸ਼ਬਦ ਉੱਚਾਰਦਿਆਂ ਹਿਰਦੇ ਵਿਚ ਚੰਦ੍ਰਮਾ ਦੀ ਅਪਾਰ ਜੋਤਿ ਪਰਗਟ ਹੋ ਜਾਂਦੀ ਹੈ ਭਾਵ, ਹਿਰਦੇ ਵਿਚ ਸ਼ਾਂਤੀ ਪੈਦਾ ਹੁੰਦੀ ਹੈ , ਚੰਦ੍ਰਮਾ ਦੇ ਘਰ ਵਿਚ ਸੂਰਜ ਆ ਵੱਸਦਾ ਹੈ ਭਾਵ, ਸ਼ਾਂਤ ਹਿਰਦੇ ਵਿਚ ਗਿਆਨ ਦਾ ਸੂਰਜ ਚੜ੍ਹ ਪੈਂਦਾ ਹੈ, ਤਦੋਂ ਅਗਿਆਨਤਾ ਦਾ ਹਨੇਰਾ ਮਿਟ ਜਾਂਦਾ ਹੈ। ਗੁਰ-ਸ਼ਬਦ ਦੀ ਬਰਕਤਿ ਨਾਲ ਜਦੋਂ ਗੁਰਮੁਖਿ ਸੁਖ ਅਤੇ ਦੁੱਖ ਨੂੰ ਇਕੋ ਜਿਹਾ ਜਾਣ ਕੇ 'ਨਾਮ' ਨੂੰ ਜ਼ਿੰਦਗੀ ਦਾ ਆਸਰਾ ਬਣਾਂਦਾ ਹੈ ਭਾਵ, ਜਦੋਂ ਨਾਹ ਸੁਖ ਵਿਚ ਤੇ ਨਾਹ ਦੁੱਖ ਵੇਲੇ ਪ੍ਰਭੂ ਨੂੰ ਭੁਲਾਵੇ ਤਦੋਂ ਤਾਰਨਹਾਰ ਪ੍ਰਭੂ ਉਸ ਨੂੰ ਆਪ ਹੀ "ਦੁਤਰ ਸਾਗਰ" ਤੋਂ ਪਾਰ ਲੰਘਾ ਲੈਂਦਾ ਹੈ। ਨਾਨਕ ਬੇਨਤੀ ਕਰਦਾ ਹੈ ਕਿ ਸਤਿਗੁਰੂ ਨਾਲ ਡੂੰਘੀ ਸਾਂਝ ਬਣਾਇਆਂ ਗੁਰਮੁਖ ਦਾ ਮਨ

www.sikhbookclub.com

ਸੱਚੇ ਪ੍ਰਭੂ ਵਿਚ ਲੀਨ ਰਹਿੰਦਾ ਹੈ, ਤੇ ਉਸ ਨੂੰ ਮੌਤ ਦਾ ਡਰ ਨਹੀਂ ਵਿਆਪਦਾ।

ਨਾਮ ਤਤੁ ਸਭ ਹੀ ਸਿਰਿ ਜਾਪੈ ॥
ਬਿਨੁ ਨਾਵੈ ਦੁਖੁ ਕਾਲੁ ਸੰਤਾਪੈ ॥
ਤਤੋ ਤਤੁ ਮਿਲੈ ਮਨੁ ਮਾਨੈ ॥
ਦੂਜਾ ਜਾਇ ਇਕਤੁ ਘਰਿ ਆਨੈ ॥
ਬੋਲੈ ਪਵਨਾ ਗਗਨੁ ਗਰਜੈ ॥
ਨਾਨਕ ਨਿਹਚਲੁ ਮਿਲਣੁ ਸਹਜੈ ॥50॥

ਪਦ ਅਰਥ :-ਤਤੁ=ਅਸਲੀਅਤ, ਸੱਚਾਈ। ਨਾਮ ਤਤੁ=ਪ੍ਰਭੂ ਦੇ ਨਾਮ ਦੀ ਸੱਚਾਈ। ਸਭ ਹੀ ਸਿਰਿ ਜਾਪੈ=ਸਾਰੇ ਜਾਪਾਂ ਦੇ ਸਿਰ ਤੇ ਹੈ, ਸਾਰੇ ਜਾਪਾਂ ਤੋਂ ਸ੍ਰੇਸ਼ਟ ਹੈ। ਸੰਤਾਪੈ=ਦੁਖੀ ਕਰਦਾ ਹੈ। ਤਤੋ ਤਤੁ=ਤੱਤ ਹੀ ਤੱਤ, ਨਿਰੋਲ ਤੱਤ, ਨਿਰੋਲ ਪ੍ਰਭੂ-ਨਾਮ ਦੀ ਸੱਚਾਈ। ਇਕਤੁ ਘਰਿ=ਇੱਕ ਘਰ ਵਿਚ ਭਾਵ, ਏਕਤਾ ਦੇ ਘਰ ਵਿਚ। ਪਵਨ=ਪ੍ਰਾਣ। ਬੋਲੈ ਪਵਨਾ=ਪ੍ਰਾਣ ਬੋਲਦਾ ਹੈ, ਰੱਬੀ ਜੀਵਨ ਦੀ ਲਹਿਰ ਚੱਲ ਪੈਂਦੀ ਹੈ। ਗਗਨੁ=ਆਕਾਸ਼, ਦਸਮ-ਦੁਆਰ, ਰੱਬੀ ਮਿਲਾਪ ਦੀ ਅਵਸਥਾ। ਗਰਜੈ=ਗੱਜਦਾ ਹੈ, ਬਲਵਾਨ ਹੁੰਦਾ ਹੈ। ਮਿਲਣੁ=ਮਿਲਾਪ। ਸਹਜੈ=ਸਹਜ ਅਵਸਥਾ ਵਿਚ, ਆਤਮਕ ਅਡੋਲਤਾ ਵਿਚ।

ਅਰਥ :-ਪ੍ਰਭੂ ਦੇ ਨਾਮ ਦੀ ਸੱਚਾਈ ਹਿਰਦੇ ਵਿਚ ਸਹੀ ਕਰਨੀ ਸਾਰੇ ਜਾਪਾਂ ਦਾ ਸ਼੍ਰੋਮਣੀ ਜਾਪ ਹੈ। ਜਦ ਤਕ ਹਿਰਦੇ ਵਿਚ ਨਾਮ, ਤੱਤ ਸਹੀ ਨਹੀਂ ਹੁੰਦਾ, ਮਨੁੱਖ ਨੂੰ ਕਈ ਕਿਸਮ ਦਾ, ਦੁੱਖ ਸਤਾਂਦਾ ਹੈ ਮੌਤ ਦਾ ਡਰ ਦੁਖੀ ਕਰਦਾ ਹੈ। ਜਦੋਂ ਹਿਰਦੇ ਵਿਚ ਨਿਰੋਲ ਪ੍ਰਭੂ-ਨਾਮ ਦੀ ਸੱਚਾਈ ਭਾਵ, ਇਹ ਸਰਧਾ ਕਿ ਪ੍ਰਭੂ ਦਾ ਨਾਮ ਹੀ ਸਦਾ-ਥਿਰ ਰਹਿਣ ਵਾਲਾ ਹੈ ਪਰਗਟ ਹੋ ਜਾਂਦੀ ਹੈ ਤਾਂ ਮਨੁੱਖ ਦਾ ਮਨ ਉਸ ਸੱਚਾਈ ਵਿਚ ਪਤੀਜ ਜਾਂਦਾ ਹੈ, ਮੇਰ-ਤੇਰ ਵਾਲਾ ਸੁਭਾਉ ਦੂਰ ਹੋ ਜਾਂਦਾ ਹੈ, ਮਨੁੱਖ ਏਕਤਾ ਦੇ ਘਰ ਵਿਚ ਆ ਟਿਕਦਾ ਹੈ, ਰੱਬੀ ਜੀਵਨ ਦੀ ਲਹਿਰ ਚੱਲ ਪੈਂਦੀ ਹੈ, ਰੱਬੀ ਮਿਲਾਪ ਦੀ ਅਵਸਥਾ ਬਲਵਾਨ ਹੋ ਜਾਂਦੀ ਹੈ, ਤੇ, ਇਸ ਤਰ੍ਹਾਂ ਹੇ ਨਾਨਕ! ਸਹਜ ਅਵਸਥਾ ਵਿਚ ਟਿਕਿਆਂ ਜੀਵ ਤੇ ਪ੍ਰਭੂ ਦਾ ਮਿਲਾਪ ਸਦਾ ਲਈ ਪੱਕਾ ਹੋ ਜਾਂਦਾ ਹੈ।

ਅੰਤਰਿ ਸੁੰਨੰ ਬਾਹਰਿ ਸੁੰਨੰ ਤ੍ਰਿਭਵਣ ਸੁੰਨ ਮਸੁੰਨੰ॥
ਚਉਥੇ ਸੁੰਨੈ ਜੋ ਨਰੁ ਜਾਣੈ ਤਾ ਕਉ ਪਾਪੁ ਨ ਪੁੰਨੰ॥
ਘਟਿ ਘਟਿ ਸੁੰਨ ਕਾ ਜਾਣੈ ਭੇਉ॥
ਆਦਿ ਪੁਰਖੁ ਨਿਰੰਜਨ ਦੇਉ॥
ਜੋ ਜਨੁ ਨਾਮ ਨਿਰੰਜਨ ਰਾਤਾ॥
ਨਾਨਕ ਸੋਈ ਪੁਰਖੁ ਬਿਧਾਤਾ॥51॥

www.sikhbookclub.com

ਪਦ ਅਰਥ :-ਸੁੰਨ=ਨਿਰਗੁਣ ਪ੍ਰਭੂ, ਉਹ ਪ੍ਰਭੂ ਜਿਸ ਵਿਚ ਮਾਇਆ ਵਾਲੇ ਫੁਰਨੇ ਨਹੀਂ ਉਠਦੇ। ਸੁੰਨ ਮਸੁੰਨ=ਸੁੰਨ ਹੀ ਸੁੰਞ, ਨਿਰੋਲ ਨਿਰਗੁਣ ਪ੍ਰਭੂ ਹੀ, ਨਿਰੋਲ ਉਹੀ ਪ੍ਰਭੂ ਜੋ ਮਾਇਆ ਦੇ ਫੁਰਨਿਆਂ ਦੇ ਅਸਰ ਹੇਠ ਨਹੀਂ ਆ ਸਕਦਾ। ਚਉਥੇ ਸੁੰਨ=ਚਉਥੀ ਅਵਸਥਾ ਵਾਲੇ ਨਿਰਗੁਣ ਪ੍ਰਭੂ ਨੂੰ, ਉਸ ਨਿਰਗੁਣ ਪ੍ਰਭੂ ਨੂੰ ਜੋ ਤ੍ਰਿਗੁਣੀ ਮਾਇਆ ਦੇ ਅਸਰ ਤੋਂ ਉੱਚਾ ਹੈ। ਘਟਿ ਘਟਿ ਸੁੰਨ ਕਾ=ਹਰੇਕ ਘਟ ਵਿਚ ਵਿਆਪਕ ਨਿਰਗੁਣ ਪ੍ਰਭੂ ਦਾ; ਉਸ ਪ੍ਰਭੂ ਦਾ ਜੋ ਹਰੇਕ ਘਟ ਵਿਚ ਮੌਜੂਦ ਭੀ ਹੈ ਤੇ ਨਿਰਲੇਪ ਹੈ। ਭੇਉ=ਭੇਤ। ਆਦਿ=ਸਭ ਦਾ ਮੁੱਢ। ਬਿਧਾਤਾ=ਕਰਤਾ, ਸਿਰਜਨਹਾਰ।

ਅਰਥ :-ਜਦੋਂ ਹਿਰਦੇ ਵਿਚ ਨਿਰੋਲ ਪ੍ਰਭੂ-ਨਾਮ ਦੀ ਸੱਚਾਈ ਪਰਗਟ ਹੋ ਪੈਂਦੀ ਹੈ ਤਾਂ ਇਹ ਯਕੀਨ ਬਣ ਜਾਂਦਾ ਹੈ ਕਿ ਅੰਦਰ ਤੇ ਬਾਹਰ ਭਾਵ, ਗੁਪਤ ਤੇ ਪਰਗਟ, ਦਿੱਸਦੇ ਤੇ ਅਣਦਿੱਸਦੇ ਪਦਾਰਥਾਂ ਵਿਚ ਹਰ ਥਾਂ ਸਾਰੀ ਤ੍ਰਿਲੋਕੀ ਵਿਚ ਉਹੀ ਪ੍ਰਭੂ ਵਿਆਪਕ ਹੈ ਜਿਸ ਵਿਚ ਮਾਇਆ ਵਾਲੇ ਫੁਰਨੇ ਨਹੀਂ ਉਠਦੇ ਕਿਉਂਕਿ ਮਾਇਆ ਤਾਂ ਉਸ ਦੀ ਆਪਣੀ ਬਣਾਈ ਖੇਡ ਹੈ। ਜੋ ਮਨੁੱਖ ਤ੍ਰਿਗੁਣੀ ਮਾਇਆ ਦੇ ਅਸਰ ਤੋਂ ਉੱਚੇ ਰਹਿਣ ਵਾਲੇ ਉਸ ਪ੍ਰਭੂ ਨੂੰ ਸਹੀ ਤੌਰ ਤੇ ਸਮਝ ਲੈਂਦਾ ਹੈ, ਉਸ ਨੂੰ ਭੀ ਚਉਥੀ ਅਵਸਥਾ ਵਿਚ ਟਿਕਿਆ ਹੋਣ ਕਰਕੇ ਪਾਪ ਤੇ ਪੁੰਨ ਪੋਹ ਨਹੀਂ ਸਕਦਾ ਭਾਵ, ਕੋਈ ਪਾਪ ਕਿਸੇ ਕੁਕਰਮ ਵਲ ਨਹੀਂ ਪ੍ਰੇਰਦਾ ਅਤੇ ਕੋਈ ਪੁੰਨ-ਕਰਮ ਉਸ ਦੇ ਅੰਦਰ ਕਿਸੇ ਸਵਰਗ ਆਦਿਕ ਦੀ ਲਾਲਸਾ ਪੈਦਾ ਨਹੀਂ ਕਰਦਾ। ਜੋ ਮਨੁੱਖ ਹਰੇਕ ਘਟ ਵਿਚ ਵਿਆਪਕ ਨਿਰਗੁਣ ਪ੍ਰਭੂ ਦਾ ਭੇਤ ਜਾਣ ਲੈਂਦਾ ਹੈ ਭਾਵ, ਜੋ ਮਨੁੱਖ ਇਹ ਦ੍ਰਿੜ੍ਹ ਕਰ ਲੈਂਦਾ ਹੈ ਕਿ ਪ੍ਰਭੂ ਹਰੇਕ ਘਟ ਵਿਚ ਮੌਜੂਦ ਭੀ ਹੈ, ਤੇ ਫਿਰ ਭੀ ਨਿਰਲੇਪ ਹੈ, ਉਹ ਮਨੁੱਖ ਭੀ ਦੁਨੀਆ ਵਿਚ ਰਹਿੰਦਾ ਹੋਇਆ ਨਿਰਲੇਪ ਹੋ ਕੇ ਆਦਿ ਪੁਰਖ ਨਿਰੰਜਨ ਪ੍ਰਭੂ ਦਾ ਰੂਪ ਹੋ ਜਾਂਦਾ ਹੈ। ਹੇ ਨਾਨਕ! ਜੋ ਮਨੁੱਖ ਮਾਇਆ ਤੋਂ ਰਹਿਤ ਪਰਮਾਤਮਾ ਦੇ ਨਾਮ ਦਾ ਮਤਵਾਲਾ ਹੈ, ਉਹੀ ਸਿਰਜਨਹਾਰ ਪ੍ਰਭੂ ਦਾ ਰੂਪ ਹੋ ਜਾਂਦਾ ਹੈ।

ਸੁੰਨੋ ਸੁੰਨੁ ਕਹੈ ਸਭੁ ਕੋਈ ॥
ਅਨਹਤ ਸੁੰਨੁ ਕਹਾ ਤੇ ਹੋਈ ॥
ਅਨਹਤ ਸੁੰਨਿ ਰਤੇ ਸੇ ਕੈਸੇ ॥
ਜਿਸ ਤੇ ਉਪਜੇ ਤਿਸ ਹੀ ਜੈਸੇ ॥
ਓਇ ਜਨਮਿ ਨ ਮਰਹਿ ਨ ਆਵਹਿ ਜਾਹਿ ॥
ਨਾਨਕ ਗੁਰਮੁਖਿ ਮਨੁ ਸਮਝਾਹਿ ॥52॥

ਪਦ ਅਰਥ :-ਸੁੰਨੋ ਸੁੰਨੁ=ਸੁੰਞ ਹੀ ਸੁੰਞ, ਨਿਰੋਲ ਉਹ ਅਵਸਥਾ ਜਿਥੇ ਮਾਇਆ ਦੇ ਫੁਰਨੇ ਨਾਹ ਉੱਠਣ। ਅਨਹਤ=ਇੱਕ-ਰਸ, ਸਦਾ ਟਿਕੀ ਰਹਿਣ ਵਾਲੀ। ਕਹਾ ਤੇ=ਕਿਸ

www.sikhbookclub.com

ਤੋਂ? ਕਿਥੋਂ? ਕਿਵੇਂ? ਸੁੰਨਿ=ਅਫੁਰ ਅਵਸਥਾ ਵਿਚ। ਓਇ=ਉਹ ਬੰਦੇ। ਸਭੁ ਕੋਈ=ਹਰੇਕ ਮਨੁੱਖ।

ਅਰਥ :-ਹਰੇਕ ਮਨੁੱਖ "ਅਫੁਰ ਅਵਸਥਾ" ਦਾ ਜ਼ਿਕਰ ਕਰਦਾ ਹੈ ਪਰ ਅਮਲੀ ਜੀਵਨ ਵਿਚ ਇਹ ਗੱਲ ਕੋਈ ਵਿਰਲਾ ਹੀ ਜਾਣਦਾ ਹੈ ਕਿ ਸਦਾ ਟਿਕੀ ਰਹਿਣ ਵਾਲੀ ਅਫੁਰ ਅਵਸਥਾ ਕਿਵੇਂ ਬਣ ਸਕਦੀ ਹੈ, ਕਿਉਂਕਿ ਇਸ ਅਵਸਥਾ ਵਾਲਾ ਜੀਵਨ ਜੀਵਿਆਂ ਹੀ ਇਸ ਅਵਸਥਾ ਦੀ ਸਮਝ ਪੈ ਸਕਦੀ ਹੈ । ਕਹਣ-ਮਾਤ੍ਰ ਜੇ ਕੋਈ ਪੁੱਛੇ ਕਿ ਅਫੁਰ ਅਵਸਥਾ ਵਿਚ ਜੁੜੇ ਹੋਏ ਬੰਦੇ ਕਿਹੋ ਜਿਹੇ ਹੁੰਦੇ ਹਨ ਤਾਂ ਇਸ ਦਾ ਉੱਤਰ ਇਹ ਹੈ ਕਿ ਉਹ ਮਨੁੱਖ ਉਸ ਪਰਮਾਤਮਾ ਵਰਗੇ ਹੀ ਹੋ ਜਾਂਦੇ ਹਨ ਜਿਸ ਤੋਂ ਉਹ ਪੈਦਾ ਹੋਏ ਹਨ। ਹੇ ਨਾਨਕ! ਜੋ ਮਨੁੱਖ ਗੁਰੂ ਦੇ ਹੁਕਮ ਉਤੇ ਤੁਰ ਕੇ ਮਨ ਨੂੰ ਸੁਮੱਤੇ ਲਾਂਦੇ ਹਨ, ਉਹ ਮੁੜ ਮੁੜ ਨਾਹ ਜੰਮਦੇ ਹਨ ਨਾਹ ਮਰਦੇ ਹਨ, ਉਹਨਾਂ ਦਾ ਆਵਾ-ਗਵਨ ਦਾ ਚੱਕਰ ਮੁੱਕ ਜਾਂਦਾ ਹੈ।

**ਨਉ ਸਰ ਸੁਭਰ ਦਸਵੈ ਪੂਰੇ ॥**
**ਤਹ ਅਨਹਤ ਸੁੰਨ ਵਜਾਵਹਿ ਤੂਰੇ ॥**
**ਸਾਚੈ ਰਾਚੇ ਦੇਖਿ ਹਜੂਰੇ ॥**
**ਘਟਿ ਘਟਿ ਸਾਚੁ ਰਹਿਆ ਭਰਪੂਰੇ ॥**
**ਗੁਪਤੀ ਬਾਣੀ ਪਰਗਟੁ ਹੋਇ ॥**
**ਨਾਨਕ ਪਰਖਿ ਲਏ ਸਚੁ ਸੋਇ ॥53॥**

ਪਦ ਅਰਥ :-ਜਹ=ਜਿਸ ਅਵਸਥਾ ਵਿਚ। ਨਉ ਸਰ=ਸਰੀਰ ਦੀਆਂ ਨੌਂ ਗੋਲਕਾਂ। ਸੁਭਰ=ਨਕਾ-ਨਕ ਭਰੇ ਹੋਏ। ਨਉ ਸਰ ਸੁਭਰ=ਨਕਾ-ਨਕ ਭਰੇ ਹੋਏ ਸਰੋਵਰਾਂ ਵਰਗੀਆਂ ਨੌਂ ਗੋਲਕਾਂ, ਉਹਨਾਂ ਸਰੋਵਰਾਂ ਵਰਗੀਆਂ ਗੋਲਕਾਂ ਜਿਨ੍ਹਾਂ ਦੇ ਵਹਿਣ ਰੁਕੇ ਹੋਏ ਹਨ। ਦਸਵੈ=ਦਸਵੇਂ ਸਰ ਵਿਚ। ਤਹ=ਉਸ ਅਵਸਥਾ ਵਿਚ। ਅਨਹਤ ਸੁੰਨ ਤੂਰੇ=ਇੱਕ-ਰਸ ਅਫੁਰ ਅਵਸਥਾ ਦੇ ਵਾਜੇ। ਤੂਰੇ=ਵਾਜੇ। ਹਜੂਰੇ=ਹਾਜ਼ਰ-ਨਾਜ਼ਰ, ਅੰਗ-ਸੰਗ। ਗੁਪਤੀ ਬਾਣੀ=ਲੁਕਵੀਂ ਰੌ। ਸੋਇ=ਉਹ ਮਨੁੱਖ।

ਅਰਥ :-ਨਾਮ ਦੀ ਬਰਕਤਿ ਨਾਲ ਜਦੋਂ ਨੌਂ ਗੋਲਕਾਂ ਨਕਾ-ਨਕ ਭਰੀਜ ਕੇ ਭਾਵ, ਬਾਹਰ ਵਲ ਦੇ ਵਹਿਣ ਬੰਦ ਕਰ ਕੇ, ਮਾਇਕ ਪਦਾਰਥਾਂ ਵਲ ਦੀ ਦੌੜ ਮਿਟਾ ਕੇ ਦਸਵੇਂ ਸਰ ਵਿਚ ਭਾਵ, ਪ੍ਰਭੂ-ਮਿਲਾਪ ਦੀ ਅਵਸਥਾ ਵਿਚ ਜਾ ਪੈਂਦੀਆਂ ਹਨ, ਤਦੋਂ ਗੁਰਮੁਖ ਇੱਕ-ਰਸ ਅਫੁਰ ਅਵਸਥਾ ਦੇ ਵਾਜੇ ਵਜਾਉਂਦੇ ਹਨ ਭਾਵ, ਅਫੁਰ ਅਵਸਥਾ ਉਹਨਾਂ ਦੇ ਅੰਦਰ ਇਤਨੀ ਬਲ ਵਾਲੀ ਹੋ ਜਾਂਦੀ ਹੈ ਕਿ ਹੋਰ ਫੁਰਨਾ ਉਥੇ ਆ ਹੀ ਨਹੀਂ ਸਕਦਾ। ਇਸ ਅਵਸਥਾ ਵਿਚ ਅੱਪੜੇ ਹੋਏ ਗੁਰਮੁਖ ਸਦਾ ਕਾਇਮ ਰਹਿਣ ਵਾਲੇ ਪ੍ਰਭੂ ਨੂੰ ਅੰਗ-

www.sikhbookclub.com

ਸੰਗ ਵੇਖ ਕੇ ਉਸ ਵਿਚ ਟਿਕੇ ਰਹਿੰਦੇ ਹਨ, ਉਹਨਾਂ ਨੂੰ ਉਹ ਸੱਚਾ ਪ੍ਰਭੂ ਹਰੇਕ ਘਟ ਵਿਚ ਵਿਆਪਕ ਦਿੱਸਦਾ ਹੈ। ਇਸ ਤਰ੍ਹਾਂ ਜਿਸ ਮਨੁੱਖ ਦੇ ਅੰਦਰ ਉਹ ਲੁਕਵੀਂ ਰੱਬੀ ਜੀਵਨ ਦੀ ਰੌ ਪਰਗਟ ਹੁੰਦੀ ਹੈ ਭਾਵ, ਜਿਸ ਨੂੰ ਉਹ ਆਪਣੇ ਅੰਗ-ਸੰਗ ਤੇ ਸਭ ਵਿਚ ਵਿਆਪਕ ਦਿੱਸ ਪੈਂਦਾ ਹੈ, ਹੇ ਨਾਨਕ! ਉਹ ਮਨੁੱਖ ਉਸ ਸੱਚੇ ਪ੍ਰਭੂ ਦੇ ਨਾਮ-ਰੂਪ ਸਉਦੇ ਦੀ ਕਦਰ ਸਮਝ ਲੈਂਦਾ ਹੈ।

ਸਹਜ ਭਾਇ ਮਿਲੀਐ ਸੁਖੁ ਹੋਵੈ॥
ਗੁਰਮੁਖਿ ਜਾਗੈ ਨੀਦ ਨ ਸੋਵੈ॥
ਸੁੰਨ ਸਬਦੁ ਅਪਰੰਪਰਿ ਧਾਰੈ॥
ਕਹਤੇ ਮੁਕਤੁ ਸਬਦਿ ਨਿਸਤਾਰੈ॥
ਗੁਰ ਕੀ ਦੀਖਿਆ ਸੇ ਸਚਿ ਰਾਤੇ॥
ਨਾਨਕ ਆਪੁ ਗਵਾਇ ਮਿਲਣ ਨਹੀ ਭ੍ਰਾਤੇ॥54॥

ਪਦ ਅਰਥ :-ਸਹਜ ਭਾਇ=ਸੁਤੇ ਹੀ, ਸਹਿਜ ਅਵਸਥਾ ਦੇ ਭਾਵ ਵਿਚ, ਅਡੋਲਤਾ ਵਿਚ ਅੱਪੜ ਕੇ। ਸੁੰਨ ਸਬਦੁ=ਨਿਰਗੁਣ ਪ੍ਰਭੂ ਦੀ ਸਿਫ਼ਤਿ-ਸਾਲਾਹ ਦੀ ਬਾਣੀ। ਅਪਰੰਪਰਿ=ਅਪਰੰਪਰ ਵਿਚ, ਬੇਅੰਤ ਪ੍ਰਭੂ ਵਿਚ। ਸਬਦਿ=ਸ਼ਬਦ ਦੀ ਰਾਹੀਂ। ਦੀਖਿਆ=ਉਹ ਸਿੱਖਿਆ ਜਿਸ ਨਾਲ ਸਿੱਖ ਆਪਣੇ ਆਪ ਨੂੰ ਗੁਰੂ ਦੇ ਹਵਾਲੇ ਕਰਦਾ ਹੈ। ਭ੍ਰਾਤੇ=ਭ੍ਰਾਂਤਿ, ਭਟਕਣਾ।

ਅਰਥ :-ਜੇ ਅਡੋਲਤਾ ਵਿਚ ਰਹਿ ਕੇ ਪ੍ਰਭੂ ਨੂੰ ਮਿਲੀਏ ਤਾਂ ਪੂਰਨ ਸੁਖ ਹੁੰਦਾ ਹੈ। ਜੋ ਮਨੁੱਖ ਗੁਰੂ ਦੇ ਹੁਕਮ ਵਿਚ ਤੁਰਦਾ ਹੈ ਉਹ ਸੁਚੇਤ ਰਹਿੰਦਾ ਹੈ ਮਾਇਆ ਦੀ ਨੀਂਦਰ ਵਿਚ ਨਹੀਂ ਸਉਂਦਾ, ਪਰਮਾਤਮਾ ਦੀ ਸਿਫ਼ਤਿ-ਸਾਲਾਹ ਦੀ ਬਾਣੀ ਉਸ ਨੂੰ ਬੇਅੰਤ ਪ੍ਰਭੂ ਵਿਚ ਟਿਕਾਈ ਰੱਖਦੀ ਹੈ, ਇਸ ਬਾਣੀ ਨੂੰ ਉਚਾਰ ਉਚਾਰ ਕੇ ਗੁਰਮੁਖ ਹਉਮੈ ਤੋਂ ਸੁਤੰਤਰ ਹੋ ਜਾਂਦਾ ਹੈ ਤੇ ਹੋਰਨਾਂ ਨੂੰ ਇਸ ਸ਼ਬਦ ਦੀ ਰਾਹੀਂ ਮੁਕਤ ਕਰਾਂਦਾ ਹੈ। ਹੇ ਨਾਨਕ! ਜਿਨ੍ਹਾਂ ਗੁਰੂ ਦੀ ਸਿੱਖਿਆ ਗ੍ਰਹਿਣ ਕੀਤੀ ਹੈ ਉਹ ਸੱਚੇ ਪ੍ਰਭੂ ਵਿਚ ਰੰਗੇ ਗਏ ਹਨ, ਆਪਾ-ਭਾਵ ਮਿਟਾ ਕੇ ਉਹਨਾਂ ਦਾ ਮੇਲ ਪ੍ਰਭੂ ਨਾਲ ਹੋ ਜਾਂਦਾ ਹੈ, ਮਨ ਦੀ ਭਟਕਣਾ ਮਿਟ ਜਾਂਦੀ ਹੈ।

ਕੁਬੁਧਿ ਚਵਾਵੈ ਸੋ ਕਿਤੁ ਠਾਇ॥
ਕਿਉ ਤਤੁ ਨ ਬੂਝੈ ਚੋਟਾ ਖਾਇ॥
ਜਮ ਦਰਿ ਬਾਧੇ ਕੋਇ ਨ ਰਾਖੈ॥
ਬਿਨੁ ਸਬਦੈ ਨਾਹੀ ਪਤਿ ਸਾਖੈ॥
ਕਿਉ ਕਰਿ ਬੂਝੈ ਪਾਵੈ ਪਾਰੁ॥
ਨਾਨਕ ਮਨਮੁਖਿ ਨ ਬੁਝੈ ਗਵਾਰੁ॥55॥

www.sikhbookclub.com

ਪਦ ਅਰਥ :-ਚਵਾਵੈ=ਚੁਕਾ ਦੇਵੇ, ਦੂਰ ਕਰੇ। ਸੋ=ਇਹ ਗੱਲ। ਕਿਤੁ ਠਾਇ=ਕਿਸ ਥਾਂ ਤੇ? ਦਰਿ=ਦਰ ਤੇ। ਪਤਿ ਸਾਖ=ਇੱਜ਼ਤ ਤੇ ਇਤਬਾਰ। ਪਾਰੁ=ਪਾਰਲਾ ਬੰਨਾ।

ਪਦ ਅਰਥ :-ਪ੍ਰਸ਼ਨ-ਇਹ ਗੱਲ ਕਿਸ ਥਾਂ ਤੇ ਹੋ ਸਕਦੀ ਹੈ ਕਿ ਮਨੁੱਖ ਆਪਣੀ ਭੈੜੀ ਮੱਤ ਦੂਰ ਕਰ ਲਏ? ਮਨੁੱਖ ਕਿਉਂ ਅਸਲੀਅਤ ਨਹੀਂ ਸਮਝਦਾ ਤੇ ਦੁਖੀ ਹੁੰਦਾ ਹੈ, ਜਮ ਦੇ ਦਰ ਤੇ ਬੱਧੇ ਹੋਏ ਦੀ ਕੋਈ ਸਹਾਇਤਾ ਨਹੀਂ ਕਰ ਸਕਦਾ, ਸਤਿਗੁਰੂ ਦੇ ਸ਼ਬਦ ਤੋਂ ਬਿਨਾ ਇਸ ਦੀ ਕਿਤੇ ਇੱਜ਼ਤ ਨਹੀਂ, ਇਤਬਾਰ ਨਹੀਂ ਭਾਵ, ਗੁਰੂ ਦੇ ਸ਼ਬਦ ਅਨੁਸਾਰ ਨਾਹ ਤੁਰਨ ਕਰਕੇ ਮਨੁੱਖ ਲੋਕਾਂ ਵਿਚ ਇੱਜ਼ਤ ਇਤਬਾਰ ਗਵਾ ਲੈਂਦਾ ਹੈ, ਦੁਨੀਆ ਦੀਆਂ ਮੌਜਾਂ ਵਿਚ ਫਸਿਆ ਹੋਣ ਕਰਕੇ ਮੌਤ ਤੋਂ ਭੀ ਹਰ ਵੇਲੇ ਡਰਦਾ ਹੈ ਇਹੋ ਜਿਹੀਆ ਸੱਟਾਂ ਸਦਾ ਖਾਂਦਾ ਰਹਿੰਦਾ ਹੈ, ਦੁਖੀ ਰਹਿੰਦਾ ਹੈ, ਫਿਰ ਭੀ ਅਸਲੀਅਤ ਨੂੰ ਸਮਝਦਾ ਨਹੀਂ। ਇਹ ਕਿਉਂ ? ਹੇ ਨਾਨਕ ! ਮਨਮੁਖ ਮੂਰਖ ਸਮਝਦਾ ਨਹੀਂ, ਇਹ ਕਿਵੇਂ ਸਮਝੇ ਤੇ 'ਦੁੱਤਰ ਸਾਗਰ' ਦੇ ਪਾਰਲੇ ਕੰਢੇ ਲੱਗੇ?

ਕੁਬੁਧਿ ਮਿਟੈ ਗੁਰ ਸਬਦੁ ਬੀਚਾਰਿ ॥
ਸਤਿਗੁਰੁ ਭੇਟੈ ਮੋਖ ਦੁਆਰ ॥
ਤਤੁ ਨ ਚੀਨੈ ਮਨਮੁਖੁ ਜਲਿ ਜਾਇ ॥
ਦੁਰਮਤਿ ਵਿਛੁੜਿ ਚੋਟਾ ਖਾਇ ॥
ਮਾਨੈ ਹੁਕਮੁ ਸਭੇ ਗੁਣ ਗਿਆਨ ॥
ਨਾਨਕ ਦਰਗਹ ਪਾਵੈ ਮਾਨੁ ॥56॥

ਪਦ ਅਰਥ :-ਭੇਟੈ=ਮਿਲੈ। ਦੁਰਮਤਿ=ਭੈੜੀ ਅਕਲ ਦੇ ਕਾਰਨ। ਚੋਟਾ ਖਾਇ=ਮਾਰ ਖਾਂਦਾ ਹੈ, ਦੁਖੀ ਹੁੰਦਾ ਹੈ।

ਅਰਥ :-ਉੱਤਰ-ਸਤਿਗੁਰੂ ਦਾ ਸ਼ਬਦ ਵੀਚਾਰਿਆਂ ਭੈੜੀ ਮਤ ਦੂਰ ਹੁੰਦੀ ਹੈ। ਜਦੋਂ ਗੁਰੂ ਮਿਲ ਪੈਂਦਾ ਹੈ, ਤਦੋਂ ਇਸ ਭੈੜੀ ਮਤ ਤੋਂ ਖ਼ਲਾਸੀ ਦਾ ਰਾਹ ਲੱਭ ਪੈਂਦਾ ਹੈ। ਪਰ ਜੋ ਮਨੁੱਖ ਮਨ ਦੇ ਪਿੱਛੇ ਤੁਰਦਾ ਹੈ ਉਹ ਅਸਲੀਅਤ ਨਹੀਂ ਪਛਾਣਦਾ, ਵਿਕਾਰਾਂ ਵਿਚ ਸੜਦਾ ਰਹਿੰਦਾ ਹੈ, ਦੁਰਮਤਿ ਦੇ ਕਾਰਨ ਪ੍ਰਭੂ ਤੋਂ ਵਿਛੁੜ ਕੇ ਦੁਖੀ ਹੁੰਦਾ ਹੈ। ਹੇ ਨਾਨਕ! ਜੋ ਮਨੁੱਖ ਗੁਰੂ ਦਾ ਹੁਕਮ ਮੰਨਦਾ ਹੈ, ਉਸ ਵਿਚ ਸਾਰੇ ਗੁਣ ਆ ਜਾਂਦੇ ਹਨ, ਉਸ ਨੂੰ ਸਾਰੀ ਸੂਝ ਪ੍ਰਾਪਤ ਹੋ ਜਾਂਦੀ ਹੈ, ਤੇ; ਉਹ ਪ੍ਰਭੂ ਦੀ ਹਜ਼ੂਰੀ ਵਿਚ ਆਦਰ ਪਾਂਦਾ ਹੈ।

ਸਾਚੁ ਵਖਰੁ ਧਨੁ ਪਲੈ ਹੋਇ ॥
ਆਪਿ ਤਰੈ ਤਾਰੇ ਭੀ ਸੋਇ ॥
ਸਹਜਿ ਰਤਾ ਬੂਝੈ ਪਤਿ ਹੋਇ ॥
ਤਾ ਕੀ ਕੀਮਤਿ ਕਰੈ ਨ ਕੋਇ ॥

www.sikhbookclub.com

**ਜਹ ਦੇਖਾ ਤਹ ਰਹਿਆ ਸਮਾਇ ॥**

**ਨਾਨਕ ਪਾਰਿ ਪਰੈ ਸਚ ਭਾਇ ॥57॥**

ਪਦ ਅਰਥ :-ਪਲੈ ਹੋਇ=ਹਾਸਲ ਕੀਤਾ ਹੋਵੇ। ਸੋਇ=ਉਹ ਮਨੁੱਖ। ਸਹਜਿ=ਸਹਿਜ ਵਿਚ, ਅਡੋਲਤਾ ਵਿਚ। ਪਤਿ=ਇੱਜ਼ਤ। ਸਚ ਭਾਇ=ਸੱਚ ਦੇ ਭਾਵ ਵਿਚ, ਸੱਚੇ ਪ੍ਰਭੂ ਦੇ ਅਨੁਸਾਰ ਹੋ ਕੇ, ਸੱਚੇ ਦੀ ਰਜ਼ਾ ਵਿਚ ਰਹਿ ਕੇ।

ਅਰਥ :-ਜਿਸ ਮਨੁੱਖ ਨੇ ਸੱਚਾ ਸਉਦਾ ਨਾਮ-ਧਨ ਖੱਟਿਆ ਹੈ ਉਹ ਆਪ 'ਦੁੱਤਰ ਸਾਗਰ' ਤੋਂ ਤਰਦਾ ਹੈ ਤੇ ਹੋਰਨਾਂ ਨੂੰ ਤਾਰਦਾ ਹੈ, ਅਡੋਲ ਅਵਸਥਾ ਵਿਚ ਮਸਤ ਰਹਿ ਕੇ ਅਸਲੀਅਤ ਨੂੰ ਸਮਝਦਾ ਹੈ ਤੇ ਆਦਰ ਪਾਂਦਾ ਹੈ, ਅਜੇਹੇ ਮਨੁੱਖ ਦਾ ਕੋਈ ਮੁੱਲ ਨਹੀਂ ਪਾ ਸਕਦਾ। ਹੇ ਨਾਨਕ! ਸੱਚੇ ਦੀ ਰਜ਼ਾ ਵਿਚ ਰਹਿ ਕੇ ਉਹ ਮਨੁੱਖ 'ਦੁਤਰ ਸਾਗਰ' ਤੋਂ ਪਾਰ ਲੰਘ ਜਾਂਦਾ ਹੈ, ਜਿਧਰ ਤੱਕਦਾ ਹੈ ਉਧਰ ਪ੍ਰਭੂ ਹੀ ਪ੍ਰਭੂ ਉਸ ਨੂੰ ਵਿਆਪਕ ਦਿੱਸਦਾ ਹੈ।

**ਸੁ ਸਬਦ ਕਾ ਕਹਾ ਵਾਸੁ ਕਥੀਅਲੇ ਜਿਤੁ ਤਰੀਐ ਭਵਜਲੁ ਸੰਸਾਰੋ ॥**
**ਤ੍ਰੈ ਸਤ ਅੰਗੁਲ ਵਾਈ ਕਹੀਐ ਤਿਸੁ ਕਹੁ ਕਵਨੁ ਅਧਾਰੋ ॥**
**ਬੋਲੈ ਖੇਲੈ ਅਸਥਿਰੁ ਹੋਵੈ ਕਿਉ ਕਰਿ ਅਲਖੁ ਲਖਾਏ ॥**
**ਸੁਣਿ ਸੁਆਮੀ ਸਚੁ ਨਾਨਕੁ ਪ੍ਰਣਵੈ ਅਪਣੇ ਮਨ ਸਮਝਾਏ ॥**
**ਗੁਰਮੁਖਿ ਸਬਦੇ ਸਚਿ ਲਿਵ ਲਾਗੈ ਕਰਿ ਨਦਰੀ ਮੇਲਿ ਮਿਲਾਏ ॥**
**ਆਪੇ ਦਾਨਾ ਆਪੇ ਬੀਨਾ ਪੂਰੈ ਭਾਗਿ ਸਮਾਏ ॥58॥**

ਪਦ ਅਰਥ :-ਸੁ=ਉਸ। ਜਿਤੁ=ਜਿਸ ਸ਼ਬਦ ਦੀ ਰਾਹੀਂ। ਕਥੀਅਲੇ=ਕਿਹਾ ਜਾਏ। ਤ੍ਰੈ ਸਤ=ਤਿੰਨ ਤੇ ਸੱਤ, ਦਸ। ਵਾਈ=ਪ੍ਰਾਣ। ਤ੍ਰੈ ਸਤ ਅੰਗੁਲ ਵਾਈ=ਦਸ ਉਂਗਲ-ਪ੍ਰਮਾਣ ਪ੍ਰਾਣ। ਕਹੁ=ਦੱਸੋ। ਕਵਨੁ=ਕੀਹ? ਸੁਣਿ=ਸੁਣ ਕੇ। ਮਨ ਸਮਝਾਏ=ਕਿਉਂਕਰਿ ਆਪਣੇ ਮਨ ਸਮਝਾਏ। ਗੁਰਮੁਖਿ=ਗੁਰੂ ਦੇ ਹੁਕਮ ਵਿਚ ਤੁਰਨ ਵਾਲਾ ਮਨੁੱਖ। ਸਬਦੇ=ਸ਼ਬਦ ਦੀ ਰਾਹੀਂ। ਸਚਿ=ਸੱਚੇ ਪ੍ਰਭੂ ਵਿਚ। ਨਦਰੀ=ਮੇਹਰ ਦੀ ਨਜ਼ਰ। ਦਾਨਾ=ਦਿਲ ਦੀ ਜਾਣਨ ਵਾਲਾ ਪ੍ਰਭੂ। ਬੀਨਾ=ਪਛਾਣਨ ਵਾਲਾ। ਪੂਰੈ ਭਾਗਿ=ਉੱਚੀ ਕਿਸਮਤ ਦੇ ਕਾਰਨ। ਸਮਾਏ, ਪ੍ਰਭੂ ਵਿਚ ਟਿਕਿਆ ਰਹਿੰਦਾ ਹੈ।

ਅਰਥ :-ਪ੍ਰਸ਼ਨ-ਜਿਸ ਸ਼ਬਦ ਦੀ ਰਾਹੀਂ ਸੰਸਾਰ-ਸਮੁੰਦਰ ਤਰੀਦਾ ਹੈ ਉਸ ਸ਼ਬਦ ਦਾ ਟਿਕਾਣਾ ਕਿੱਥੇ ਕਿਹਾ ਜਾ ਸਕਦਾ ਹੈ? 'ਪ੍ਰਾਣ' ਭਾਵ ਸੁਆਸ ਨੂੰ ਦਸ-ਉਂਗਲ-ਪ੍ਰਮਾਣ ਕਹੀਦਾ ਹੈ ਦੱਸੋ, ਇਸ ਦਾ ਕੀਹ ਆਸਰਾ ਹੈ? ਜੋ ਜੀਵਾਤਮਾ ਇਸ ਸਰੀਰ ਵਿਚ ਬੋਲਦਾ ਤੇ ਕਲੋਲ ਕਰਦਾ ਹੈ ਉਹ ਸਦਾ ਲਈ ਕਿਵੇਂ ਅਡੋਲ ਹੋ ਸਕਦਾ ਹੈ ਤੇ ਕਿਵੇਂ ਉਸ ਪ੍ਰਭੂ ਨੂੰ ਵੇਖੇ ਜਿਸ ਦਾ ਕੋਈ ਖ਼ਾਸ ਚਿਹਨ ਚੱਕ੍ਰ ਨਹੀਂ। ਨਾਨਕ ਕਹਿੰਦਾ ਹੈ, ਜੋਗੀਆਂ ਨੇ

www.sikhbookclub.com

ਪੁੱਛਿਆ-ਹੇ ਸੁਆਮੀ ! ਸੱਚੇ ਪ੍ਰਭੂ ਦੀ ਗੱਲ ਸੁਣ ਕੇ ਮਨੁੱਖ ਆਪਣੇ ਮਨ ਨੂੰ ਕਿਵੇਂ ਸੁਮੱਤੇ ਲਾ ਸਕਦਾ ਹੈ?

ਉਤਰ-ਜੋ ਮਨੁੱਖ ਗੁਰੂ ਦੇ ਹੁਕਮ ਵਿਚ ਤੁਰਦਾ ਹੈ, ਗੁਰੂ ਸ਼ਬਦ ਦੀ ਰਾਹੀਂ ਉਸ ਦੀ ਲਿਵ ਸੱਚੇ ਪ੍ਰਭੂ ਵਿਚ ਲੱਗ ਜਾਂਦੀ ਹੈ, ਤੇ, ਪ੍ਰਭੂ ਮੇਹਰ ਦੀ ਨਜ਼ਰ ਕਰ ਕੇ ਉਸ ਨੂੰ ਆਪਣੇ ਵਿਚ ਜੋੜ ਲੈਂਦਾ ਹੈ, ਕਿਉਂਕਿ ਪ੍ਰਭੂ ਉਸ ਦੇ ਦਿਲ ਦੀ ਆਪ ਹੀ ਜਾਣਦਾ ਹੈ, ਆਪ ਹੀ ਪਛਾਣਦਾ ਹੈ। ਇਸ ਤਰ੍ਹਾਂ ਉੱਚੀ ਕਿਸਮਤ ਕਰਕੇ ਗੁਰਮੁਖਿ ਮਨੁੱਖ ਪ੍ਰਭੂ ਵਿਚ ਟਿਕਿਆ ਰਹਿੰਦਾ ਹੈ।

**ਸੁ ਸਬਦ ਕਉ ਨਿਰੰਤਰਿ ਵਾਸੁ ਅਲਖੰ ਜਹ ਦੇਖਾ ਤਹ ਸੋਈ ॥**
**ਪਵਨ ਕਾ ਵਾਸਾ ਸੁੰਨ ਨਿਵਾਸਾ ਅਕਲ ਕਲਾ ਧਰ ਸੋਈ ॥**
**ਨਦਰਿ ਕਰੇ ਸਬਦੁ ਘਟ ਮਹਿ ਵਸੈ ਵਿਚਹੁ ਭਰਮੁ ਗਵਾਏ ॥**
**ਤਨੁ ਮਨੁ ਨਿਰਮਲੁ ਨਿਰਮਲ ਬਾਣੀ ਨਾਮੋੁ ਮੰਨਿ ਵਸਾਏ ॥**
**ਸਬਦਿ ਗੁਰੂ ਭਵਸਾਗਰੁ ਤਰੀਐ ਇਤ ਉਤ ਏਕੋ ਜਾਣੈ ॥**
**ਚਿਹਨੁ ਵਰਨੁ ਨਹੀ ਛਾਇਆ ਮਾਇਆ ਨਾਨਕ ਸਬਦੁ ਪਛਾਣੈ ॥59॥**

ਪਦ ਅਰਥ :-ਕਉ=ਨੂੰ। ਨਿਰੰਤਰਿ=ਇੱਕ-ਰਸ। 'ਸੁੰਨ', ਅਤੇ 'ਸਬਦ' ਦੋਹਾਂ ਦਾ 'ਨਿਰੰਤਰਿ ਵਾਸੁ' ਹੈ। ਇਸ ਦਾ ਭਾਵ ਇਹ ਹੈ ਕਿ ਗੁਰੂ ਨਾਨਕ ਦੇਵ ਜੀ ਦੀਆਂ ਨਜ਼ਰਾਂ ਵਿਚ 'ਪ੍ਰਭੂ' ਅਤੇ ਉਸ ਦੀ ਸਿਫ਼ਤਿ-ਸਾਲਾਹ ਦਾ 'ਸ਼ਬਦ' ਇੱਕ ਰੂਪ ਹਨ। ਦੇਖਾ=ਵੇਖਦਾ ਹਾਂ। ਪਵਨ=ਸ਼ਬਦ, ਗੁਰੂ ਦਾ ਸ਼ਬਦ, ਪ੍ਰਭੂ ਦੀ ਸਿਫ਼ਤਿ-ਸਾਲਾਹ ਦਾ ਸ਼ਬਦ। ਅਕਲ ਸੰਸਕ੍ਰਿਤ ਅਕਲ=ਨਾਸਤਿ ਕਲਾ, ਜਿਸ ਦੇ ਟੋਟੇ ਟੋਟੇ ਨਹੀਂ ਹਨ, ਪੂਰਨ ਪਾਰਬ੍ਰਹਮ। ਕਲਾਧਰ=ਸੱਤਾ ਧਾਰਨ ਵਾਲਾ। ਨਾਮੋੁ। ਮੰਨਿ=ਮਨ ਵਿਚ। ਭਵ=ਸੰਸਾਰ। ਛਾਇਆ=ਪ੍ਰਭਾਵ, ਸਾਇਆ।

ਅਰਥ :-ਜਿਸ 'ਸ਼ਬਦ' ਦੀ ਰਾਹੀਂ "ਦੁੱਤਰ ਸਾਗਰ" ਤਰੀਦਾ ਹੈ ਉਸ 'ਸ਼ਬਦ' ਨੂੰ ਇੱਕ-ਰਸ ਥਾਂ ਮਿਲਿਆ ਹੋਇਆ ਹੈ ਭਾਵ, ਉਹ ਸ਼ਬਦ ਹਰ ਥਾਂ ਭਰਪੂਰ ਹੈ, 'ਸ਼ਬਦ' ਅਲੱਖ ਪ੍ਰਭੂ ਦਾ ਰੂਪ ਹੈ, ਮੈਂ ਜਿਧਰ ਵੇਖਦਾ ਹਾਂ ਉਹ ਸ਼ਬਦ ਹੀ ਸ਼ਬਦ ਹੈ, ਜਿਵੇਂ ਅਫੁਰ ਪ੍ਰਭੂ ਦਾ ਵਾਸ ਹਰ ਥਾਂ ਹੈ ਤਿਵੇਂ 'ਸ਼ਬਦ' ਦਾ ਵਾਸ ਹਰ ਥਾਂ ਹੈ। 'ਸ਼ਬਦ' ਉਹੀ ਹੈ ਜੋ ਸੰਪੂਰਣ ਸੱਤਿਆ-ਧਾਰੀ ਪ੍ਰਭੂ ਹੈ ਭਾਵ 'ਪ੍ਰਭੂ' ਤੇ ਪ੍ਰਭੂ ਦੀ ਸਿਫ਼ਤਿ ਦਾ 'ਸ਼ਬਦ' ਇੱਕ ਹੀ ਹਨ। ਜਿਸ ਮਨੁੱਖ ਉਤੇ ਪ੍ਰਭੂ ਮੇਹਰ ਦੀ ਨਜ਼ਰ ਕਰਦਾ ਹੈ, ਉਸ ਦੇ ਹਿਰਦੇ ਵਿਚ ਇਹ 'ਸ਼ਬਦ' ਵੱਸਦਾ ਹੈ, ਉਹ ਮਨੁੱਖ ਹਿਰਦੇ ਵਿਚੋਂ ਭਟਕਣਾ ਦੂਰ ਕਰ ਲੈਂਦਾ ਹੈ, ਉਸ ਦਾ ਤਨ ਤੇ ਉਸ ਦਾ ਮਨ ਤੇ ਉਸ ਦੀ ਬਾਣੀ ਪਵਿਤ੍ਰ ਹੋ ਜਾਂਦੇ ਹਨ। ਪ੍ਰਭੂ ਦਾ ਨਾਮ ਹੀ ਉਹ ਮਨੁੱਖ ਆਪਣੇ ਮਨ ਵਿਚ ਵਸਾਈ ਰੱਖਦਾ ਹੈ। ਸਤਿਗੁਰ ਦੇ 'ਸ਼ਬਦ' ਦੀ ਰਾਹੀਂ

www.sikhbookclub.com

ਸੰਸਾਰ-ਸਮੁੰਦਰ ਤਰੀਦਾ ਹੈ। ਜੋ ਤਰਿਆ ਹੈ ਉਹ ਇਥੇ ਉਥੇ ਲੋਕ ਪਰਲੋਕ ਵਿਚ ਹਰ ਥਾਂ ਇੱਕ ਪ੍ਰਭੂ ਨੂੰ ਵਿਆਪਕ ਜਾਣਦਾ ਹੈ। ਹੇ ਨਾਨਕ! ਜੋ ਮਨੁੱਖ ਇਸ 'ਸ਼ਬਦ' ਨੂੰ ਪਛਾਣ ਲੈਂਦਾ ਹੈ 'ਸ਼ਬਦ' ਨਾਲ ਡੂੰਘੀ ਸਾਂਝ ਪਾ ਲੈਂਦਾ ਹੈ ਉਸ ਉਤੇ ਮਾਇਆ ਦਾ ਪ੍ਰਭਾਵ ਨਹੀਂ ਰਹਿੰਦਾ ਤੇ ਉਸ ਦਾ ਆਪਣਾ ਵੱਖਰਾ ਚਿਹਨ ਤੇ ਵਰਨ ਨਹੀਂ ਰਹਿ ਜਾਂਦਾ ਭਾਵ, ਉਸ ਦਾ ਵੱਖਰਾ-ਪਨ ਮਿਟ ਜਾਂਦਾ ਹੈ, ਉਸ ਦੇ ਅੰਦਰੋਂ ਮੇਰ-ਤੇਰ ਦੂਰ ਹੋ ਜਾਂਦੀ ਹੈ।

**ਤ੍ਰੈ ਸਤ ਅੰਗੁਲ ਵਾਈ ਅਉਧੂ ਸੁੰਨ ਸਚੁ ਆਹਾਰੋ ॥**
**ਗੁਰਮੁਖਿ ਬੋਲੈ ਤਤੁ ਬਿਰੋਲੈ ਚੀਨੈ ਅਲਖ ਅਪਾਰੋ ॥**
**ਤ੍ਰੈ ਗੁਣ ਮੇਟੈ ਸਬਦੁ ਵਸਾਏ ਤਾ ਮਨਿ ਚੂਕੈ ਅਹੰਕਾਰੋ ॥**
**ਅੰਤਰਿ ਬਾਹਰਿ ਏਕੋ ਜਾਣੈ ਤਾ ਹਰਿ ਨਾਮਿ ਲਗੈ ਪਿਆਰੋ ॥**
**ਸੁਖਮਨਾ ਇੜਾ ਪਿੰਗੁਲਾ ਬੂਝੈ ਜਾ ਆਪੇ ਅਲਖੁ ਲਖਾਏ ॥**
**ਨਾਨਕ ਤਿਹੁ ਤੇ ਊਪਰਿ ਸਾਚਾ ਸਤਿਗੁਰ ਸਬਦਿ ਸਮਾਏ ॥60॥**

ਪਦ ਅਰਥ :-ਅਉਧੂ=ਹੇ ਜੋਗੀ! ਆਹਾਰੋ=ਖ਼ੁਰਾਕ, ਆਸਰਾ। ਬੋਲੈ=ਜਪਦਾ ਹੈ। ਤਤੁ=ਅਸਲੀਅਤ। ਵਿਰੋਲੈ=ਰਿੜਕਦਾ ਹੈ। ਇੜਾ=ਖੱਬੀ ਨਾਸ ਦੀ ਨਾੜੀ। ਪਿੰਗੁਲਾ=ਸੱਜੀ ਨਾਸ ਦੀ ਨਾੜੀ। ਸੁਖਮਨਾ=ਵਿਚਕਾਰਲੀ ਨਾੜੀ ਜਿਥੇ ਪ੍ਰਾਣਾਯਾਮ ਵੇਲੇ ਸੁਆਸ ਟਿਕਾਈਦੇ ਹਨ। ਤਿਹੁ ਤੇ=ਤਿਨ੍ਹਾਂ ਤੋਂ, ਇੜਾ ਪਿੰਗੁਲਾ ਸੁਖਮਨਾ ਦੇ ਅਭਿਆਸ ਤੋਂ, ਪ੍ਰਾਣਾਯਾਮ ਤੋਂ। ਮਨਿ=ਮਨ ਵਿਚੋਂ। ਚੂਕੈ=ਮੁੱਕ ਜਾਂਦਾ ਹੈ।

ਅਰਥ :-ਉੱਤਰ-ਹੇ ਜੋਗੀ! ਦਸ-ਉਂਗਲ-ਪ੍ਰਮਾਣ ਪ੍ਰਾਣਾਂ ਦੀ ਖ਼ੁਰਾਕ ਅਫੁਰ ਸੱਚਾ ਪ੍ਰਭੂ ਹੈ ਭਾਵ, ਸੁਆਸ ਸੁਆਸ ਪ੍ਰਭੂ ਦਾ ਨਾਮ ਹੀ ਜਪਣਾ ਹੈ, ਪ੍ਰਭੂ ਦਾ ਨਾਮ ਹੀ ਪ੍ਰਾਣਾਂ ਦਾ ਆਸਰਾ ਹੈ ਜੋ ਮਨੁੱਖ ਗੁਰੂ ਦੇ ਹੁਕਮ ਵਿਚ ਤੁਰ ਕੇ ਸੁਆਸ ਸੁਆਸ ਪ੍ਰਭੂ ਦਾ ਨਾਮ ਜਪਦਾ ਹੈ, ਉਹ ਅਸਲੀਅਤ ਭਾਵ, ਜਗਤ ਦਾ ਮੂਲ ਹਾਸਲ ਕਰ ਲੈਂਦਾ ਹੈ, ਉਹ ਅਲੱਖ ਤੇ ਅਪਾਰ ਪ੍ਰਭੂ ਨੂੰ ਪਛਾਣ ਲੈਂਦਾ ਹੈ ਪ੍ਰਭੂ ਨਾਲ ਡੂੰਘੀ ਸਾਂਝ ਪਾ ਲੈਂਦਾ ਹੈ। ਜਦੋਂ ਮਨੁੱਖ ਗੁਰੂ ਦਾ ਸ਼ਬਦ ਹਿਰਦੇ ਵਿਚ ਵਸਾਂਦਾ ਹੈ ਸ਼ਬਦ ਦੀ ਬਰਕਤਿ ਨਾਲ ਮਾਇਆ ਦਾ ਤ੍ਰੈ-ਗੁਣੀ ਪ੍ਰਭਾਵ ਮਿਟਾ ਲੈਂਦਾ ਹੈ, ਤਾਂ ਉਸ ਦੇ ਮਨ ਵਿਚੋਂ ਅਹੰਕਾਰ ਨਾਸ ਹੋ ਜਾਂਦਾ ਹੈ। ਇਸ ਤਰ੍ਹਾਂ ਜਦੋਂ ਉਹ ਆਪਣੇ ਅੰਦਰ ਤੇ ਬਾਹਰ ਜਗਤ ਵਿਚ ਇੱਕ ਪ੍ਰਭੂ ਨੂੰ ਹੀ ਵੇਖਦਾ ਹੈ, ਤਾਂ ਉਸ ਦਾ ਪਿਆਰ ਪ੍ਰਭੂ ਦੇ ਨਾਮ ਵਿਚ ਬਣ ਜਾਂਦਾ ਹੈ। ਹੇ ਨਾਨਕ! ਜਦੋਂ ਅਲੱਖ ਪ੍ਰਭੂ ਆਪਣਾ ਆਪ ਲਖਾਂਦਾ ਹੈ ਆਪਣੇ ਸਰੂਪ ਦੀ ਸਮਝ ਬਖ਼ਸ਼ਦਾ ਹੈ , ਤਦੋਂ ਗੁਰਮੁਖ ਇੜਾ ਪਿੰਗੁਲਾ ਸੁਖਮਨਾ ਨੂੰ ਸਮਝ ਲੈਂਦਾ ਹੈ, ਭਾਵ, ਗੁਰਮੁਖਿ ਨੂੰ ਇਹ ਸਮਝ ਆ ਜਾਂਦੀ ਹੈ ਕਿ ਸਦਾ ਕਾਇਮ ਰਹਿਣ ਵਾਲਾ ਪ੍ਰਭੂ ਇੜਾ ਪਿੰਗੁਲਾ ਸੁਖਮਨਾ ਦੇ ਅੱਭਿਆਸ ਤੋਂ ਉਤਾਂਹ ਹੈ, ਉਸ ਵਿਚ ਤਾਂ ਸਤਿਗੁਰੂ ਦੇ ਸ਼ਬਦ ਦੀ ਰਾਹੀਂ ਹੀ ਸਮਾਈਦਾ ਹੈ।

www.sikhbookclub.com

**ਮਨ ਕਾ ਜੀਉ ਪਵਨੁ ਕਥੀਅਲੇ ਪਵਨੁ ਕਹਾ ਰਸੁ ਖਾਈ ॥**
**ਗਿਆਨ ਕੀ ਮੁਦ੍ਰਾ ਕਵਨ ਅਉਧੂ ਸਿਧ ਕੀ ਕਵਨ ਕਮਾਈ ॥**
**ਬਿਨੁ ਸਬਦੈ ਰਸੁ ਨ ਆਵੈ ਅਉਧੂ ਹਉਮੈ ਪਿਆਸ ਨ ਜਾਈ ॥**
**ਸਬਦਿ ਰਤੇ ਅੰਮ੍ਰਿਤ ਰਸੁ ਪਾਇਆ ਸਾਚੇ ਰਹੇ ਅਘਾਈ ॥**
**ਕਵਨ ਬੁਧਿ ਜਿਤੁ ਅਸਥਿਰੁ ਰਹੀਐ ਕਿਤੁ ਭੋਜਨਿ ਤ੍ਰਿਪਤਾਸੈ ॥**
**ਨਾਨਕ ਦੁਖੁ ਸੁਖੁ ਸਮ ਕਰਿ ਜਾਪੈ ਸਤਿਗੁਰ ਤੇ ਕਾਲੁ ਨ ਗ੍ਰਾਸੈ ॥61॥**

ਪਦ ਅਰਥ :-ਜੀਉ=ਜਿੰਦ, ਆਸਰਾ। ਪਵਨੁ=ਪ੍ਰਾਣ। ਰਸੁ=ਖ਼ੁਰਾਕ। ਕਹਾ=ਕਿਥੋਂ? ਮੁਦ੍ਰਾ=ਸਾਧਨ। ਅਉਧੂ=ਹੇ ਜੋਗੀ! ਸਿਧ=ਜੋਗ-ਸਾਧਨਾਂ ਵਿਚ ਪੁੱਗਾ ਹੋਇਆ ਜੋਗੀ। ਕਵਨ ਕਮਾਈ=ਕੀਹ ਮਿਲ ਜਾਂਦਾ ਹੈ? ਅਘਾਇ ਰਹੇ=ਰੱਜੇ ਰਹਿੰਦੇ ਹਨ। ਕਿਤੁ ਭੋਜਨਿ=ਕਿਸ ਭੋਜਨ ਨਾਲ? ਤ੍ਰਿਪਤਾਸੈ=ਤ੍ਰਿਪਤ ਰਹੀਦਾ ਹੈ। ਸਮ=ਬਰਾਬਰ, ਇੱਕ-ਸਮਾਨ। ਗ੍ਰਾਸੈ=ਗ੍ਰਸਦਾ, ਵਿਆਪਦਾ।

ਅਰਥ :-ਪ੍ਰਸ਼ਨ-ਮਨ ਦਾ ਆਸਰਾ ਪ੍ਰਾਣ ਕਹੀਦੇ ਹਨ, ਪ੍ਰਾਣ ਕਿਥੋਂ ਖ਼ੁਰਾਕ ਲੈਂਦੇ ਹਨ? ਭਾਵ, ਪ੍ਰਾਣਾਂ ਦਾ ਆਸਰਾ ਕੌਣ ਹੈ? ਹੇ ਜੋਗੀ! ਗਿਆਨ ਦੀ ਪ੍ਰਾਪਤੀ ਦਾ ਕੇਹੜਾ ਸਾਧਨ ਹੈ? ਜੋਗ-ਸਾਧਨਾਂ ਵਿਚ ਪੁੱਗੇ ਹੋਏ ਜੋਗੀ ਨੂੰ ਕੀਹ ਪ੍ਰਾਪਤ ਹੋ ਜਾਂਦਾ ਹੈ?

ਉੱਤਰ-ਹੇ ਜੋਗੀ! ਸਤਿਗੁਰੂ ਦੇ ਸ਼ਬਦ ਤੋਂ ਬਿਨਾਂ ਪ੍ਰਾਣਾਂ ਨੂੰ ਰਸ ਨਹੀਂ ਆਉਂਦਾ ਭਾਵ, ਗੁਰੂ ਦਾ ਸ਼ਬਦ ਹੀ ਪ੍ਰਾਣਾਂ ਦਾ ਆਸਰਾ ਹੈ, ਪ੍ਰਾਨਾਂ ਦੀ ਖ਼ੁਰਾਕ ਹੈ। ਗੁਰੂ-ਸ਼ਬਦ ਤੋਂ ਬਿਨਾ ਹਉਮੈ ਦੀ ਤ੍ਰੇਹ ਨਹੀਂ ਮਿਟਦੀ। ਜੋ ਮਨੁੱਖ ਗੁਰੂ ਦੇ ਸ਼ਬਦ ਵਿਚ ਰੰਗੇ ਜਾਂਦੇ ਹਨ, ਉਹਨਾਂ ਨੂੰ ਸਦਾ ਟਿਕੇ ਰਹਿਣ ਵਾਲਾ ਨਾਮ-ਰਸ ਮਿਲ ਜਾਂਦਾ ਹੈ, ਉਹ ਸੱਚੇ ਪ੍ਰਭੂ ਵਿਚ ਰੱਜੇ ਰਹਿੰਦੇ ਹਨ ਭਾਵ, ਨਾਮ ਵਿਚ ਜੁੜ ਕੇ ਸੰਤੋਖੀ ਹੋ ਜਾਂਦੇ ਹਨ।

ਪ੍ਰਸ਼ਨ-ਉਹ ਕੇਹੜੀ ਮਤ ਹੈ ਜਿਸ ਦੀ ਰਾਹੀ ਮਨ ਸਦਾ ਟਿਕਿਆ ਰਹਿ ਸਕਦਾ ਹੈ? ਕੇਹੜੀ ਖ਼ੁਰਾਕ ਨਾਲ ਮਨ ਸਦਾ ਰੱਜਿਆ ਰਹਿ ਸਕੇ?

ਉੱਤਰ-ਹੇ ਨਾਨਕ! ਸਤਿਗੁਰੂ ਤੋਂ ਜੋ ਮਤ ਮਿਲਦੀ ਹੈ ਉਸ ਨਾਲ ਦੁੱਖ ਤੇ ਸੁਖ ਇੱਕ-ਸਮਾਨ ਜਾਪਦਾ ਹੈ, ਸਤਿਗੁਰੂ ਤੋਂ ਜੋ ਨਾਮ-ਭੋਜਨ ਮਿਲਦਾ ਹੈ, ਉਸ ਕਰਕੇ ਮੌਤ ਦਾ ਡਰ ਪੋਹ ਨਹੀਂ ਸਕਦਾ।

**ਰੰਗਿ ਨ ਰਾਤਾ ਰਸਿ ਨਹੀ ਮਾਤਾ ॥**
**ਬਿਨੁ ਗੁਰ ਸਬਦੈ ਜਲਿ ਬਲਿ ਤਾਤਾ ॥**
**ਬਿੰਦੁ ਨ ਰਾਖਿਆ ਸਬਦੁ ਨ ਭਾਖਿਆ ॥**
**ਪਵਨੁ ਨ ਸਾਧਿਆ ਸਚੁ ਨ ਅਰਾਧਿਆ ॥**
**ਅਕਥ ਕਥਾ ਲੇ ਸਮ ਕਰਿ ਰਹੈ ॥**

www.sikhbookclub.com

**ਤਉ ਨਾਨਕ ਆਤਮ ਰਾਮ ਕਉ ਲਹੈ ॥62॥**

ਪਦ ਅਰਥ :-ਰੰਗਿ=ਰੰਗ ਵਿਚ, ਪਿਆਰ ਵਿਚ। ਰਸਿ=ਰਸ ਵਿਚ। ਮਾਤਾ=ਮਸਤ, ਖੀਵਾ। ਤਾਤਾ=ਸੜਦਾ, ਖਿੱਝਦਾ। ਬਿੰਦੁ=ਵੀਰਜ। ਬਿੰਦੁ ਨ ਰਾਖਿਆ=ਉਸ ਮਨੁੱਖ ਨੇ ਵੀਰਜ ਨਹੀਂ ਸਾਂਭਿਆ, ਭਾਵ ਉਹ ਕਾਹਦਾ ਜਤੀ? ਪਵਨੁ ਨ ਸਾਧਿਆ=ਪ੍ਰਾਣਾਯਾਮ ਦੀ ਰਾਹੀਂ ਪ੍ਰਾਨ ਵੱਸ ਵਿਚ ਨਹੀਂ ਕੀਤੇ।

ਅਰਥ :-ਸਤਿਗੁਰੂ ਦੇ ਸ਼ਬਦ ਦੀ ਕਮਾਈ ਕਰਨ ਤੋਂ ਬਿਨਾ ਮਨੁੱਖ ਮਾਇਕ ਧੰਧਿਆਂ ਵਿਚ ਸੜ ਬਲ ਕੇ ਖਿੱਝਦਾ ਰਹਿੰਦਾ ਹੈ, ਇਸ ਵਾਸਤੇ ਉਸ ਦਾ ਮਨ ਪ੍ਰਭੂ ਦੇ ਪਿਆਰ ਵਿਚ ਰੰਗਿਆ ਨਹੀਂ ਜਾਂਦਾ ਤੇ ਉਹ ਪ੍ਰਭੂ ਦੇ ਆਨੰਦ ਵਿਚ ਖੀਵਾ ਨਹੀਂ ਹੁੰਦਾ। ਜਿਸ ਮਨੁੱਖ ਨੇ ਗੁਰ-ਸ਼ਬਦ ਨਹੀਂ ਉਚਾਰਿਆ, ਉਸ ਨੇ ਜਤੀ ਬਣ ਕੇ ਕੁਝ ਨਹੀਂ ਖੱਟਿਆ। ਜਿਸ ਨੇ ਸੱਚੇ ਪ੍ਰਭੂ ਨੂੰ ਸਿਮਰਿਆ ਨਹੀਂ, ਉਸ ਨੇ ਪ੍ਰਾਣਾਯਾਮ ਕਰ ਕੇ ਕੀਹ ਲਿਆ? ਹੇ ਨਾਨਕ! ਜੇ ਮਨੁੱਖ ਅਕੱਥ ਪ੍ਰਭੂ ਦੇ ਗੁਣ ਗਾ ਕੇ ਦੁਖ ਸੁਖ ਨੂੰ ਇੱਕ-ਸਮਾਨ ਜਾਣ ਕੇ ਜੀਵਨ ਬਿਤੀਤ ਕਰੇ, ਤਾਂ ਉਹ ਸਾਰੇ-ਸੰਸਾਰ-ਦੀ-ਜਿੰਦ ਪ੍ਰਭੂ ਦੀ ਪ੍ਰਾਪਤੀ ਕਰ ਲੈਂਦਾ ਹੈ।

**ਗੁਰ ਪਰਸਾਦੀ ਰੰਗੇ ਰਾਤਾ ॥**
**ਅੰਮ੍ਰਿਤੁ ਪੀਆ ਸਾਚੇ ਮਾਤਾ ॥**
**ਗੁਰ ਵੀਚਾਰੀ ਅਗਨਿ ਨਿਵਾਰੀ ॥**
**ਅਪਿਉ ਪੀਓ ਆਤਮ ਸੁਖੁ ਧਾਰੀ ॥**
**ਸਚੁ ਅਰਾਧਿਆ ਗੁਰਮੁਖਿ ਤਰੁ ਤਾਰੀ ॥**
**ਨਾਨਕ ਬੂਝੈ ਕੋ ਵੀਚਾਰੀ ॥63॥**

ਪਦ ਅਰਥ :-ਰੰਗੇ=ਪ੍ਰਭੂ ਦੇ ਪਿਆਰ ਵਿਚ। ਪੀਆ=ਪੀਤਾ। ਅਪਿਉ=ਅੰਮ੍ਰਿਤ, ਆਤਮਕ ਜੀਵਨ ਦੇਣ ਵਾਲਾ ਨਾਮ ਜਲ। ਪੀਓ=ਪੀਤਾ। ਧਾਰੀ=ਧਾਰਿਆ, ਲੱਭਾ। ਵੀਚਾਰੀ=ਵਿਚਾਰ-ਵਾਨ। ਤਰੁ ਤਾਰੀ=ਤਾਰੀ ਤਰੁ, ਪਾਰ ਲੰਘ। ਕੋ=ਕੋਈ ਵਿਰਲਾ।

ਅਰਥ :-ਸਤਿਗੁਰੂ ਦੀ ਮੇਹਰ ਨਾਲ ਜੋ ਮਨੁੱਖ ਪ੍ਰਭੂ ਦੇ ਪਿਆਰ ਵਿਚ ਰੰਗੀਜਦਾ ਹੈ, ਉਹ ਨਾਮ-ਅੰਮ੍ਰਿਤ ਪੀ ਲੈਂਦਾ ਹੈ, ਤੇ ਸੱਚੇ ਪ੍ਰਭੂ ਵਿਚ ਖੀਵਾ ਰਹਿੰਦਾ ਹੈ। ਜੋ ਮਨੁੱਖ ਗੁਰ-ਸ਼ਬਦ ਦੀ ਰਾਹੀਂ ਵਿਚਾਰਵਾਨ ਹੋ ਗਿਆ ਹੈ ਉਸ ਨੇ ਤ੍ਰਿਸ਼ਨਾ ਅੱਗ ਬੁਝਾ ਲਈ ਹੈ, ਉਸ ਨੇ ਨਾਮ ਅੰਮ੍ਰਿਤ ਪੀ ਲਿਆ ਹੈ, ਉਸ ਨੂੰ ਆਤਮਕ ਸੁਖ ਲੱਭ ਪਿਆ ਹੈ। ਹੇ ਜੋਗੀ! ਗੁਰੂ ਦੇ ਰਾਹ ਤੇ ਤੁਰ ਕੇ ਸੱਚੇ ਪ੍ਰਭੂ ਦਾ ਸਿਮਰਨ ਕਰ ਕੇ 'ਦੁਤਰ ਸਾਗਰ' ਤੋਂ ਪਾਰ ਲੰਘ। ਪਰ ਹੇ ਨਾਨਕ! ਕੋਈ ਵਿਰਲਾ ਵਿਚਾਰਵਾਨ ਇਸ ਗੱਲ ਨੂੰ ਸਮਝਦਾ ਹੈ।

**ਇਹੁ ਮਨੁ ਮੈਗਲੁ ਕਹਾ ਬਸੀਅਲੇ ਕਹਾ ਬਸੈ ਇਹੁ ਪਵਨਾ ॥**
**ਕਹਾ ਬਸੈ ਸੁ ਸਬਦੁ ਅਉਧੂ ਤਾ ਕਉ ਚੂਕੈ ਮਨ ਕਾ ਭਵਨਾ ॥**

www.sikhbookclub.com

**ਨਦਰਿ ਕਰੇ ਤਾ ਸਤਿਗੁਰੁ ਮੇਲੇ ਤਾ ਨਿਜ ਘਰਿ ਵਾਸਾ ਇਹੁ ਮਨੁ ਪਾਏ ॥**
**ਆਪੈ ਆਪੁ ਖਾਇ ਤਾ ਨਿਰਮਲੁ ਹੋਵੈ ਧਾਵਤੁ ਵਰਜਿ ਰਹਾਏ ॥**
**ਕਿਉ ਮੂਲੁ ਪਛਾਣੈ ਆਤਮੁ ਜਾਣੈ ਕਿਉ ਸਸਿ ਘਰਿ ਸੂਰੁ ਸਮਾਵੈ ॥**
**ਗੁਰਮੁਖਿ ਹਉਮੈ ਵਿਚਹੁ ਖੋਵੈ ਤਉ ਨਾਨਕ ਸਹਜਿ ਸਮਾਵੈ ॥**

ਪਦ ਅਰਥ :-ਮੈਗਲੁ =ਮਸਤ ਹਾਥੀ। ਭਵਨਾ=ਭਟਕਣਾ। ਆਪੈ ਆਪੁ=ਆਪਣੇ ਆਪ ਨੂੰ। ਧਾਵਤੁ=ਵਿਕਾਰਾਂ ਵਲ ਦੌੜਦਾ। ਵਰਜਿ=ਰੋਕ ਕੇ। ਸਸਿ=ਚੰਦ੍ਰਮਾ। ਹਉਮੈ=ਹਉ ਮੈਂ, ਮੈਂ ਮੈਂ, ਮੈਂ ਦਾ ਹਰ ਵੇਲੇ ਧਿਆਨ, ਹਰ ਵੇਲੇ ਆਪਣੇ ਆਪ ਦਾ ਖ਼ਿਆਲ, ਵੱਖਰਾ-ਪਨ, ਖ਼ੁਦਗ਼ਰਜ਼ੀ। ਸਹਜਿ=ਸਹਿਜ ਵਿਚ, ਅਡੋਲ ਅਵਸਥਾ ਵਿਚ।

ਅਰਥ :-ਪ੍ਰਸ਼ਨ-ਮਸਤ ਹਾਥੀ ਵਰਗਾ ਇਹ ਮਨ ਕਿਥੇ ਵੱਸਦਾ ਹੈ? ਇਹ ਪ੍ਰਾਣ ਕਿਥੇ ਵੱਸਦੇ ਹਨ? ਹੇ ਜੋਗੀ ਨਾਨਕ! ਉਹ ਸ਼ਬਦ ਕਿਥੇ ਵੱਸਦਾ ਹੈ ਜਿਸ ਦੀ ਰਾਹੀਂ ਤੁਹਾਡੇ ਮਤ-ਅਨੁਸਾਰ ਮਨ ਦੀ ਭਟਕਣਾ ਮੁੱਕਦੀ ਹੈ?

ਉੱਤਰ-ਜੇ ਪ੍ਰਭੂ ਮੇਹਰ ਦੀ ਨਿਗਾਹ ਕਰੇ ਤਾਂ ਉਹ ਸਤਿਗੁਰੂ ਮਿਲਾਂਦਾ ਹੈ ਤੇ ਗੁਰੂ ਮਿਲਿਆਂ ਇਹ ਮਨ ਆਪਣੇ ਹੀ ਘਰ ਵਿਚ ਭਾਵ, ਆਪਣੇ ਆਪ ਵਿਚ ਟਿਕ ਜਾਂਦਾ ਹੈ। ਗੁਰੂ ਦੇ ਹੁਕਮ ਵਿਚ ਤੁਰ ਕੇ ਜਦੋਂ ਮਨ ਆਪਣੇ ਆਪ ਨੂੰ ਖਾ ਜਾਂਦਾ ਹੈ ਭਾਵ, ਆਪਣੇ ਸੰਕਲਪ ਵਿਕਲਪ ਮੁਕਾ ਦੇਂਦਾ ਹੈ, ਜਦੋਂ ਮਨੁੱਖ ਮਨ ਦੇ ਪਿੱਛੇ ਤੁਰਨ ਦੇ ਥਾਂ ਗੁਰੂ ਦੇ ਹੁਕਮ ਵਿਚ ਤੁਰਦਾ ਹੈ ਤਾਂ ਮਨ ਪਵਿਤ੍ਰ ਹੋ ਜਾਂਦਾ ਹੈ ਕਿਉਂਕਿ ਇਸ ਤਰ੍ਹਾਂ ਗੁਰੂ ਦੇ ਉਪਦੇਸ਼ ਨਾਲ ਮਨੁੱਖ ਮਾਇਆ ਵਲ ਦੌੜਦੇ ਮਨ ਨੂੰ ਰੋਕ ਰੱਖਦਾ ਹੈ।

ਪ੍ਰਸ਼ਨ-ਮਨੁੱਖ ਜਗਤ ਦੇ ਮੁੱਢ ਪ੍ਰਭੂ ਨੂੰ ਕਿਵੇਂ ਪਛਾਣੇ? ਆਪਣੇ ਆਤਮਾ ਨੂੰ ਕਿਵੇਂ ਸਮਝੇ? ਚੰਦ੍ਰਮਾ ਦੇ ਘਰ ਵਿਚ ਸੂਰਜ ਕਿਵੇਂ ਟਿਕੇ?

ਉੱਤਰ-ਜੋ ਮਨੁੱਖ ਗੁਰੂ ਦੇ ਹੁਕਮ ਵਿਚ ਤੁਰਦਾ ਹੈ ਉਹ ਆਪਣੇ ਅੰਦਰੋਂ 'ਹਉਮੈ' ਦੂਰ ਕਰਦਾ ਹੈ, ਤਦੋਂ ਹੇ ਨਾਨਕ! ਉਹ ਸਹਿਜ ਅਵਸਥਾ ਵਿਚ ਟਿਕ ਜਾਂਦਾ ਹੈ।

**ਇਹੁ ਮਨੁ ਨਿਹਚਲੁ ਹਿਰਦੈ ਵਸੀਅਲੇ ਗੁਰਮੁਖਿ ਮੂਲੁ ਪਛਾਣਿ ਰਹੈ ॥**
**ਨਾਭਿ ਪਵਨੁ ਘਰਿ ਆਸਣਿ ਬੈਸੈ ਗੁਰਮੁਖਿ ਖੋਜਤ ਤਤੁ ਲਹੈ ॥**
**ਸੁ ਸਬਦੁ ਨਿਰੰਤਰਿ ਨਿਜ ਘਰਿ ਆਛੈ ਤ੍ਰਿਭਵਣ ਜੋਤਿ ਸੁ ਸਬਦਿ ਲਹੈ ॥**
**ਖਾਵੈ ਦੂਖ ਭੂਖ ਸਾਚੇ ਕੀ ਸਾਚੇ ਹੀ ਤ੍ਰਿਪਤਾਸਿ ਰਹੈ ॥**
**ਅਨਹਦ ਬਾਣੀ ਗੁਰਮੁਖਿ ਜਾਣੀ ਬਿਰਲੋ ਕੋ ਅਰਥਾਵੈ ॥**
**ਨਾਨਕੁ ਆਖੈ ਸਚੁ ਸੁਭਾਖੈ ਸਚਿ ਰਪੈ ਰੰਗੁ ਕਬਹੂ ਨ ਜਾਵੈ ॥65॥**

ਪਦ ਅਰਥ :-ਨਿਹਚਲੁ=ਅਡੋਲ ਹੋ ਕੇ ਭਾਵ, ਭਟਕਣੋਂ ਹਟ ਕੇ। ਹਿਰਦੈ=ਹਿਰਦੇ ਵਿਚ। ਆਸਣਿ=ਆਸਣ ਉੱਤੇ। ਬੈਸੈ=ਬੈਠਦਾ ਹੈ। ਨਿਜ ਘਰਿ=ਆਪਣੇ ਅਸਲ ਘਰ

www.sikhbookclub.com

ਵਿਚ। ਆਛੈ=ਹੈ। ਅਰਥਾਵੈ=ਅਰਥ ਸਮਝਦਾ ਹੈ, ਅਸਲੀਅਤ ਸਮਝਦਾ ਹੈ। ਸਚਿ=ਸੱਚ ਵਿਚ। ਰਪੈ=ਰੰਗਿਆ ਜਾਂਦਾ ਹੈ।

ਅਰਥ :-ਜਦੋਂ ਮਨੁੱਖ ਗੁਰੂ ਦੇ ਹੁਕਮ ਤੇ ਤੁਰ ਕੇ ਜਗਤ ਦੇ ਮੂਲ-ਪ੍ਰਭੂ ਨੂੰ ਪਛਾਣਦਾ ਹੈ ਪ੍ਰਭੂ ਨਾਲ ਸਾਂਝ ਪਾਂਦਾ ਹੈ, ਤਾਂ ਇਹ ਮਨ ਅਡੋਲ ਹੋ ਕੇ ਹਿਰਦੇ ਵਿਚ ਟਿਕਦਾ ਹੈ। ਪ੍ਰਾਣ ਭਾਵ, ਸੁਆਸ ਨਾਭੀ-ਰੂਪ ਘਰ ਵਿਚ ਆਸਣ ਤੇ ਬੈਠਦਾ ਹੈ ਭਾਵ, ਪ੍ਰਾਣਾਂ ਦਾ ਆਰੰਭ ਨਾਭੀ ਤੋਂ ਹੁੰਦਾ ਹੈ, ਗੁਰੂ ਦੀ ਰਾਹੀਂ ਖੋਜ ਕਰ ਕੇ ਮਨੁੱਖ ਅਸਲੀਅਤ ਲੱਭਦਾ ਹੈ। ਉਹ ਸ਼ਬਦ ਜੋ 'ਦੁਤਰ ਸਾਗਰ' ਤੋਂ ਤਾਰਦਾ ਹੈ ਇਕ-ਰਸ ਆਪਣੇ ਅਸਲ ਘਰ ਵਿਚ ਭਾਵ, ਸੁੰਨ ਪ੍ਰਭੂ ਵਿਚ ਟਿਕਦਾ ਹੈ, ਮਨੁੱਖ ਉਸ ਸ਼ਬਦ ਦੀ ਰਾਹੀਂ ਹੀ ਤ੍ਰਿਲੋਕੀ ਵਿਚ ਵਿਆਪਕ ਪ੍ਰਭੂ ਦੀ ਜੋਤਿ ਨੂੰ ਲੱਭਦਾ ਹੈ, ਜਿਉਂ ਜਿਉਂ ਸੱਚੇ ਪ੍ਰਭੂ ਨੂੰ ਮਿਲਣ ਦੀ ਤਾਂਘ ਵਧਦੀ ਹੈ ਤਿਉਂ ਤਿਉਂ ਮਨੁੱਖ ਦੁੱਖਾਂ ਨੂੰ ਮੁਕਾ ਲੈਂਦਾ ਹੈ; ਸੱਚੇ ਪ੍ਰਭੂ ਵਿਚ ਹੀ ਤ੍ਰਿਪਤ ਰਹਿੰਦਾ ਹੈ। ਇਕ-ਰਸ ਵਿਆਪਕ ਰੱਬੀ ਜੀਵਨ-ਰੌ ਨੂੰ ਕਿਸੇ ਵਿਰਲੇ ਗੁਰਮੁਖ ਨੇ ਜਾਣਿਆ ਹੈ ਕਿਸੇ ਵਿਰਲੇ ਨੇ ਇਹ ਰਾਜ਼ ਸਮਝਿਆ ਹੈ। ਨਾਨਕ ਆਖਦਾ ਹੈ ਜਿਸ ਨੇ ਸਮਝਿਆ ਹੈ ਉਹ ਸੱਚੇ ਪ੍ਰਭੂ ਨੂੰ ਸਿਮਰਦਾ ਹੈ, ਸੱਚੇ ਵਿਚ ਰੰਗਿਆ ਰਹਿੰਦਾ ਹੈ, ਉਸ ਦਾ ਇਹ ਰੰਗ ਕਦੇ ਉਤਰਦਾ ਨਹੀਂ।

**ਜਾ ਇਹੁ ਹਿਰਦਾ ਦੇਹ ਨ ਹੋਤੀ ਤਉ ਮਨੁ ਕੈਠੈ ਰਹਤਾ ॥**
**ਨਾਭਿ ਕਮਲ ਅਸਥੰਭੁ ਨ ਹੋਤੋ ਤਾ ਪਵਨੁ ਕਵਨ ਘਰਿ ਸਹਤਾ ॥**
**ਰੂਪੁ ਨ ਹੋਤੋ ਰੇਖ ਨ ਕਾਈ ਤਾ ਸਬਦਿ ਕਹਾ ਲਿਵ ਲਾਈ ॥**
**ਰਕਤੁ ਬਿੰਦੁ ਕੀ ਮੜੀ ਨ ਹੋਤੀ ਮਿਤਿ ਕੀਮਤਿ ਨਹੀ ਪਾਈ ॥**
**ਵਰਨੁ ਭੇਖੁ ਅਸਰੂਪੁ ਨ ਜਾਪੀ ਕਿਉ ਕਰਿ ਜਾਪਸਿ ਸਾਚਾ ॥**
**ਨਾਨਕ ਨਾਮਿ ਰਤੇ ਬੈਰਾਗੀ ਇਬ ਤਬ ਸਾਚੋ ਸਾਚਾ ॥66॥**

ਪਦ ਅਰਥ :-ਦੇਹ=ਸਰੀਰ। ਮਨੁ=ਚੇਤਨ ਸੱਤਾ। ਕੈਠੈ=ਕਿਹ ਠਾਂ? ਕਿਸ ਥਾਂ ਤੇ? ਅਸਥੰਭੁ=ਥੰਮ੍ਹੀ, ਸਹਾਰਾ। ਪਵਨੁ=ਪ੍ਰਾਣ, ਸੁਆਸ। ਸਹਤਾ=ਆਸਰਾ ਲੈਂਦਾ ਸੀ। ਸਬਦਿ=ਸ਼ਬਦ ਨੇ। ਰਕਤੁ=ਰੁੱਤ। ਬਿੰਦੁ=ਬੀਰਜ। ਮੜੀ=ਸਰੀਰ। ਮਿਤਿ=ਅੰਦਾਜ਼ਾ। ਅਸਰੂਪੁ=ਸ੍ਵਰੂਪੁ, ਸਰੂਪ। ਇਬ=ਹੁਣ ਜਦੋਂ ਸਰੀਰ ਮੌਜੂਦ ਹੈ। ਤਬ=ਤਦੋਂ ਜਦੋਂ ਸਰੀਰ ਨਹੀਂ ਸੀ।

ਅਰਥ :-ਪ੍ਰਸ਼ਨ-ਜਦੋਂ ਨਾਹ ਇਹ ਹਿਰਦਾ ਸੀ ਨਾਹ ਇਹ ਸਰੀਰ ਸੀ, ਤਦੋਂ ਮਨ ਚੇਤਨ ਸੱਤਾ ਕਿੱਥੇ ਰਹਿੰਦਾ ਸੀ? ਜਦੋਂ ਨਾਭੀ ਦੇ ਚੱਕਰ ਦੀ ਥੰਮ੍ਹੀ ਨਹੀਂ ਸੀ ਤਾਂ ਪ੍ਰਾਣ ਸੁਆਸ ਕਿਸ ਘਰ ਵਿਚ ਆਸਰਾ ਲੈਂਦਾ ਸੀ? ਜਦੋਂ ਕੋਈ ਰੂਪ ਰੇਖ ਨਹੀਂ ਸੀ ਤਦੋਂ ਸ਼ਬਦ ਨੇ ਕਿਥੇ ਲਿਵ ਲਾਈ ਹੋਈ ਸੀ? ਜਦੋਂ ਮਾਂ ਦੀ ਰੱਤ ਤੇ ਪਿਤਾ ਦੇ ਬੀਰਜ ਤੋਂ ਬਣਿਆ ਇਹ

www.sikhbookclub.com

ਸਰੀਰ ਨਹੀਂ ਸੀ ਤਦੋਂ ਜਿਸ ਪ੍ਰਭੂ ਦਾ ਅੰਦਾਜ਼ਾ ਤੇ ਮੁੱਲ ਨਹੀਂ ਪੈ ਸਕਦਾ ਉਸ ਵਿਚ ਲਿਵ ਕਿਵੇਂ ਇਹ ਮਨ ਲਾਂਦਾ ਸੀ? ਜਿਸ ਪ੍ਰਭੂ ਦਾ ਰੰਗ ਭੇਖ ਤੇ ਸਰੂਪ ਨਹੀਂ ਦਿੱਸਦਾ, ਉਹ ਸਦਾ ਕਾਇਮ ਰਹਿਣ ਵਾਲਾ ਪ੍ਰਭੂ ਕਿਵੇਂ ਲਖਿਆ ਜਾਂਦਾ ਹੈ?

ਉੱਤਰ-ਹੇ ਨਾਨਕ! ਪ੍ਰਭੂ ਦੇ ਨਾਮ ਵਿਚ ਰੱਤੇ ਹੋਏ ਵੈਰਾਗਵਾਨ ਨੂੰ ਹਰ ਵੇਲੇ ਸੱਚਾ ਪ੍ਰਭੂ ਹੀ ਮੌਜੂਦ ਪ੍ਰਤੀਤ ਹੁੰਦਾ ਹੈ।

**ਹਿਰਦਾ ਦੇਹ ਨ ਹੋਤੀ ਅਉਧੂ ਤਉ ਮਨੁ ਸੁੰਨਿ ਰਹੈ ਬੈਰਾਗੀ ॥**
**ਨਾਭਿ ਕਮਲੁ ਅਸਥੰਭੁ ਨ ਹੋਤੋ ਤਾ ਨਿਜ ਘਰਿ ਬਸਤਉ ਪਵਨੁ ਅਨਰਾਗੀ ॥**
**ਰੂਪੁ ਨ ਰੇਖਿਆ ਜਾਤਿ ਨ ਹੋਤੀ ਤਉ ਅਕੁਲੀਣਿ ਰਹਤਉ ਸਬਦੁ ਸੁ ਸਾਰੁ ॥**
**ਗਉਨੁ ਗਗਨੁ ਜਬ ਤਬਹਿ ਨ ਹੋਤਉ ਤ੍ਰਿਭਵਣ ਜੋਤਿ ਆਪੇ ਨਿਰੰਕਾਰੁ ॥**
**ਵਰਨੁ ਭੇਖੁ ਅਸਰੂਪੁ ਸੁ ਏਕੋ ਏਕੋ ਸਬਦੁ ਵਿਡਾਣੀ ॥**
**ਸਾਚ ਬਿਨਾ ਸੂਚਾ ਕੋ ਨਾਹੀ ਨਾਨਕ ਅਕਥ ਕਹਾਣੀ ॥67॥**

ਪਦ ਅਰਥ :-ਅਉਧੂ=ਹੇ ਜੋਗੀ! ਸੁੰਨਿ=ਅਫੁਰ ਪ੍ਰਭੂ ਵਿਚ। ਅਨਰਾਗੀ=ਪ੍ਰੇਮੀ ਹੋ ਕੇ। ਜਾਤਿ=ਹੋਂਦ, ਉਤਪੱਤੀ। ਅਕੁਲੀਣਿ=ਅਕੁਲੀਣ ਵਿਚ, ਕੁਲ-ਰਹਿਤ ਪ੍ਰਭੂ ਵਿਚ। ਗਉਨੁ=ਗਵਨੁ, ਗਮਨ, ਚਾਲ, ਜਗਤ ਦੀ ਚਾਲ, ਜਗਤ ਦੀ ਹੋਂਦ। ਗਗਨੁ=ਅਕਾਸ਼। ਵਿਡਾਣੀ=ਅਸਚਰਜ।

ਅਰਥ :-ਉੱਤਰ-ਹੇ ਜੋਗੀ! ਜਦੋਂ ਨਾਹ ਹਿਰਦਾ ਸੀ ਨਾਹ ਸਰੀਰ ਸੀ, ਤਦੋਂ ਵੈਰਾਗੀ ਮਨ ਨਿਰਗੁਣ ਪ੍ਰਭੂ ਵਿਚ ਟਿਕਿਆ ਹੋਇਆ ਸੀ। ਜਦੋਂ ਨਾਭੀ-ਚੱਕਰ-ਰੂਪ ਥੰਮੀ ਨਹੀਂ ਸੀ ਤਦੋਂ ਪ੍ਰਾਣ ਪ੍ਰਭੂ ਦਾ ਪ੍ਰੇਮੀ ਹੋ ਕੇ ਆਪਣੇ ਅਸਲ ਘਰ ਪ੍ਰਭੂ ਵਿਚ ਵੱਸਦਾ ਸੀ। ਜਦੋਂ ਜਗਤ ਦਾ ਕੋਈ ਰੂਪ ਰੇਖ ਨਹੀਂ ਸੀ ਤਦੋਂ ਉਹ ਸ੍ਰੇਸ਼ਟ ਸ਼ਬਦ ਜੋ "ਦੁਤਰ ਸਾਗਰ" ਤੋਂ ਤਾਰਦਾ ਹੈ ਕੁਲ-ਰਹਿਤ ਪ੍ਰਭੂ ਵਿਚ ਰਹਿੰਦਾ ਸੀ; ਜਦੋਂ ਜਗਤ ਦੀ ਹਸਤੀ ਨਹੀਂ ਸੀ, ਅਕਾਸ਼ ਨਹੀਂ ਸੀ, ਤਦੋਂ ਆਕਾਰ-ਰਹਿਤ ਤ੍ਰਿਭਵਣੀ ਜੋਤਿ ਭਾਵ, ਹੁਣ ਤ੍ਰਿਲੋਕੀ ਵਿਚ ਵਿਆਪਕ ਹੋਣ ਵਾਲੀ ਜੋਤਿ ਆਪ ਹੀ ਆਪ ਸੀ। ਇਕੋ ਅਸਚਰਜ ਸ਼ਬਦ-ਰੂਪ ਪ੍ਰਭੂ ਹੀ ਸੀ, ਉਹੀ ਜਗਤ ਦਾ ਰੰਗ ਭੇਖ ਤੇ ਰੂਪ ਸੀ। ਹੇ ਨਾਨਕ! ਐਸੇ ਉਸ ਸਦਾ ਕਾਇਮ ਰਹਿਣ ਵਾਲੇ ਪ੍ਰਭੂ ਨੂੰ ਮਿਲਣ ਤੋਂ ਬਿਨਾ, ਜਿਸ ਦਾ ਕੋਈ ਸਹੀ ਸਰੂਪ ਬਿਆਨ ਨਹੀਂ ਕੀਤਾ ਜਾ ਸਕਦਾ, ਕੋਈ ਮਨੁੱਖ ਸੁੱਚਾ ਨਹੀਂ ਹੈ।

**ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ ਕਿਤੁ ਕਿਤੁ ਦੁਖਿ ਬਿਨਸਿ ਜਾਈ ॥**
**ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ ॥**
**ਗੁਰਮੁਖਿ ਹੋਵੈ ਸੁ ਗਿਆਨੁ ਤਤੁ ਬੀਚਾਰੈ ਹਉਮੈ ਸਬਦਿ ਜਲਾਏ ॥**
**ਤਨੁ ਮਨੁ ਨਿਰਮਲੁ ਨਿਰਮਲ ਬਾਣੀ ਸਾਚੈ ਰਹੈ ਸਮਾਏ ॥**

www.sikhbookclub.com

**ਨਾਮੇ ਨਾਮਿ ਰਹੈ ਬੈਰਾਗੀ ਸਾਚੁ ਰਖਿਆ ਉਰਿ ਧਾਰੇ ॥**
**ਨਾਨਕ ਬਿਨੁ ਨਾਵੈ ਜੋਗੁ ਕਦੇ ਨ ਹੋਵੈ ਦੇਖਹੁ ਰਿਦੈ ਬੀਚਾਰੇ ॥68॥**

ਪਦ ਅਰਥ :-ਕਿਤੁ=ਕਿਸ ਨਾਲ? ਕਿਤੁ ਬਿਧਿ=ਕਿਸ ਵਿਧੀ ਨਾਲ? ਪੁਰਖਾ=ਹੇ ਪੁਰਖ! ਦੁਖਿ=ਦੁੱਖ ਨਾਲ। ਹਉਮੈ=ਵੱਖਰਾ-ਪਨ, ਮੇਰ-ਤੇਰ, ਆਪਣੀ ਵੱਖਰੀ ਹੋਂਦ ਦਾ ਖ਼ਿਆਲ। ਨਾਮਿ ਵਿਸਰਿਐ=ਜੇ ਨਾਮ ਵਿੱਸਰ ਜਾਏ। ਸਬਦਿ=ਗੁਰ-ਸ਼ਬਦ ਦੀ ਰਾਹੀਂ। ਸਾਚੈ=ਸੱਚੇ ਪ੍ਰਭੂ ਵਿਚ। ਨਾਮੇ ਨਾਮਿ=ਨਾਮਿ ਹੀ ਨਾਮਿ, ਨਾਮ ਹੀ ਨਾਮ ਵਿਚ, ਨਿਰੋਲ ਪ੍ਰਭੂ-ਨਾਮ ਵਿਚ। ਜੋਗੁ=ਮਿਲਾਪ।

ਅਰਥ :-ਪ੍ਰਸ਼ਨ-ਹੇ ਪੁਰਖ! ਜਗਤ ਕਿਸ ਕਿਸ ਵਿਧੀ ਨਾਲ ਉਪਜਦਾ ਹੈ, ਕਿਸ ਤਰ੍ਹਾਂ ਦੁੱਖ ਵਿਚ ਪੈਂਦਾ ਹੈ ਤੇ ਕਿਵੇਂ ਨਾਸ ਹੋ ਜਾਂਦਾ ਹੈ?

ਉੱਤਰ-ਹੇ ਪੁਰਖ! ਜਗਤ ਹਉਮੈ ਵਿਚ ਪੈਦਾ ਹੁੰਦਾ ਹੈ, ਜੇ ਇਸ ਨੂੰ ਪ੍ਰਭੂ ਦਾ ਨਾਮ ਵਿੱਸਰ ਜਾਏ ਤਾਂ ਦੁੱਖ ਪਾਂਦਾ ਹੈ। ਜੋ ਮਨੁੱਖ ਗੁਰੂ ਦੇ ਹੁਕਮ ਵਿਚ ਤੁਰਦਾ ਹੈ, ਉਹ ਤੱਤ-ਗਿਆਨ ਨੂੰ ਵਿਚਾਰਦਾ ਹੈ ਤੇ ਆਪਣੀ ਹਉਮੈ ਗੁਰੂ ਦੇ ਸ਼ਬਦ ਦੀ ਰਾਹੀਂ ਸਾੜਦਾ ਹੈ, ਉਸ ਦਾ ਤਨ ਉਸ ਦਾ ਮਨ ਤੇ ਉਸ ਦੀ ਬਾਣੀ ਪਵਿਤ੍ਰ ਹੋ ਜਾਂਦੇ ਹਨ; ਉਹ ਸਦਾ ਕਾਇਮ ਰਹਿਣ ਵਾਲੇ ਪ੍ਰਭੂ ਵਿਚ ਟਿਕਿਆ ਰਹਿੰਦਾ ਹੈ; ਉਹ ਮਨੁੱਖ ਪ੍ਰਭੂ-ਚਰਨਾਂ ਦਾ ਮਤਵਾਲਾ ਹੋ ਕੇ ਨਿਰੋਲ ਪ੍ਰਭੂ-ਨਾਮ ਵਿਚ ਹੀ ਜੁੜਿਆ ਰਹਿੰਦਾ ਹੈ, ਸਦਾ ਪ੍ਰਭੂ ਨੂੰ ਹਿਰਦੇ ਵਿਚ ਟਿਕਾਈ ਰੱਖਦਾ ਹੈ। ਹੇ ਨਾਨਕ! ਪ੍ਰਭੂ ਦੇ ਨਾਮ ਤੋਂ ਬਿਨਾ ਪ੍ਰਭੂ ਨਾਲ ਮਿਲਾਪ ਕਦੇ ਨਹੀਂ ਹੋ ਸਕਦਾ, ਆਪਣੇ ਹਿਰਦੇ ਵਿਚ ਵਿਚਾਰ ਕੇ ਵੇਖ ਲਵੋ ਭਾਵ, ਤੁਹਾਡਾ ਆਪਣਾ ਜ਼ਾਤੀ ਤਜਰਬਾ ਇਹੀ ਗਵਾਹੀ ਦੇਵੇਗਾ।

**ਗੁਰਮੁਖਿ ਸਾਚੁ ਸਬਦੁ ਬੀਚਾਰੈ ਕੋਇ ॥**
**ਗੁਰਮੁਖਿ ਸਚੁ ਬਾਣੀ ਪਰਗਟੁ ਹੋਇ ॥**
**ਗੁਰਮੁਖਿ ਮਨੁ ਭੀਜੈ ਵਿਰਲਾ ਬੂਝੈ ਕੋਇ ॥**
**ਗੁਰਮੁਖਿ ਨਿਜ ਘਰਿ ਵਾਸਾ ਹੋਇ ॥**
**ਗੁਰਮੁਖਿ ਜੋਗੀ ਜੁਗਤਿ ਪਛਾਣੈ ॥**
**ਗੁਰਮੁਖਿ ਨਾਨਕ ਏਕੋ ਜਾਣੈ ॥69॥**

ਪਦ ਅਰਥ :-ਬਾਣੀ=ਗੁਰੂ ਦੀ ਬਾਣੀ ਦੀ ਰਾਹੀਂ। ਨਿਜ ਘਰਿ=ਆਪਣੇ ਅਸਲ ਸਰੂਪ ਵਿਚ। ਜੁਗਤਿ=ਜੋਗ ਦੀ ਜੁਗਤਿ।

ਅਰਥ :-ਜੇ ਕੋਈ ਮਨੁੱਖ ਗੁਰੂ ਦੇ ਹੁਕਮ ਵਿਚ ਤੁਰਦਾ ਹੈ ਉਹ ਸੱਚੇ ਸ਼ਬਦ ਨੂੰ ਵਿਚਾਰਦਾ ਹੈ, ਸਤਿਗੁਰੂ ਦੀ ਬਾਣੀ ਦੀ ਰਾਹੀਂ ਸੱਚਾ ਪ੍ਰਭੂ ਉਸ ਦੇ ਹਿਰਦੇ ਵਿਚ ਪਰਗਟ ਹੋ ਜਾਂਦਾ ਹੈ।

www.sikhbookclub.com

ਗੁਰਮੁਖਿ ਮਨੁੱਖ ਦਾ ਮਨ ਨਾਮ-ਰਸ ਵਿਚ ਭਿੱਜਦਾ ਹੈ, ਪਰ ਇਸ ਗੱਲ ਨੂੰ ਕੋਈ ਵਿਰਲਾ ਸਮਝਦਾ ਹੈ। ਗੁਰੂ ਦੇ ਸਨਮੁਖ ਮਨੁੱਖ ਦਾ ਨਿਵਾਸ ਆਪਣੇ ਅਸਲ ਸਰੂਪ ਵਿਚ ਹੋਇਆ ਰਹਿੰਦਾ ਹੈ। ਜੋ ਮਨੁੱਖ ਸਤਿਗੁਰੂ ਦੇ ਹੁਕਮ ਵਿਚ ਤੁਰਦਾ ਹੈ ਉਹੀ ਅਸਲ ਜੋਗੀ ਹੈ ਉਹ ਪ੍ਰਭੂ ਨਾਲ ਮਿਲਾਪ ਦੀ ਜੁਗਤਿ ਪਛਾਣਦਾ ਹੈ। ਹੇ ਨਾਨਕ! ਗੁਰੂ ਦੇ ਹੁਕਮ ਵਿਚ ਤੁਰਨ ਵਾਲਾ ਮਨੁੱਖ ਇੱਕ ਪ੍ਰਭੂ ਨੂੰ ਹਰ ਥਾਂ ਵਿਆਪਕ ਜਾਣਦਾ ਹੈ।

**ਬਿਨੁ ਸਤਿਗੁਰ ਸੇਵੇ ਜੋਗੁ ਨ ਹੋਈ॥**
**ਬਿਨੁ ਸਤਿਗੁਰ ਭੇਟੇ ਮੁਕਤਿ ਨ ਕੋਈ॥**
**ਬਿਨੁ ਸਤਿਗੁਰ ਭੇਟੇ ਨਾਮੁ ਪਾਇਆ ਨ ਜਾਇ॥**
**ਬਿਨੁ ਸਤਿਗੁਰ ਭੇਟੇ ਮਹਾ ਦੁਖੁ ਪਾਇ॥**
**ਬਿਨੁ ਸਤਿਗੁਰ ਭੇਟੇ ਮਹਾ ਗਰਬਿ ਗੁਬਾਰਿ॥**
**ਨਾਨਕ ਬਿਨੁ ਗੁਰ ਮੁਆ ਜਨਮੁ ਹਾਰਿ ॥70॥**

ਪਦ ਅਰਥ :-ਗਰਬਿ=ਅਹੰਕਾਰ ਵਿਚ। ਗੁਬਾਰਿ=ਹਨੇਰੇ ਵਿਚ। ਹਾਰਿ=ਹਾਰ ਕੇ। ਜੋਗੁ=ਪਰਮਾਤਮਾ ਨਾਲ ਮਿਲਾਪ।

ਅਰਥ :-ਸਤਿਗੁਰੂ ਦੀ ਦੱਸੀ ਕਾਰ ਕਰਨ ਤੋਂ ਬਿਨਾ ਪ੍ਰਭੂ ਨਾਲ ਮੇਲ ਨਹੀਂ ਹੁੰਦਾ, ਗੁਰੂ ਨੂੰ ਮਿਲਣ ਤੋਂ ਬਿਨਾ ਮੁਕਤੀ ਨਹੀਂ ਲੱਭਦੀ। ਗੁਰੂ ਨੂੰ ਮਿਲਣ ਬਗ਼ੈਰ ਪ੍ਰਭੂ ਦਾ ਨਾਮ ਮਿਲ ਨਹੀਂ ਸਕਦਾ, ਮਨੁੱਖ ਬੜਾ ਕਸ਼ਟ ਉਠਾਂਦਾ ਹੈ। ਗੁਰੂ ਨੂੰ ਮਿਲਣ ਤੋਂ ਬਿਨਾ ਘੋਰ ਹਨੇਰੇ ਵਿਚ ਅਹੰਕਾਰ ਵਿਚ ਰਹਿੰਦਾ ਹੈ। ਹੇ ਨਾਨਕ! ਸਤਿਗੁਰੂ ਤੋਂ ਬਿਨਾ ਮਨੁੱਖ ਜ਼ਿੰਦਗੀ ਦੀ ਬਾਜ਼ੀ ਹਾਰ ਕੇ ਆਤਮਕ ਮੌਤ ਸਹੇੜਦਾ ਹੈ।

**ਗੁਰਮੁਖਿ ਮਨੁ ਜੀਤਾ ਹਉਮੈ ਮਾਰਿ ॥**
**ਗੁਰਮੁਖਿ ਸਾਚੁ ਰਖਿਆ ਉਰ ਧਾਰਿ ॥**
**ਗੁਰਮੁਖਿ ਜਗੁ ਜੀਤਾ ਜਮਕਾਲੁ ਮਾਰਿ ਬਿਦਾਰਿ॥**
**ਗੁਰਮੁਖਿ ਦਰਗਹ ਨ ਆਵੈ ਹਾਰਿ ॥**
**ਗੁਰਮੁਖਿ ਮੇਲਿ ਮਿਲਾਏ ਸੁੋ ਜਾਣੈ ॥**
**ਨਾਨਕ ਗੁਰਮੁਖਿ ਸਬਦਿ ਪਛਾਣੈ ॥71॥**

ਪਦ ਅਰਥ :-ਉਰ=ਹਿਰਦਾ। ਬਿਦਾਰਿ=ਪਾੜ ਕੇ। ਮੇਲਿ=ਸੰਜੋਗ ਦੀ ਰਾਹੀਂ, ਸੰਜੋਗ ਬਣਾ ਕੇ।

ਅਰਥ :-ਜੋ ਮਨੁੱਖ ਗੁਰੂ ਦੇ ਹੁਕਮ ਵਿਚ ਤੁਰਦਾ ਹੈ ਉਸ ਨੇ ਆਪਣੀ ਹਉਮੈ ਨੂੰ ਮਾਰ ਕੇ ਆਪਣਾ ਮਨ ਜਿੱਤ ਲਿਆ ਹੈ, ਉਸ ਨੇ ਸਦਾ ਟਿਕੇ ਰਹਿਣ ਵਾਲੇ ਪ੍ਰਭੂ ਨੂੰ ਆਪਣੇ ਹਿਰਦੇ ਵਿਚ ਪਰੋ ਲਿਆ ਹੈ, ਮੌਤ ਦਾ ਡਰ ਮਾਰ ਮੁਕਾ ਕੇ ਉਸ ਨੇ ਜਗਤ ਜਿੱਤ ਲਿਆ

www.sikhbookclub.com

ਹੈ, ਉਹ ਮਨੁੱਖਾ ਜੀਵਨ ਦੀ ਬਾਜ਼ੀ ਹਾਰ ਕੇ ਹਜ਼ੂਰੀ ਵਿਚ ਨਹੀਂ ਜਾਂਦਾ ਭਾਵ, ਜਿੱਤ ਕੇ ਜਾਂਦਾ ਹੈ । ਗੁਰਮੁਖ ਮਨੁੱਖ ਨੂੰ ਪ੍ਰਭੂ ਸੰਜੋਗ ਬਣਾ ਕੇ ਆਪਣੇ ਵਿਚ ਮਿਲਾ ਲੈਂਦਾ ਹੈ ਇਸ ਭੇਤ ਨੂੰ ਉਹ ਗੁਰਮੁਖ ਹੀ ਸਮਝਦਾ ਹੈ। ਹੇ ਨਾਨਕ ! ਗੁਰੂ ਦੇ ਸਨਮੁਖ ਮਨੁੱਖ ਗੁਰੂ ਦੇ ਸ਼ਬਦ ਦੀ ਰਾਹੀਂ ਪ੍ਰਭੂ ਨਾਲ ਜਾਣ-ਪਛਾਣ ਬਣਾ ਲੈਂਦਾ ਹੈ ।

**ਸਬਦੈ ਕਾ ਨਿਬੇੜਾ ਸੁਣਿ ਤੂ ਅਉਧੂ ਬਿਨੁ ਨਾਵੈ ਜੋਗੁ ਨ ਹੋਈ ॥**
**ਨਾਮੇ ਰਾਤੇ ਅਨਦਿਨੁ ਮਾਤੇ ਨਾਮੈ ਤੇ ਸੁਖੁ ਹੋਈ ॥**
**ਨਾਮੈ ਹੀ ਤੇ ਸਭੁ ਪਰਗਟੁ ਹੋਵੈ ਨਾਮੇ ਸੋਝੀ ਪਾਈ ॥**
**ਬਿਨੁ ਨਾਵੈ ਭੇਖ ਕਰਹਿ ਬਹੁਤੇਰੇ ਸਚੈ ਆਪਿ ਖੁਆਈ ॥**
**ਸਤਿਗੁਰ ਤੇ ਨਾਮੁ ਪਾਈਐ ਅਉਧੂ ਜੋਗ ਜੁਗਤਿ ਤਾ ਹੋਈ ॥**
**ਕਰਿ ਬੀਚਾਰੁ ਮਨਿ ਦੇਖਹੁ ਨਾਨਕ ਬਿਨੁ ਨਾਵੈ ਮੁਕਤਿ ਨ ਹੋਈ ॥72॥**

ਪਦ ਅਰਥ :-ਸਬਦੈ ਕਾ=ਸਾਰੇ ਸ਼ਬਦ ਦਾ, ਸਾਰੇ ਉਪਦੇਸ਼ ਦਾ । ਨਿਬੇੜਾ=ਫ਼ੈਸਲਾ, ਸਾਰ। ਅਉਧੂ=ਹੇ ਜੋਗੀ! ਮਾਤੇ=ਮਤਵਾਲੇ, ਮਸਤ । ਸਚੈ=ਸੱਚੇ ਪ੍ਰਭੂ ਨੇ । ਖੁਆਈ=ਕੁਰਾਹੇ ਪਾਏ ਹਨ । ਅਨਦਿਨੁ=ਹਰ ਰੋਜ਼, ਹਰ ਵੇਲੇ ।

ਅਰਥ :-ਹੇ ਜੋਗੀ! ਸੁਣ, ਸਾਰੇ ਉਪਦੇਸ਼ ਦਾ ਸਾਰ ਇਹ ਹੈ ਕਿ ਪ੍ਰਭੂ ਦੇ ਨਾਮ ਤੋਂ ਬਿਨਾ ਜੋਗ ਪ੍ਰਭੂ ਦਾ ਮਿਲਾਪ ਨਹੀਂ । ਜੋ 'ਨਾਮ' ਵਿਚ ਰੱਤੇ ਹੋਏ ਹਨ ਉਹੀ ਹਰ ਵੇਲੇ ਮਤਵਾਲੇ ਹਨ। 'ਨਾਮ' ਤੋਂ ਹੀ ਸੁਖ ਮਿਲਦਾ ਹੈ; 'ਨਾਮ' ਤੋਂ ਹੀ ਪੂਰਨ ਗਿਆਨ ਪ੍ਰਾਪਤ ਹੁੰਦਾ ਹੈ, 'ਨਾਮ' ਤੋਂ ਹੀ ਸਾਰੀ ਸੂਝ ਪੈਂਦੀ ਹੈ। ਪ੍ਰਭੂ ਦਾ ਨਾਮ ਛੱਡ ਕੇ ਜੋ ਮਨੁੱਖ ਹੋਰ ਬਥੇਰੇ ਭੇਖ ਕਰਦੇ ਹਨ ਉਹਨਾਂ ਨੂੰ ਸੱਚੇ ਪ੍ਰਭੂ ਨੇ ਆਪ ਹੀ ਕੁਰਾਹੇ ਪਾ ਦਿੱਤਾ ਹੈ । ਹੇ ਜੋਗੀ! ਸਤਿਗੁਰੂ ਤੋਂ ਪ੍ਰਭੂ ਦਾ 'ਨਾਮ' ਮਿਲਦਾ ਹੈ 'ਨਾਮ' ਮਿਲਿਆਂ ਹੀ ਜੋਗ ਦੀ ਸੁਰਤਿ ਸਿਰੇ ਚੜ੍ਹਦੀ ਹੈ। ਹੇ ਨਾਨਕ ! ਮਨ ਵਿਚ ਵਿਚਾਰ ਕਰ ਕੇ ਵੇਖ ਲਵੋ, 'ਨਾਮ' ਤੋਂ ਬਿਨਾ ਮੁਕਤੀ ਨਹੀਂ ਮਿਲਦੀ ਭਾਵ, ਤੁਹਾਡਾ ਆਪਣਾ ਜ਼ਾਤੀ ਤਜਰਬਾ ਦੱਸ ਦੇਵੇਗਾ ਕਿ ਨਾਮ ਸਿਮਰਨ ਤੋਂ ਬਿਨਾ ਹਉਮੈ ਤੋਂ ਖ਼ਲਾਸੀ ਨਹੀਂ ਹੁੰਦੀ ।

**ਤੇਰੀ ਗਤਿ ਮਿਤਿ ਤੂਹੈ ਜਾਣਹਿ ਕਿਆ ਕੋ ਆਖਿ ਵਖਾਣੈ ॥**
**ਤੂ ਆਪੇ ਗੁਪਤਾ ਆਪੇ ਪਰਗਟੁ ਆਪੇ ਸਭਿ ਰੰਗ ਮਾਣੈ ॥**
**ਸਾਧਿਕ ਸਿਧ ਗੁਰੂ ਬਹੁ ਚੇਲੇ ਖੋਜਤ ਫਿਰਹਿ ਫੁਰਮਾਣੈ ॥**
**ਮਾਗਹਿ ਨਾਮੁ ਪਾਇ ਇਹ ਭਿਖਿਆ ਤੇਰੇ ਦਰਸਨ ਕਉ ਕੁਰਬਾਣੈ ॥**
**ਅਬਿਨਾਸੀ ਪ੍ਰਭਿ ਖੇਲੁ ਰਚਾਇਆ ਗੁਰਮੁਖਿ ਸੋਝੀ ਹੋਈ ॥**
**ਨਾਨਕ ਸਭਿ ਜੁਗ ਆਪੇ ਵਰਤੈ ਦੂਜਾ ਅਵਰੁ ਨ ਕੋਈ ॥73॥1॥**

ਪਦ ਅਰਥ :-ਗਤਿ=ਹਾਲਤ । ਮਿਤਿ=ਮਿਣਤੀ । ਸਾਧਿਕ=ਸਾਧਨ ਕਰਨ ਵਾਲੇ ।

www.sikhbookclub.com

ਸਿਧ=ਜੋਗ-ਸਾਧਨਾਂ ਵਿਚ ਪੁੱਗੇ ਹੋਏ ਜੋਗੀ। ਫੁਰਮਾਣੈ=ਫੁਰਮਾਨ ਵਿਚ ਹੀ, ਤੇਰੇ ਹੁਕਮ ਵਿਚ ਹੀ। ਪ੍ਰਭਿ=ਪ੍ਰਭੂ ਨੇ।

ਅਰਥ :-ਤੂੰ ਕਿਹੋ ਜਿਹਾ ਹੈਂ ਤੇ ਕੇਡਾ ਵੱਡਾ ਹੈਂ, ਹੇ ਪ੍ਰਭੂ! ਇਹ ਗੱਲ ਤੂੰ ਆਪ ਹੀ ਜਾਣਦਾ ਹੈ। ਕੋਈ ਹੋਰ ਕੀਹ ਕਹਿ ਕੇ ਦੱਸ ਸਕਦਾ ਹੈ? ਤੂੰ ਆਪ ਹੀ ਲੁਕਿਆ ਹੋਇਆ ਹੈਂ ਤੂੰ ਆਪ ਹੀ ਪਰਗਟ ਹੈਂ ਭਾਵ, ਸੂਖਮ ਤੇ ਅਸਥੂਲ ਤੂੰ ਆਪ ਹੀ ਹੈਂ , ਤੂੰ ਆਪ ਹੀ ਸਾਰੇ ਰੰਗ ਮਾਣ ਰਿਹਾ ਹੈਂ। ਸਾਧਨ ਕਰਨ ਵਾਲੇ ਤੇ ਸਾਧਨਾਂ ਵਿਚ ਪੁੱਗੇ ਹੋਏ ਜੋਗੀ, ਗੁਰੂ ਤੇ ਉਹਨਾਂ ਦੇ ਕਈ ਚੇਲੇ ਤੇਰੇ ਹੁਕਮ ਵਿਚ ਤੈਨੂੰ ਖੋਜਦੇ ਫਿਰਦੇ ਹਨ, ਤੈਥੋਂ ਤੇਰਾ 'ਨਾਮ' ਮੰਗਦੇ ਹਨ, ਤੈਥੋਂ ਇਹ ਭਿੱਖਿਆ ਲੈ ਕੇ ਤੇਰੇ ਦੀਦਾਰ ਤੋਂ ਸਦਕੇ ਹੁੰਦੇ ਹਨ। ਹੇ ਨਾਨਕ! ਅਬਿਨਾਸੀ ਪ੍ਰਭੂ ਨੇ ਇਹ ਜਗਤ ਦੀ ਖੇਡ ਰਚੀ ਹੈ ਗੁਰਮੁਖ ਮਨੁੱਖ ਨੂੰ ਇਹ ਸਮਝ ਪੈਂਦੀ ਹੈ। ਸਾਰੇ ਹੀ ਜੁਗਾਂ ਵਿਚ ਉਹ ਆਪ ਹੀ ਮੌਜੂਦ ਹੈ, ਕੋਈ ਹੋਰ ਦੂਜਾ ਉਸ ਵਰਗਾ ਨਹੀਂ ॥73॥1॥

www.sikhbookclub.com

# ਸਹਾਇਕ ਪੁਸਤਕਾਂ ਦੀ ਸੂਚੀ


1. ਆਦਿ ਸ੍ਰੀ ਗੁਰੂ ਗਰੰਥ ਸਾਹਿਬ ਵਿਚੋਂ ਗੁਰਬਾਣੀ ਦੇ ਸ਼ਲੋਕ
   **ਸਿੱਧ ਗੋਸ਼ਟਿ-ਪਾਠ, ਪ੍ਰਸੰਗ ਅਤੇ ਪ੍ਰਵਚਨ** ਲੇਖਕ ਬ੍ਰਹਮ ਜਗਦੀਸ਼ ਸਿੰਘ
2. ਸਾਹਿਬ ਸਿੰਘ ਪ੍ਰੋਫ਼ੈਸਰ, **ਸਿੱਧ ਗੋਸ਼ਟਿ ਸਟੀਕ**
   ਪ੍ਰਕਾਸ਼ਕ : ਸਿੰਘ ਬ੍ਰਦਰਜ਼ ਅਮ੍ਰਿਤਸਰ
3. ਸ਼ਰਮਾ ਜੀ. ਐਲ, **ਸਿੱਧ ਗੋਸ਼ਟਿ**
   ਪ੍ਰਕਾਸ਼ਕ : ਸੁੰਦਰ ਦਾਸ ਐਂਡ ਸੰਨਜ਼ ਹਾਲ ਬਾਜ਼ਾਰ, ਅੰਮ੍ਰਿਤਸਰ
4. ਸ਼ਸ਼ੀ ਬਾਲਾ ਡਾਕਟਰ (ਸੰਪਾਦਕ) : **ਸਿੱਧ ਗੋਸ਼ਟਿ ਬਹੁਪੱਖੀ ਅਧਿਐਨ**
   ਪ੍ਰਕਾਸ਼ਕ : ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ
5. ਗੁਰਮੁਖ ਸਿੰਘ : **ਸਿੱਧ ਗੋਸ਼ਟਿ (ਇੱਕ ਅਧਿਐਨ)**
   ਪ੍ਰਕਾਸ਼ਕ : ਲਾਹੌਰ ਬੁਕ ਸ਼ਾਪ ਲੁਧਿਆਣਾ
6. ਜੱਗੀ ਰਤਨ ਸਿੰਘ, **ਵਿਸ਼ਵ ਕੋਸ਼ ਭਾਗ ਪਹਿਲਾ**
7. ਜੱਗੀ ਰਤਨ ਸਿੰਘ, **ਵਿਸ਼ਵ ਕੋਸ਼ ਭਾਗ ਦੂਜਾ**
8. ਤਾਰਨ ਸਿੰਘ, **ਗੁਰੂ ਨਾਨਕ ਚਿੰਤਨ ਅਤੇ ਕਲਾ**
   ਪ੍ਰਕਾਸ਼ਕ ਕਸਤੂਰੀ ਲਾਲ ਐਂਡ ਸੰਨਜ਼ ਅੰਮ੍ਰਿਤਸਰ
9. ਦੀਵਾਨ ਸਿੰਘ (ਸੰਪਾਦਕ), **ਸਿੱਧ ਗੋਸ਼ਟਿ ਅਤੇ ਹੋਰ ਲੇਖ**
   ਪ੍ਰਕਾਸ਼ਕ, ਫ਼ਕੀਰ ਸਿੰਘ ਐਂਡ ਸੰਨਜ਼, ਅੰਮ੍ਰਿਤਸਰ
10. ਪਖਾਰੀਵਾਲ ਗੁਰਦੀਪ ਸਿੰਘ ਡਾਕਟਰ : **ਸਿੱਧ ਗੋਸ਼ਟਿ (ਚਿੰਤਨ ਤੇ ਕਲਾ)**
    ਪ੍ਰਕਾਸ਼ਕ : ਕਸਤੂਰੀ ਲਾਲ ਐਂਡ ਸੰਨਜ਼ ਹਾਲ ਬਾਜ਼ਾਰ, ਅੰਮ੍ਰਿਤਸਰ
11. ਪਿਆਰਾ ਸਿੰਘ ਭੋਗਲ : **ਸਿੱਧ ਗੋਸ਼ਟਿ ਦਾ ਸਾਹਿਤਕ ਅਧਿਐਨ**
12. ਪਿਆਰਾ ਸਿੰਘ ਪਦਮ : **ਖੋਜ ਪਤ੍ਰਿਕਾ**, ਗੁਰੂ ਨਾਨਕ ਦੇਵ ਵਿਸ਼ੇਸ਼ ਅੰਕ
    ਪੰਜਾਬੀ ਯੂਨੀਲ
13. ਪੰਜਾਬੀ ਯੂਨੀਵਰਸਿਟੀ ਪਟਿਆਲਾ : **ਗੁਰੂ ਨਾਨਕ ਬਾਣੀ ਪ੍ਰਕਾਸ਼**
14. ਬ੍ਰਹਮ ਜਗਦੀਸ਼ ਸਿੰਘ : ਗੁਰੂ ਨਾਨਕ ਦੇਵ ਜੀ : **ਜੀਵਨ ਦਰਸ਼ਨ ਅਤੇ ਬਾਣੀ,**

www.sikhbookclub.com

ਪ੍ਰਕਾਸ਼ਕ ਵਾਰਿਸ ਸ਼ਾਹ ਫਾਊਂਡੇਸ਼ਨ ਅੰਮ੍ਰਿਤਸਰ

15. ਬ੍ਰਹਮ ਜਗਦੀਸ਼ ਸਿੰਘ : **ਸਿੱਧ ਗੋਸ਼ਟਿ-ਪਾਠ, ਪ੍ਰਸੰਗ ਅਤੇ ਪ੍ਰਵਚਨ**
16. ਭਾਈ ਗੁਰਦਾਸ ਜੀ ਦੀਆਂ ਵਾਰਾਂ
17. ਭਾਈ ਵੀਰ ਸਿੰਘ : **ਸਿੱਧ ਗੋਸ਼ਟ ਸਟੀਕ**
18. ਮਨਜਿੰਦਰ ਸਿੰਘ : **ਸਿੱਧ ਗੋਸ਼ਟਿ ਸਰੂਪ ਤੇ ਸੰਚਾਰ**
    ਪ੍ਰਕਾਸ਼ਕ : ਰਵੀ ਸਾਹਿਤ ਪ੍ਰਕਾਸ਼ਨ ਹਾਲ ਬਾਜ਼ਾਰ ਅੰਮ੍ਰਿਤਸਰ
19. ਮੋਹਨ ਸਿੰਘ ਦੀਵਾਨਾ : **ਪੰਜਾਬੀ ਭਾਸ਼ਾ ਅਤੇ ਛੰਦਾਬੰਦੀ**
    ਪ੍ਰਕਾਸ਼ਕ ਲਿਖਾਰੀ ਬੁਕ ਡਿਪੂ ਅੰਮ੍ਰਿਤਸਰ

**ਅੰਗਰੇਜ਼ੀ**

1. **History of Sikh People** By Dr. Gopal Singh
   Publisher:World Book Centre New Delhi -2
2. **Guru Nanak in History** by J.S. Grewal
   Publication Bureau Panjab University Chandigarh.

www.sikhbookclub.com



ਗੁਰਦੁਆਰਾ ਰੋੜੀ ਸਾਹਿਬ, ਏਮਨਾਬਾਦ (ਗੁਰਜਾਂਵਾਲਾ) ਪਾਕਿਸਤਾਨ

www.sikhbookclub.com



ਅਜੀਤ ਸਿੰਘ ਮੇਰੇ ਪਲੇਠੇ ਵਿਦਿਆਰਥੀਆਂ ਵਿਚੋਂ ਇੱਕ ਨਾ ਭੁੱਲਣ ਵਾਲਾ ਚੇਹਰਾ ਹੈ । 1968 ਵਿਚ ਮੈਂ ਸਰਕਾਰੀ ਕਾਲਿਜ ਰੋਪੜ ਵਿਚ ਆਰਜ਼ੀ ਤੌਰ ਤੇ ਪੰਜਾਬੀ ਦੇ ਪ੍ਰੋਫੈਸਰ ਦੀ ਨੌਕਰੀ ਸ਼ੁਰੂ ਕੀਤੀ ਸੀ । ਜਿਥੋਂ ਮੈਂ ਕੁਝ ਚਿਰ ਪਿੱਛੋਂ ਕੁਰੂਕਸ਼ੇਤਰ ਯੂਨੀਵਰਸਿਟੀ ਦੇ ਕਾਲਜ ਆਫ ਐਜੂਕੇਸ਼ਨ ਕੁਰੂਕਸ਼ੇਤਰ ਵਿਚ ਬੀ ਏ/ਬੀ ਐੱਸ ਸੀ ,ਬੀ ਐਡ (ਇਨਟੈਗਰੇਟਿਡ) ਦੀਆਂ ਕਲਾਸਾਂ ਨੂੰ ਪੰਜਾਬੀ ਪੜ੍ਹਾਉਣ ਲਈ ਨਿਯੁਕਤ ਹੋ ਗਿਆ ਸੀ । ਇਥੇ ਹੀ ਮੇਰਾ ਅਜੀਤ ਨਾਲ ਸੰਪਰਕ ਬਣਿਆ । ਇਕੇਹਰੇ ਜਿਹੇ ਸਰੀਰ ਵਾਲੇ ਅਜੀਤ ਦਾ ਕੱਦ ਮਧਰਾ, ਰੰਗ ਗੋਰਾ ਸੀ ਅਤੇ ਸੁਭਾਅ ਦਾ ਇੱਕ ਸੰਗਾਊ ਜਿਹਾ ਮੁੰਡਾ ਸੀ । ਲਿਖਣ ਬੋਲਣ ਦਾ ਉਸ ਨੂੰ ਬਹੁਤ ਸ਼ੌਕ ਸੀ। ਉਹ ਬਹੁਤ ਹੀ ਘਟ ਬੋਲਦਾ ਸੀ । ਜਦੋਂ ਵੀ ਕੁਝ ਪੁੱਛਦਾ ਤਾਂ ਬੜਾ ਸੰਜੀਦਾ ਅਤੇ ਗੰਭੀਰ ਜਿਹਾ ਲਗਦਾ । ਉਸ ਦੇ ਸਵਾਲਾਂ ਦਾ ਜਵਾਬ ਦੇਣ ਵਿਚ ਇੱਕ ਸਵਾਦ ਜਿਹਾ ਆਓਂਦਾ ਸੀ । ਉਸ ਦੀ ਸਹਿਮਤੀ ਓਹਦੀ ਮਸੂਮ ਮੁਸਕਰਾਹਟ ਦੇ ਰੂਪ ਵਿਚ ਸਾਹਮਣੇ ਆਓਂਦੀ ਸੀ ।

ਪਹਿਲੇ ਸੈਸ਼ਨ ਵਿਚ ਤਾਂ ਮੈਂ ਉਥੇ ਅਖੀਰ ਵਿਚ ਹੀ ਗਿਆ ਸੀ, ਪਰ ਦੂਜਾ ਸਾਲ ਮੇਰਾ ਕੁਰੂਕਸ਼ੇਤਰ ਦਾ ਯਾਦਗਾਰੀ ਵਰ੍ਹਾ ਸੀ ਮੈਨੂੰ ਉਥੋਂ ਵਿਦਾਈ ਸਮੇਂ ਅਜੀਤ, ਵੀਰਾਂ ਵਾਲੀ, ਅਤੇ ਸਤਵੰਤ ਨੇ ਮੁਨਸ਼ੀ ਪ੍ਰੇਮ ਚੰਦ ਦਾ ਨਾਵਲ ਗੋਂਦਾਨ ਸੁਗਾਤ ਵਜੋਂ ਭੇਟ ਕੀਤਾ ਸੀ, ਜੋ ਅਜੇ ਤਕ ਮੇਰੇ ਕੋਲ ਸੁਰੱਖਿਅਤ ਸਾਂਭਿਆ ਹੋਇਆ ਹੈ । ਸਮਾਂ ਗੁਜ਼ਰਦਾ ਗਿਆ ਅਤੇ ਮੈਂ ਉਥੋਂ ਅਕਾਲ ਕਾਲਿਜ ਮਸਤੂਆਣਾ ਸੰਗਰੂਰ ਆ ਗਿਆ। ਕੁਰੂਕਸ਼ੇਤਰ ਦੇ ਵਿਦਿਆਰਥੀ ਆਪਣੇ ਕੋਰਸ ਪੂਰੇ ਕਰ ਕੇ ਉਪਜੀਵਕਾ ਕਮਾਉਣ ਲਈ ਜ਼ਿੰਦਗੀ ਦੇ ਵਿਸ਼ਾਲ ਰਾਹ ਤੇ ਅੱਗੇ ਵੱਧ ਗਏ। ਪਰ ਅਜੀਤ ਨਾਲ ਮੇਰਾ ਸੰਪਰਕ ਬਣਿਆ ਰਿਹਾ। ਅਜੀਤ ਅਮਰੀਕਾ ਚਲਾ ਗਿਆ ਪਰ ਲਿਖਣ ਪੜ੍ਹਨ ਦੀ ਚੇਟਕ ਓਹਦੇ ਅੰਦਰੋਂ ਅੰਦਰੀ ਸੁਲਗਦੀ ਰਹੀ। ਉਸ ਦੀਆਂ ਕਹਾਣੀਆਂ, ਕਵਿਤਾਵਾਂ ਅਤੇ ਲਘੂ ਨਿਬੰਧਾਂ ਵਿਚ ਓਹਦੇ ਅੰਦਰਲਾ ਲੇਖਕ ਆਪਣੀਆਂ ਸੰਵੇਦਨਾਵਾਂ ਨੂੰ ਪ੍ਰਗਟ ਕਰਦਾ ਰਿਹਾ ।

ਅਜੀਤ ਇੱਕ ਸੁਹਿਰਦ ਇਨਸਾਨ ਹੈ, ਜਿਸ ਕੋਲ ਮਿਹਨਤ ਸਿਦਕ ਅਤੇ ਸਿਰੜ ਹੈ। ਉਸ ਕੋਲ ਹੁਨਰ ਵੀ ਹੈ ਅਤੇ ਹੁਲਾਰਾ ਵੀ। ਉਹ ਜ਼ਿੰਦਗੀ ਦੇ ਪਿੜ ਦਾ ਘੁਲਾਟੀਆ ਹੈ । ਆਪਣੀਆਂ ਲਿਖਤਾਂ ਵਿਚ ਉਸ ਨੇ ਆਪਣੀ ਰੂਹ ਦੀ ਆਵਾਜ਼ ਨੂੰ ਰੂਪਮਾਨ ਕੀਤਾ ਹੈ। ਉਸਦੀ ਲੇਖਣੀ ਉਸਦੇ ਅੰਦਰ ਛੁਪੇ ਜਜ਼ਬਿਆਂ ਦੀ ਤਰਜਮਾਨੀ ਕਰਦੀ ਹੈ ।

ਉਸ ਨੇ ਆਪਣੇ ਭਾਵਾਂ ਨੂੰ ਗੁਰਮੁਖੀ ਅਤੇ ਸ਼ਾਹਮੁਖੀ ਦੋਹਾਂ ਰੂਪਾਂ ਵਿਚ ਉਜਾਗਰ ਕੀਤਾ ਹੈ। ਗੁਰੂ ਨਾਨਕ ਦੇਵ ਜੀ ਪ੍ਰਤੀ ਆਪਣੀ ਸ਼ਰਧਾ ਤੇ ਭਾਵਨਾ ਨੂੰ ਉਸ ਨੇ ਸ਼ਾਹਮੁਖੀ ਵਿਚ ਪ੍ਰਗਟ ਕਰ ਕੇ ਬਾਲੇ ਤੇ ਮਰਦਾਨਿਆ ਦੀ ਦੋਸਤੀ ਨੂੰ ਸਲਾਮ ਕੀਤਾ ਹੈ। ਉਸ ਦੀ ਲਿਖਤ ਲਹਿੰਦੇ ਤੇ ਚੜ੍ਹਦੇ ਪੰਜਾਬ ਦੀ ਮੁਹੱਬਤ ਵਿਚਾਲੇ ਇੱਕ ਪੁਲ ਹੈ । ਉਸ ਦੀ ਲੇਖਣੀ ਪੈਗ਼ਾਮੇ ਤੌਹੀਦ ਹੈ ।

ਡਾਕਟਰ ਚਰਨਜੀਤ ਸਿੰਘ ਉਡਾਰੀ

ਸੰਗਰੂਰ (ਪੰਜਾਬ)

ISBN 939547680-X

9789395476805

ESTD. 1942
LAHORE
AZAD BOOK DEPOT